


ਹਫਤਾਵਾਰੀ

# ਦੇਸ਼ ਦੁਆਬਾ

VOL - 8 ISSUE - 9
June 12, 2019

Postal Address
Desh Doaba
5101 Doe Hollow Pl., Antelope, CA-95843

www.deshdoaba.com
www.ambedkartimes.com

Golden State Truck Sales Inc.

ਟਰੱਕ-ਟਰੇਲਰ
ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ
ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ



Call : Dharminder Singh
Cell : 530-870-6600
Email: myfuturetruck@gmail.com

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ



ਛੇਵੀਂ ਪਾਤਸ਼ਾਹੀ ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਗੁਰਗੱਦੀ ਦਿਵਸ ਨੂੰ ਸਮਰਪਿਤ ਲੇਖ (ਦੇਖੋ ਸਫਾ 18 ਤੇ)

## ਸਾਨਫਰਾਂਸਿਸਕੋ ਵਿਚ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਤੇ ਸਾਕਾ ਨੀਲਾ ਤਾਰਾ ਦੇ ਸ਼ਹੀਦਾਂ ਦੀ ਯਾਦ ਨੂੰ ਸਮਰਪਿਤ ਨਗਰ ਕੀਰਤਨ

**ਸਾਨਫਰਾਂਸਿਸਕੋ, ਕੈਲੇਫੋਰਨੀਆ (ਹੁਸਨ ਲੜੋਆ ਬੰਗਾ)-** ਪਹਾੜਾਂ ਤੋਂ ਉੱਚੀਆਂ ਇਮਾਰਤਾਂ ਤੇ ਇਹਨਾਂ ਇਮਾਰਤਾਂ 'ਚ ਕੰਮ ਕਰਦੇ ਅਜਨਬੀ ਲੋਕ ਤੇ ਥੱਲੇ ਰੋਜ਼ਮਰ੍ਹਾ 'ਚ ਵਿੱਚਰਦੇ ਲੋਕਾਂ 'ਚ ਅਜਨਬੀ ਲੋਕਾਂ ਦਾ ਹੀ ਇਕੱਠ ਅਜਿਹੇ ਵਰਤਾਰੇ ਨੂੰ ਸੰਬੋਧਨ ਕਰ ਰਿਹਾ ਸੀ, ਜਿਵੇਂ ਦਰਬਾਰ ਸਾਹਿਬ ਉਤੇ ਭਰ ਗਰਮੀ ਵਿਚ ਹੋਇਆ ਹਮਲਾ ਭਾਵ ਸਥਾਨਕ ਸਾਨਫਰਾਂਸਿਸਕੋ ਦੇ ਵਾਸ਼ਿੰਦਿਆਂ ਨੇ ਅਜਿਹਾ ਸਿੱਖਾਂ ਦਾ ਇਕੱਠ ਕਦੇ ਨਹੀਂ ਸੀ ਵੇਖਿਆ। ਸਾਨਫਰਾਂਸਿਸਕੋ ਦੇ ਡਾਊਨ ਟਾਊਨ ਵਿਚ ਕੱਢਿਆ ਗਿਆ ਨਗਰ ਕੀਰਤਨ ਜੋ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਤੇ ਸਾਕਾ ਨੀਲਾ ਤਾਰਾ ਦੇ ਸ਼ਹੀਦਾਂ ਨੂੰ ਸਮਰਪਿਤ ਸੀ, ਜਿਸ ਵਿਚ ਵੱਖ-ਵੱਖ ਗੁਰਦੁਆਰਾ ਸਾਹਿਬਾਨਾਂ ਦੀਆਂ ਸੰਗਤਾਂ ਤੇ ਕਮੇਟੀਆਂ ਭਾਰੀ ਗਿਣਤੀ ਵਿਚ ਸ਼ਾਮਲ ਹੋਈਆਂ। ਹਰ ਵਰ੍ਹੇ ਦੀ ਤਰ੍ਹਾਂ ਐਤਕਾਂ ਵੀ 21 ਗੁਰਦੁਆਰਿਆਂ ਦੀਆਂ ਸੰਗਤਾਂ ਨੇ ਸ਼ਮੂਲੀਅਤ ਕੀਤੀ। ਇਹ ਹੁਣ ਤੱਕ ਦਾ ਸਭ ਤੋਂ ਵੱਧ ਗੁਰਦੁਆਰਿਆਂ ਦੀ ਸ਼ਮੂਲੀਅਤ ਵਾਲਾ ਪ੍ਰੋਗਰਾਮ ਬਣ ਗਿਆ। ਇਹ ਨਗਰ ਕੀਰਤਨ ਨੇ ਸੈਕਿੰਡ ਸਟਰੀਟ ਤੋਂ ਸ਼ੁਰੂ ਹੋ ਕੇ ਸਿਵਕ ਸੈਂਟਰ ਤੇ ਸਮਾਪਤੀ ਕੀਤੀ, ਜਿੱਥੇ ਭਾਰੀ ਦੀਵਾਨ ਸਜਾਏ ਗਏ।




1984 ਦੇ ਘੱਲੂਘਾਰੇ ਦੇ ਸ਼ਹੀਦਾਂ ਨੂੰ ਸਮਰਪਿਤ ਇਸ ਨਗਰ ਕੀਰਤਨ ਦੀ ਅਗਵਾਈ ਵੱਡੇ ਨਗਾਰੇ ਤੇ ਪੰਜਾਂ ਪਿਆਰਿਆਂ ਨੇ ਕੀਤੀ। ਸਾਨਫਰਾਂਸਿਸਕੋ ਵਾਸੀਆਂ ਨੇ ਮੁਫਤ ਵਿਚ ਵੰਡਿਆ ਗਿਆ ਪੈਂਫਲਿਟ ਬੜੀ ਗੌਰ ਨਾਲ ਪੜ੍ਹਿਆ, ਜਿਸ ਦਾ ਸਿਰਲੇਖ ਸੀ 'ਅਸੀਂ ਇੱਥੇ ਕਿਉਂ ਹਾਂ'। ਭਾਰੀ ਦੀਵਾਨ ਦੌਰਾਨ ਅਰਦਾਸ ਉਪਰੰਤ ਸਮੇਂ ਦੇ ਲਿਹਾਜ ਨਾਲ ਸ. ਅਵਤਾਰ ਸਿੰਘ ਜੋ ਕੈਨੇਡਾ ਤੋਂ ਆਏ ਹੋਏ ਸਨ, ਨੇ ਆਪਣੇ ਪ੍ਰਭਾਵਸ਼ਾਲੀ ਵਿਚਾਰਾਂ ਰਾਹੀਂ ਯਹੂਦੀ ਕੌਮ ਦੀ ਸਿੱਖ ਕੌਮ ਨਾਲ ਤੁਲਨਾਤਮਕ ਅਧਿਐਨ ਕੀਤਾ। ਉਹਨਾਂ ਵਿਦਵਾਨਾਂ, ਲੇਖਕਾਂ ਜਿਹਨਾਂ ਨੇ ਯਹੂਦੀਆਂ ਦੇ ਸੰਘਰਸ਼ ਤੇ ਮਤਭੇਦਾਂ ਦੀ ਤ੍ਰਾਸਦੀ ਬਿਆਨ ਕੀਤੀ, ਉਹਨਾਂ ਵਿਚ ਪ੍ਰੋ. ਅਰਜਨ ਰੱਪਾ ਦੁਰਾਈ ਦਾ ਵਿਸ਼ੇਸ਼ ਜ਼ਿਕਰ ਕੀਤਾ।



ਸਵਰਗੀ ਸ੍ਰੀ ਪਿਆਰਾ ਰਾਮ ਲਾਖਾ ਜੀ, ਜੋ ਬੀਤੀ 26 ਮਈ 2019 ਨੂੰ ਇਸ ਫਾਨੀ ਸੰਸਾਰ ਨੂੰ ਤਿਆਗ ਕੇ ਵਾਹਿਗੁਰੂ ਦੇ ਚਰਨਾਂ ਵਿਚ ਜਾ ਬਿਰਾਜੇ, ਨੂੰ ਅਦਾਰਾ 'ਦੇਸ਼ ਦੁਆਬਾ' ਵੱਲੋਂ ਭਾਵ-ਭਿੰਨੀ ਸ਼ਰਧਾਂਜਲੀ (ਹੋਰ ਜਾਣਕਾਰੀ ਲਈ ਦੇਖੋ ਸਫਾ 11 ਅਤੇ 12)

## ਕੁਝ ਦਿਨ ਪਹਿਲਾਂ ਹੀ ਹੋ ਚੁੱਕੀ ਸੀ ਫ਼ਤਿਹਵੀਰ ਦੀ ਮੌਤ

**ਸੰਗਰੂਰ (ਬਿਊਰੋ)-** ਜ਼ਿਲ੍ਹੇ ਦੇ ਸੁਨਾਮ ਦੇ ਨਜ਼ਦੀਕੀ ਪਿੰਡ ਭਗਵਾਨਪੁਰਾ 'ਚ 140 ਫੁੱਟ ਡੂੰਘੇ ਦਸ ਸਾਲ ਪੁਰਾਣੇ ਬੋਰਵੈੱਲ 'ਚ ਡਿੱਗੇ ਦੋ ਸਾਲਾ ਬੱਚੇ ਫ਼ਤਿਹਵੀਰ ਸਿੰਘ ਬਚਾਇਆ ਨਹੀਂ ਜਾ ਸਕਿਆ। ਉਸ ਨੂੰ ਮੰਗਲਵਾਰ ਤੜਕੇ ਕਰੀਬ 5.10 ਮਿੰਟ 'ਤੇ ਬੋਰਵੈੱਲ 'ਚੋਂ ਕੱਢਿਆ ਲਿਆ ਗਿਆ ਪਰ ਉਦੋਂ ਤਕ ਉਸ ਦੀ ਮੌਤ ਹੋ ਚੁੱਕੀ ਸੀ। ਬੱਚੇ ਨੂੰ ਬੋਰਵੈੱਲ 'ਚੋਂ ਕੱਢਣ ਤੋਂ ਤੁਰੰਤ ਬਾਅਦ ਐਂਬੂਲੈਂਸ 'ਚ ਡੀਐੱਮਸੀ ਹਸਪਤਾਲ ਲੈ ਜਾਇਆ ਗਿਆ। ਉਥੇ ਉਸ ਨੂੰ ਚੰਡੀਗੜ੍ਹ ਪੀਜੀਆਈ ਰੈਫਰ ਕਰ ਦਿੱਤਾ ਗਿਆ। ਪੀਜੀਆਈ 'ਚ ਬੱਚੇ ਨੂੰ ਮ੍ਰਿਤਕ ਐਲਾਨ ਕਰ ਦਿੱਤਾ ਗਿਆ। ਪੀਜੀਆਈ ਦੇ 5 ਡਾਕਟਰਾਂ ਦੀ ਟੀਮ ਨੇ ਫ਼ਤਹਿਵੀਰ ਦਾ ਪੋਸਟਮਾਰਟਮ ਕੀਤਾ ਗਿਆ। ਉਨ੍ਹਾਂ ਦੇ ਨਾਲ ਐੱਸਡੀਐੱਮ ਤੇ ਦਾਦਾ ਮੌਜੂਦ ਸਨ। ਪੋਸਟਮਾਰਟਮ ਤੋਂ ਬਾਅਦ ਵੀਰ ਦੀ ਲਾਸ਼ ਨੂੰ ਪਿੰਡ ਲਿਜਾਇਆ ਗਿਆ ਜਿੱਥੇ ਡੇਢ ਕੁ ਵਜੇ ਦੇ ਕਰੀਬ ਉਸ ਦਾ ਅੰਤਿਮ ਸੰਸਕਾਰ ਕਰ ਦਿੱਤਾ ਗਿਆ। ਉਡੀਕੀ ਜਾ ਰਹੀ ਪੋਸਟਮਾਰਟਮ ਰਿਪੋਰਟ 'ਚ ਖੁਲਾਸਾ ਹੋਇਆ ਹੈ ਕਿ ਫ਼ਤਿਹਵੀਰ ਦੀ ਮੌਤ ਕੁਝ ਦਿਨ ਪਹਿਲਾਂ ਹੀ ਹੋ ਚੁੱਕੀ ਸੀ।




ਪੀਜੀਆਈ 'ਚ ਸ਼੍ਰੋਮਣੀ ਅਕਾਲੀ ਦਲ ਦੇ ਆਗੂ ਪਰਮਿੰਦਰ ਸਿੰਘ ਢੀਂਡਸਾ ਸਮੇਤ ਕਈ ਆਗੂ ਪਹੁੰਚੇ। ਆਮ ਆਦਮੀ ਪਾਰਟੀ ਦੇ ਆਗੂ ਹਰਪਾਲ ਚੀਮਾ ਵੀ ਉੱਥੇ ਪਹੁੰਚੇ। ਉਨ੍ਹਾਂ ਦਾ ਲੋਕਾਂ ਨੇ ਕਾਫ਼ੀ ਵਿਰੋਧ ਕੀਤਾ ਅਤੇ ਉੱਥੋਂ ਜਾਣ ਲਈ ਕਿਹਾ।

ਲੋਕਾਂ ਨੇ ਚੀਮਾ ਖ਼ਿਲਾਫ਼ ਨਾਅਰੇਬਾਜ਼ੀ ਕੀਤੀ ਅਤੇ ਚੀਮਾ ਤੋਂ ਪੁੱਛਿਆ ਕਿ ਪਿਛਲੇ ਪੰਜ ਦਿਨਾਂ ਤੋਂ ਤਾਂ ਉਹ ਨਜ਼ਰ ਨਹੀਂ ਆਏ ਤੇ ਹੁਣ ਰਾਜਨੀਤੀ ਚਮਕਾਉਣ ਆ ਗਏ। ਲੋਕਾਂ ਨੇ ਚੀਮਾ ਵਾਪਸ ਜਾਓ ਦੇ ਨਾਅਰੇ ਲਗਾਏ।



MANDEEP SANDHU

SANDHU IMMIGRATION CONSULTANT

ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਵੀਜਾ, ਗਰੀਨ ਕਾਰਡ ਆਦਿ ਲਈ ਮਿਲੋ

Passports, Visas, Green Cards, Sponsorship, Immigration Forms , Citizenship, Spouse/Family Petitions, Study Visas

All Kinds of Immigration Forms/Petitions/Visa

ਵੀਜ਼ਾ

WE OPEN 7-DAYS A WEEK

Note: I am not an Immigration Attorney.

msandhu2014@gmail.com

(209-373-3562)

3222 PENELOPE DR. STOCKTON, CA- 95212
(NEAR HWY 99 ON MORADA LANE)

BAGGA JEWELERS

SINCE 1996

916-912-8842, 916-329-8772

jewelers.Bagga@gmail.com

ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।



6930 65TH STREET # 115 SACRAMENTO CA 95823

Sandeep Jony Bagga



RAMESH SUMAN
Broker Realtor
RCS-D ™

MAJESTIC HOMES

Office (925) 779-1234
Direct (925) 366-3618
Fax (905) 219-3918
DRE Licence- 00871752

www.majestichomes.us ramesh@rameshsuman.com
P.O. Box 3434, Antioch, CA 94531-3434

SAROAY INVESTMENT REALTY

Ram Saroay
Broker/Realtor
Business License 031035
ramsaroay@hotmail.com



39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

Amrik Chand (CPA)

Phone : 510-490-8200
Fax : 510-490-8202
Email : achand@pacbell.net

Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.



* Please call us for Professional & reliable services at reasonable rates.

959 Corporate Way, Fremont, CA. 94539



Raja
SWEETS & CATERING
AUTHORIZED CATERER FOR
MAJOR 5-STAR HOTELS
ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor
CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que
ADDITIONAL SERVICE
Warmers | Chaffing Dishes
China & Silverware
Linen Rental | Waiters
Bartenders
CONTACT US:
RAJA SWEETS & CATERING
WORK (510) 489-9100
CELL (510) 715-1619
Email: msbains@rajasweets.com
www.rajasweets.com
Find us on: facebook.
Follow us on Twitter
rajasweetsandcatering
rajasweets




INDIA MARKET
INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
ਤੁਹਾਡਾ ਆਪਣਾ
ਮਨਭਾਉਂਦਾ ਸਟੋਰ
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ
ਲਈ ਸੇਵਾ ਦਾ ਮੌਕਾ ਦਿਓ
WE HAVE LARGEST COLLECTION FOR INDIAN FIJIAN & PAKISTANI GROCERY
MUSIC, FABRIC ARTIFICIAL JEWELRY, SWEETS, FRESH VEGETABLES & MORE..
ਕਸ਼ਮੀਰ ਸਿੰਘ ਹੀਰਾ
ਬਰਿੰਦਰ ਬੰਗੜ
Super Eyebrow
Threading Now Open
Eyebrow Threading
& Henna Tattoo
7 times,
Get 8th one free!
Inside India Market
SACRAMENTO
5203 EKLHORN BLVD
SACRAMENTO CA 95842
916- 338-5511
WALK INS WELCOME
ROSEVILLE
1265 PLEASANT GROVE BLVD.
# 100 ROSEVILLE, CA 95747
916- 786-7666
Cell :
916-798-8142
Email:
IndiaMarketRoseville@gmail.com




Kash
FABRICS
ਪੰਜਾਬੀ ਫੈਸ਼ਨ ਦਾ
ਨੰਬਰ ਵਨ ਸਟੋਰ
ਸਾੜੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ
ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ
ਸੀਡੀਆਂ-ਵੀਡੀਓ ਤੇ ਡੀਥ ਵੀਥ ਡੀਥ ਦੀ ਬਹੁਤ ਵੱਡੀ ਕੁਲੈਕਸ਼ਨ ਹੈ।
ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਥ ਪੀਥ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।
KASH FABRICS
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138




INDIA BAZAAR
Jai Ram Gaught
Harjit Gaught (Happy)
INDIAN, PAKISTANI & FIJJIAN GROCERIES
WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
WE ACCEPT FOOD STAMPS
CALL TO HAPPY
Cell: (209)-487-2127
Ph: (209) 478-0285
Fax: (209) 477-3206
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।
EVERY SATURDAY & SUNDAY SPECIAL DISCOUNT ON GROCERIES
1304-E HAMMER LANE, SUITE 12, STOCKTON CA, 95210
EMAIL: indiabazaar08@yahoo.com

ਸੋਹੰ

ਹਰਿ

# SHRI GURU RAVIDASS SABHA (CA)

2150 Crestview Drive, Pittsburg CA 94565
Tel : (925) 439-2355



ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਵਿਖੇ ਜੂਨ ਮਹੀਨੇ ਦੇ ਪ੍ਰੋਗਰਾਮ

Sewa is available for the dates with Please contact General Secretary 209.834.4641 for more information.




ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਦਾ 34ਵਾਂ ਸਥਾਪਨਾ ਦਿਵਸ 30 ਜੂਨ 2019 ਨੂੰ ਪੂਰੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਵਿਸਥਾਰ ਸਹਿਤ ਜਾਣਕਾਰੀ ਹੇਠਾਂ ਦੇਖੋ ਜੀ।

***June 16, 2019- College Graduation of Natasha Chbbara Celebreations***

***Bhai Kuldip Chhabra and Bibi Benu Chhabra***

*Sri Sukhmani Sahib Path and Langar Sewa will be hosted by Bhai Kuldip Chhabra and Bibi Benu Chhbara to celebrate graduation of their daughter Natasha Chhabra, she finished her degree "Bachelor of Science in Agriculture Technology Management. May Waheguru bless Natasha with higher education and great future..*

***June 23, 2019***

***Wedding Anniversary of Dalvir Kaur and Varinderjit Singh***

*Bhai Paras Ram, Bibi Jaswinder Kaur and family are celebrating wedding anniversary of their daughter Dalvir Kaur. Sri Sukhmani Sahib Path and Langar Sewa will be hosted by the family. May God Bless this couple with happy married life.*

***June 28-29-30, 2019***

***Pittsburg Gurughar's 34th Anniversary***

*Sri Guru Ravidass Temple Pittsburg's 34th anniversary will be celebrated on June 30, 2019. Akhand Path will start on Friday 6/28/19 at 10am and will be concluded with Bhog ceremony on Sunday 6/30/29. Path and Langar sewa will be hosted by Gurughar with the help and cooperation of entire Sangat. Entire Sangat is requested to attend the function.*

*Please contact Gurughar Commottee for STALLS or any sewa on this occasion.*

***"NANAK NAM CHARDI KALA TERE BHANE SARBAT DA BHALA***

| Sangat Sewadars | Chairman | President | General Secretary | Treasurer |
|---|---|---|---|---|
| | Ramesh Suman | Kashmiri Bhatia | Dilbag Singh | Narinder Chahal |
| | 925-366-3618 | 408-460-0262 | 209-834-4641 | 209- 627-7974 |

https://www.redcrossblood.org/faq.html#eligibility

WWW.SriGuruRavidassTemple.com

# ਨਸ਼ਾ ਮੁਕਤੀ ਦਾ ਸੰਦੇਸ਼ ਦੇਵੇਗਾ ਯੂਨਾਈਟਡ ਸਪੋਰਟਸ ਕਲੱਬ ਦਾ 15ਵਾਂ ਵਿਸ਼ਵ ਕਬੱਡੀ ਕੱਪ

**ਵਾਟਸਨਵਿੱਲ (ਬਿਓਰੋ) –** ਮਿਤੀ 15 ਸਤੰਬਰ ਦਿਨ ਐਤਵਾਰ ਨੂੰ ਯੂਨੀਅਨ ਸਿਟੀ ਦੇ ਲੋਗਨ ਹਾਈ ਸਕੂਲ 'ਚ ਹੋਣ ਵਾਲੇ ਯੁਨਾਈਟਡ ਸਪੋਰਟਸ ਕਲੱਬ ਦੇ 15ਵੇਂ ਵਿਸ਼ਵ ਕਬੱਡੀ ਕੱਪ ਸਬੰਧੀ ਇਕ ਅਹਿਮ ਮੀਟਿੰਗ ਕਲੱਬ ਦੇ ਮੁੱਖ ਸਰਪ੍ਰਸਤ 'ਤੇ ਸੰਚਾਲਕ ਸ੍ਰ. ਅਮੋਲਕ ਸਿੰਘ ਗਾਖਲ ਦੀ ਪ੍ਰਧਾਨਗੀ ਹੇਠ ਹੋਈ। ਜਿਸ ਵਿਚ ਵਿਚਾਰਿਆ ਗਿਆ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਦਿਵਸ ਨੂੰ ਸਮਰਪਿਤ ਇਹ ਕਬੱਡੀ ਕੱਪ ਨਾ ਸਿਰਫ ਖੇਡ ਭਾਵਨਾਂ ਨਾਲ ਕਰਵਾਇਆ ਜਾਵੇਗਾ ਸਗੋਂ ਸ਼ਰਧਾ ਭਾਵਨਾ ਵੀ ਪੂਰੀ ਤਰ੍ਹਾਂ ਕਾਇਮ ਰੱਖੀ ਜਾਵੇਗੀ। ਇਸੇ ਸੋਚ ਨਾਲ ਪੰਜ ਪ੍ਰਮੁੱਖ ਸਖਸ਼ੀਅਤਾਂ ਨੂੰ ਸਨਮਾਨਿਤ ਕਰਨ ਦਾ ਫੈਸਲਾ ਲਿਆ ਗਿਆ ਹੈ।

ਮੀਟਿੰਗ ਵਿਚ ਸਮੁੱਚੇ ਤੌਰ 'ਤੇ ਇਹ ਆਸ ਪ੍ਰਗਟਾਈ ਗਈ ਕਿ ਕੈਲੀਫੋਰਨੀਆਂ ਦੀਆਂ ਸੰਗਤਾਂ ਜਿਵੇਂ ਪਿਛਲੇ ਖੇਡ ਮੇਲਿਆਂ ਦੌਰਾਨ ਕਲੱਬ ਨੂੰ ਸਹਿਯੋਗ ਦਿੰਦੀਆਂ ਰਹੀਆਂ ਹਨ ਉਵੇਂ ਹੀ ਇਸ ਵਾਰ ਵੀ ਇਸ ਇਤਿਹਾਸਕ ਕਬੱਡੀ ਕੱਪ ਨੂੰ ਵੀ ਪਹਿਲਾਂ ਤੋਂ ਵੀ ਦੂਣਸਵਾਇਆ ਸਹਿਯੋਗ ਦੇਣਗੀਆਂ। ਚੇਅਰਮੈਨ ਮੱਖਣ ਸਿੰਘ ਬੈਂਸ, ਉਪ-ਚੇਅਰਮੈਨ ਇਕਬਾਲ ਸਿੰਘ ਗਾਖਲ ਅਤੇ ਪ੍ਰਧਾਨ ਜੁਗਰਾਜ ਸਿੰਘ ਸਹੋਤਾ ਨੇ ਇਕ ਸਾਂਝੇ ਬਿਆਨ 'ਚ ਕਿਹਾ ਕਿ ਯੁਨਾਈਟਡ ਸਪੋਰਟਸ ਕਲੱਬ ਦਾ ਹਮੇਸ਼ਾ ਯਤਨ ਰਿਹਾ ਹੈ ਕਿ ਪੰਜਾਬੀਆਂ ਦੀ ਮਾਂ ਖੇਡ ਕਬੱਡੀ ਨੂੰ ਵਿਦੇਸ਼ੀ ਧਰਤੀ 'ਤੇ ਪੂਰਾ ਮਾਣ ਸਤਿਕਾਰ ਦੇਣ ਲਈ ਇਹ





ਕਲੱਬ ਹਮੇਸ਼ਾ ਯਤਨਸ਼ੀਲ ਰਿਹਾ ਹੈ ਅਤੇ ਇਸ ਵਾਰ ਵੀ ਸਾਫ ਸੁਥਰੇ ਅਤੇ ਨਸ਼ਾ ਮੁਕਤ ਕਬੱਡੀ ਨੂੰ ਪ੍ਰਫੁੱਲਤ ਕਰਨ ਲਈ ਸਾਰੇ ਲੋੜੀਂਦੇ 'ਤੇ ਜ਼ਰੂਰੀ ਕਦਮ ਚੁੱਕੇ ਜਾ ਰਹੇ ਹਨ। ਉਨ੍ਹਾਂ ਵਾਅਦਾ ਕੀਤਾ ਕਿ ਦਰਸ਼ਕਾਂ ਨੂੰ ਪਹਿਲਾਂ ਵਾਂਗ ਇਸ ਵਾਰ ਵੀ ਸਿਹਤਮੰਦ ਕਬੱਡੀ ਵੇਖਣ ਦਾ ਭਰਪੂਰ ਅਨੰਦ ਮਿਲੇਗਾ। ਸ੍ਰ. ਅਮੋਲਕ ਸਿੰਘ ਗਾਖਲ ਨੇ ਇਕ ਵੱਖਰੇ ਬਿਆਨ 'ਚ ਕਿਹਾ ਕਿ ਮਾਂ ਬਾਪ ਸਾਲਾਂਬੱਧੀ ਮਿਹਨਤ ਨਾਲ ਪੁੱਤਾਂ ਨੂੰ ਖਿਡਾਰੀ ਬਣਾਉਂਦੇ ਹਨ ਤੇ ਖੇਡਣ ਦੀ ਜੋਬਨਰੁੱਤ ਪੰਜ-ਸੱਤ ਸਾਲ ਹੀ ਹੁੰਦੀ ਅਤੇ ਕਬੱਡੀ ਤੋਂ ਜਿੰਦ ਜਾਨ ਵਾਰਨ ਵਾਲੇ ਖਿਡਾਰੀਆਂ ਨੂੰ ਉਹ ਪਹਿਲਾਂ ਵਾਂਗ ਗਲ ਨਾਲ ਲਾਉਣਗੇ ਅਤੇ ਖਿਡਾਰੀਆਂ ਦੀ ਮਿਹਨਤ ਦਾ ਮੁੱਲ ਪਾਇਆ ਜਾਵੇਗਾ। ਕੌਮਾਂਤਰੀ ਕਬੱਡੀ ਨਿਯਮਾਂ ਤਹਿਤ ਡਰੱਗ ਫ੍ਰੀ ਕਬੱਡੀ ਕਰਵਾਉਣ ਲਈ ਸਾਰੇ ਪ੍ਰਬੰਧ ਕੀਤੇ ਜਾ ਰਹੇ ਹਨ। ਉਨ੍ਹਾਂ ਆਸ ਪ੍ਰਗਟਾਈ ਕਿ ਸਪਾਂਸਰ, ਸਹਿਯੋਗੀ ਅਤੇ ਦਰਸ਼ਕ ਸੰਗਤ ਇਸ ਖੇਡ ਮੇਲੇ ਦਾ ਮਹੱਤਵਪੂਰਨ ਹਿੱਸਾ ਬਣੇਗੀ ਅਤੇ ਲੰਗਰ, ਸਕਿਉਰਿਟੀ ਅਤੇ ਹੋਰ ਸਾਰੇ ਲੋੜੀਂਦੇ ਪ੍ਰਬੰਧ ਕੀਤੇ ਜਾ ਰਹੇ ਹਨ। ਸਵੇਰੇ 9 ਵਜੇ ਤੋਂ ਦੇਰ ਸ਼ਾਮ ਤੱਕ ਹੋਣ ਵਾਲੇ ਇਕ ਕਬੱਡੀ ਕੱਪ ਵਿਚ ਨਾ ਸਿਰਫ ਕਬੱਡੀ ਖੇਤਰ ਨਾਲ ਜੁੜੀਆਂ ਸਖਸ਼ੀਅਤਾਂ ਪਹੁੰਚਣਗੀਆਂ ਸਗੋਂ ਭਾਰਤ, ਪਾਕਿਸਤਾਨ ਅਤੇ ਕਨੇਡਾ ਤੋਂ ਰਾਜਨੀਤਕ ਤੇ ਸਮਾਜਿਕ ਰੁਤਬਾ ਰੱਖਣ ਵਾਲੇ ਅਹਿਮ ਲੋਕ ਖੇਡ ਮੇਲੇ ਦਾ ਹਿੱਸਾ ਬਣੇ ਰਹਿਣਗੇ। ਕਬੱਡੀ ਕੱਪ ਦੇ ਤਕਨੀਕੀ ਪ੍ਰਬੰਧ ਵੇਖਣ ਵਾਲੇ ਤੀਰਥ ਗਾਖਲ ਨੇ ਕਿਹਾ ਕਿ ਖਿਡਾਰੀਆਂ ਨੂੰ ਨਿਯਮਾਂ ਥਾਣੀਂ ਨਿਕਲ ਕੇ ਹੀ ਇਸ ਕਬੱਡੀ ਕੱਪ ਨੂੰ ਖੇਡਣ ਦਾ ਮੌਕਾ ਮਿਲੇਗਾ।

ਮੀਟਿੰਗ ਵਿਚ ਪਲਵਿੰਦਰ ਸਿੰਘ ਗਾਖਲ, ਨੇਕੀ ਅਟਵਾਲ, ਨਰਿੰਦਰ ਸਿੰਘ ਸਹੋਤਾ, ਇੰਦਰਜੀਤ ਸਿੰਘ ਥਿੰਦ, ਦੇਬੀ ਸੋਹਲ, ਗੁਰਪ੍ਰੀਤ ਗਾਖਲ, ਗਿਆਨੀ ਰਵਿੰਦਰ ਸਿੰਘ, ਗੁਲਵਿੰਦਰ ਗਾਖਲ, ਬਲਜਿੰਦਰ ਗਾਖਲ, ਅਰੁਨਦੀਪ ਸਿੰਘ, ਬਲਜਿੰਦਰ ਸਿੰਘ ਅਤੇ ਜਨਰਲ ਸਕੱਤਰ ਐੱਸ.ਅਸ਼ੋਕ ਭੌਰਾ ਵੀ ਸ਼ਾਮਿਲ ਸਨ।

# ਸਿੱਖ ਰਾਈਡਰਜ ਵੱਲੋਂ ਡੈਲਸ ਵਿੱਖੇ ਕਰਵਾਈ ਪੰਜਵੀ ਸਲਾਨਾਂ ਬਾਈਕ ਰੈਲੀ ਯਾਦਗਾਰੀ ਹੋ ਨਿਬੜੀ

**ਡੈਲਸ (ਟੈਕਸਾਸ) ਨੀਟਾ ਮਾਛੀਕੇ/ ਕੁਲਵੰਤ ਧਾਲੀਵਾਲ–** ਸਿੱਖ ਰਾਈਡਰਜ ਆਫ਼ ਅਮਰੀਕਾ ਨਾਮੀ ਮੋਟਰਸਾਈਕਲ ਕਲੱਬ ਬੇਕਰਸਫੀਲਡ ਵਿੱਚ ਵਿਸਕਾਨਸਿਨ ਗੁਰੂਘਰ ਵਿੱਖੇ ਹੋਏ ਨਸਲੀ ਹਮਲੇ ਪਿੱਛੋਂ ਹੋਂਦ ਵਿੱਚ ਆਇਆ ਸੀ, ਇਸ ਗਰੁਪ ਵੱਲੋਂ ਅਮਰੀਕਾ ਦੇ ਵੱਖੋਂ ਵੱਖ ਸ਼ਹਿਰਾਂ ਵਿੱਚ ਪਹੁੰਚਕੇ ਅਮਰੀਕਨ ਲੋਕਾਂ ਨੂੰ ਸਿੱਖ ਪਹਿਚਾਣ ਸਬੰਧੀ ਜਾਣੂ ਕਰਵਾਇਆ ਜਾਦਾ ਹੈ। ਹਰ ਸਾਲ ਸਿੱਖ ਰਾਈਡਰਜ ਵੱਲੋਂ ਅਮਰੀਕਨ ਲੋਕਾਂ ਦੇ ਵੱਖੋ ਵੱਖ ਸਮਾਗਮਾ ਵਿੱਚ ਪਹੁੰਚਕੇ ਸਿੱਖ ਧਰਮ ਨੂੰ ਪ੍ਰਫੁੱਲਿਤ ਕਰਨ ਲਈ ਸਲਾਘਾਯੋਗ ਉਪਰਾਲੇ ਕੀਤੇ ਜਾ ਰਹੇ ਹਨ, ਇਸੇ ਕੜੀ ਤਹਿਤ ਲੰਘੇ ਹਫਤੇ ਡੈਲਸ ਟੈਕਸਾਸ ਵਿਖੇ ਸਿੱਖ ਰਾਈਡਰਜ ਆਫ਼ ਅਮਰੀਕਾ ਦੇ ਕਾਰਕੁਨਾਂ ਵੱਲੋਂ ਸ਼ਾਨਦਾਰ ਪੰਜਵੀ ਸਲਾਨਾਂ ਮੋਟਰ-ਸਾਇਕਲ ਰੈਲੀ ਦਾ ਅਯੋਜਨ ਕੀਤਾ ਗਿਆ। ਇਹ ਬਾਈਕ ਰੈਲੀ ਸਾਈਕਲ ਗੇਅਰ ਡੀਲਰਸ਼ਿੱਪ ਬਿੱਡਫਰਡ ਤੋਂ ਪੰਜਾਬੀ ਵਿੱਚ ਅਰਦਾਸ ਤੇ ਗੋਰਿਆਂ ਵੱਲੋਂ



ਪਰੇਅਰ ਕਰਕੇ ਸੁਰੂ ਕੀਤੀ ਗਈ 'ਤੇ ਤੀਹ ਮੀਲਾਂ ਦਾ ਸਫਰ ਤਹਿ ਕਰਕੇ ਸਟੋਰਕਸ ਪਲੇਸ ਡੈਲਸ ਵਿੱਖੇ ਸਮਾਪਤ ਹੋਈ। ਇਸ ਰੈਲੀ ਨੂੰ ਫਰੀਵੇਅ ਬੰਦ ਕਰਕੇ ਪੁਲਿਸ ਐਸਕੋਰਟ ਦੁਬਾਰਾ ਬਿੱਡਫਰਡ ਤੋਂ ਡੈਲਸ ਲਿਜਾਇਆ ਗਿਆ। ਇਸ ਰੈਲੀ ਵਿੱਚ 230 ਤੋਂ ਵੱਧ ਮੋਟਰ ਸਾਈਕਲ ਸਵਾਰਾਂ ਨੇ ਹਿੱਸਾ ਲਿਆ, ਸੈਂਕੜਿਆ ਦੇ ਹਿਸਾਬ ਅਮਰੀਕਨ ਲੋਕਾਂ ਨੇ ਇਸ ਸਮਾਗਮ ਵਿੱਚ ਸ਼ਿਰਕਤ ਕੀਤੀ। ਇਸ ਰੈਲੀ ਦੌਰਾਂਨ 5 ਲੋਕਲ ਲਾਅ ਇੰਨਫੋਰਸਮੈਂਟ ਚੈਰਟੀਆਂ ਲਈ $7500 ਡਾਲਰ ਦਾ ਫੰਡ ਵੀ ਦਿੱਤਾ ਗਿਆ । ਇਸ ਮੌਕੇ ਸੰਸਥਾ ਦੇ ਬੁਲਾਰਿਆ ਨੇ ਦੱਸਿਆ ਕਿ ਇਸ ਸਾਲ ਇਸ ਮੌਕੇ ਖਾਸ ਤੌਰ ਤੇ ਲੱਗੇ ਸਿੱਖ ਰਾਈਡਰਜ ਬੂਥ ਤੋਂ ਸਿੱਖ ਧਰਮ ਅਤੇ ਦਸਤਾਰ ਪ੍ਰਤੀ ਜਾਣਕਾਰੀ ਭਰਪੂਰ ਪੈਂਫਲਿੱਟ ਵੀ ਵੰਡੇ ਗਏ।ਇਸ ਮੌਕੇ ਬਹੁਤ ਸਾਰੇ ਗੋਰੇ ਜਿਹੜੇ ਸਿੱਖ ਧਰਮ ਤੋਂ ਅਣਜਾਣ ਸਨ, ਸਿੱਖ ਧਰਮ ਪ੍ਰਤੀ ਜਾਣਕੇ ਬਹੁਤ ਪ੍ਰਭਾਵਿਤ ਹੋਏ ਅਤੇ ਸਿੱਖ ਰਾਈਡਰਜ ਦੇ ਇਸ ਉਪਰਾਲੇ ਦੀ ਉਹਨਾਂ ਭਰਪੂਰ ਸਲਾਘਾ ਕੀਤੀ। ਇਸ ਸਮਾਗਮ ਵਿੱਚ ਵਿਸ਼ੇਸ਼ ਤੌਰ ਤੇ ਸਿਟੀ ਮੇਅਰ ਅਤੇ ਪੁਲਿਸ ਚੀਫ ਨੇ ਸ਼ਿਰਕਤ ਕਰਕੇ ਪ੍ਰੋਗਰਾਮ ਨੂੰ ਹੋਰ ਚਾਰ ਚੰਨ ਲਾਏ। ਹੁਣ ਤੱਕ ਪਿਛਲੇ ਸੱਤ ਸਾਲਾਂ ਦੌਰਾਨ ਸਿੱਖ ਰਾਈਡਰਜ਼ ਆਫ ਅਮੈਰਿਕਾ ਇੱਕ ਲੱਖ ਪੱਚੀ ਹਜ਼ਾਰ ਡਾਲਰ ਲੋਕਲ ਲਾਅ ਇੰਨਫੋਰਸਮਿੰਟ ਅਤੇ ਲੋਕਲ ਚੈਰਟੀਆਂ ਨੂੰ ਦਾਨ ਕਰ ਚੁੱਕੇ ਹਨ।




# ਸਿੱਖ ਵਿਗਿਆਨੀ ਹਰਮੀਤ ਸਿੰਘ ਮਲਿਕ ਦੀ ਨੈਸ਼ਨਲ ਅਕੈਡਮੀ ਆਫ ਸਾਇੰਸ ਲਈ ਚੋਣ

**ਕੈਲੀਫੋਰਨੀਆ (ਹੁਸਨ ਲੜੋਆ ਬੰਗਾ)**— ਫਰੈਡ ਹਚਿਨਸਨ ਕੈਂਸਰ ਰਿਸਰਚ ਸੈਂਟਰ ਵਿਚ ਕੰਮ ਕਰਦੇ ਭਾਰਤੀ ਮੂਲ ਦੇ ਅਮਰੀਕੀ ਵਿਗਿਆਨੀ (ਬਾਇਆਲੋਜਿਸਟ)



ਹਰਮੀਤ ਸਿੰਘ ਮਲਿਕ ਦੀ ਨੈਸ਼ਨਲ ਅਕੈਡਮੀ ਆਫ ਸਾਇੰਸ ਲਈ ਚੋਣ ਕੀਤੀ ਗਈ ਹੈ। ਨੈਸ਼ਨਲ ਅਕੈਡਮੀ ਵੱਲੋਂ ਜਾਰੀ ਪ੍ਰੈਸ ਬਿਆਨ ਅਨੁਸਾਰ ਇਹ ਚੋਣ ਅਸਲ ਖੋਜ਼ ਵਿਚ ਵਿਸ਼ੇਸ਼ ਤੇ ਨਿਰੰਤਰ ਪ੍ਰਾਪਤੀਆਂ ਦੇ ਆਧਾਰ 'ਤੇ ਕੀਤੀ ਜਾਂਦੀ ਹੈ। ਮਲਿਕ ਜੋ ਬੇਸਿਕ ਸਾਇੰਸਜ ਡਵੀਜਨ ਦੇ ਮੈਂਬਰ ਹਨ ਤੇ ਹਾਵਰਡ ਹਗਜ਼ ਮੈਡੀਕਲ ਇੰਸਟੀਚਿਊਟ ਇਨਵੈਸਟੀਗੇਟਰ ਹਨ, ਨੇ ਜੈਨੇਟਿਕ ਵਿਰੋਧ ਤੇ ਜੀਨਜ ਦੌੜ ਬਾਰੇ ਅਧਿਅਨ ਕੀਤਾ ਜਿਸ ਤੋਂ ਪਤਾ ਲੱਗਦਾ ਹੈ ਕਿ ਜੀਨਜ਼ ਕਿਵੇਂ ਵਿਕਾਸ ਕਰਦਾ ਹੈ। ਬੇਸਿਕ ਸਾਇੰਸਜ਼ ਡਵੀਜ਼ਨ ਡਾਇਰੈਕਟਰ ਡਾ ਸੂ ਬਿਗਿਨਸ ਨੇ ਸੈਂਟਰ ਨੂੰ ਭੇਜੀ ਈ ਮੇਲ ਵਿਚ ਕਿਹਾ ਹੈ ਕਿ ਅਸੀਂ ਬਹੁਤ ਖੁਸ਼ਕਿਸਮਤ ਹਾਂ ਕਿ ਸਾਨੂੰ ਡਵੀਜ਼ਨ ਵਿਚ ਹਰਮੀਤ ਸਿੰਘ ਮਲਿਕ ਦੀਆਂ ਸੇਵਾਵਾਂ ਮਿਲੀਆਂ ਹਨ। ਹਰਮੀਤ ਸਿੰਘ ਮਲਿਕ ਇਕ ਮਹਾਨ ਵਿਗਿਆਨੀ ਹੈ।

# 'ਦੇਸੀ ਸਵੈਗ' ਸੈਕਰਾਮੈਂਟੋ ਵੱਲੋਂ ਸੰਗੀਤਕ ਪ੍ਰੋਗਰਾਮ 15 ਜੂਨ ਨੂੰ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)**— ਸੈਕਰਾਮੈਂਟੋ ਇਲਾਕੇ ਦੀ ਨਾਮਵਰ ਸਭਿਆਚਾਰਕ ਸੰਸਥਾ 'ਦੇਸੀ ਸਵੈਗ' ਹਰ ਵਰ੍ਹੇ ਪੰਜਾਬੀ ਸੰਗੀਤਕ ਪ੍ਰੇਮੀਆਂ ਲਈ ਕੁਝ ਨਾ ਕੁਝ ਲੈ ਕੇ ਦਸਤਕ ਦਿੰਦੇ ਰਹਿੰਦੇ ਹਨ, ਵੱਲੋਂ ਐਤਕਾਂ ਵੀ ਕੁਝ ਨਾਮਵਰ ਕਲਾਕਾਰਾਂ ਨੂੰ ਜਿਹਨਾਂ 'ਚ ਜੱਸ ਬਾਜਵਾ, ਤਰਸੇਮ ਜੱਸੜ ਤੇ ਹਰਮਨ ਚਾਹਲ ਨੂੰ ਪੰਜਾਬੀ ਸਰੋਤਿਆਂ ਦੇ ਰੂਬਰੂ ਕਰ ਰਹੇ ਹਨ। ਇਹ ਸਮਾਗਮ ਲੂਥਰ ਬਰਬੈਂਕ ਹਾਈ ਸਕੂਲ ਜੋ ਫਲੋਰਿਨ



ਰੋਡ ਸੈਕਰਾਮੈਂਟੋ ਵਿਖੇ ਸਥਿਤ ਹੈ, ਵਿਚ ਕਰਵਾਇਆ ਜਾ ਰਿਹਾ ਹੈ। ਮੁੱਖ ਪ੍ਰਬੰਧਕਾਂ ਹਰਪਿੰਦਰ ਸਹੋਤਾ, ਮਨਿੰਦਰ ਪਵਾਰ, ਹਰਿੰਦਰ ਸਹੋਤਾ ਤੇ ਜਤਿੰਦਰ ਗਿੱਲ ਨੇ ਦੱਸਿਆ ਕਿ ਇਹ ਪ੍ਰੋਗਰਾਮ ਨਿਰੋਲ ਸਪਿਅਕ ਹੋਵੇਗਾ ਤੇ ਇਸ ਦੌਰਾਨ ਸਕਿਊਰਟੀ ਦਾ ਖਾਸ ਪ੍ਰਬੰਧ ਕੀਤਾ ਗਿਆ ਹੈ। ਇਹ ਪ੍ਰੋਗਰਾਮ ਸ਼ਨੀਵਾਰ ਸ਼ਾਮ 6 ਵਜੇ ਸ਼ੁਰੂ ਹੋ ਕੇ ਕਰੀਬ 10 ਵਜੇ ਤੱਕ ਚੱਲੇਗਾ। ਇਸ ਪ੍ਰੋਗਰਾਮ ਦਾ ਪ੍ਰਬੰਧਕਾਂ ਵੱਲੋਂ ਮੁੱਖ ਸਪੌਂਸਰਾਂ ਦੀ ਹਾਜ਼ਰੀ 'ਚ ਪੋਸਟਰ ਵੀ ਜਾਰੀ ਕੀਤਾ ਗਿਆ।

# ਉੱਘੇ ਬੁਲਾਰੇ ਬਲਦੇਵ ਸਿੰਘ ਮੁੱਟਾ 22-23 ਜੂਨ ਨੂੰ ਫਰਿਜਨੋ ਵਿੱਖੇ ਸੈਮੀਨਰ ਕਰਨਗੇ

**ਫਰਿਜਨੋ (ਕੈਲੇਫੋਰਨੀਆਂ) ਨੀਟਾ ਮਾਛੀਕੇ/ ਕੁਲਵੰਤ ਧਾਲੀਆਂ**– ਸ. ਬਲਦੇਵ ਸਿੰਘ ਮੁੱਟਾ ਜਿਹੜੇ ਪਿਛਲੇ ਲੰਮੇ ਅਰਸੇ ਤੋਂ ਕਨੇਡਾ ਵਿੱਚ ਰਹਿ ਰਹੇ ਹਨ ਅਤੇ ਪਿਛਲੇ 28 ਸਾਲ ਤੋਂ ਪ੍ਰਦੇਸ਼ਾਂ ਵਿੱਚ ਸਾਡੇ ਪਰਿਵਾਰਾਂ ਵਿੱਚ ਆ ਰਹੀਆਂ ਮੁਸ਼ਕਲਾਂ ਨੂੰ ਸਮਝਣ ਵਿੱਚ ਲੱਗੇ ਹੋਏ ਨੇ।ਬਲਦੇਵ ਸਿੰਘ ਮੁੱਟਾ ਜੀ ਸਾਡੇ ਕਮਿਊਨਿਟੀ ਨਾਲ ਸਬੰਧਤ ਮੁੱਦਿਆਂ ਉੱਤੇ ਬੜੀ ਬੇਬਾਕੀ ਨਾਲ ਆਪਣੇ ਵਿਚਾਰ ਰੱਖਦੇ ਰਹਿੰਦੇ ਨੇ 'ਤੇ ਇਹਨਾ ਮੁੱਦਿਆਂ ਤੇ ਫਰਿਜਨੋ ਦੇ ਪੰਜਾਬੀ ਭਾਈਚਾਰੇ ਨੂੰ ਜਾਗੁਰਕ ਕਰਨ ਲਈ ਉਹ ਸਥਾਨਕ ਗੁਰਦਵਾਰਾ ਸਿੰਘ ਸਭਾ ਫਰਿਜਨੋ ਵਿਖੇ 22-23 ਜੂਨ ਨੂੰ ਪਹੁੰਚ ਰਹੇ ਹਨ। ਪਹਿਲੇ ਦਿਨ ਦਾ ਸਮਾਗਮ ਜੂਨ 22 ਦਿਨ ਸ਼ਨੀਵਾਰ ਸ਼ਾਮੀਂ 5-7 ਵਜੇ ਦਰਮਿਆਨ ਅਤੇ ਦੂਸਰੇ ਦਿਨ ਦਾ ਸਮਾਗਮ ਜੂਨ 23 ਦਿਨ ਐਤਵਾਰ ਦਪਿਹਰ 12 ਤੋਂ ਸ਼ਾਮੀਂ 4 ਵਜੇ ਦਰਮਿਆਨ ਹੋਵੇਗਾ। ਇਹਨਾਂ ਸਮਾਗਮਾਂ ਦੌਰਾਨ ਪਹਿਲੇ ਵਿਸ਼ੇ ਵਿੱਚ ਪਰਿਵਾਰਾਂ ਨੂੰ ਅੱਜ ਦੀ ਤੇਜ਼ ਜ਼ਿੰਦਗੀ ਵਿੱਚ ਕਿਵੇਂ ਨਰੋਆ ਬਣਾਇਆਂ ਜਾਵੇ, ਅਤੇ ਦੂਸਰੇ ਵਿਸ਼ੇ ਦੌਰਾਨ ਬੱਚਿਆਂ ਦੀ ਸਾਂਭ ਸੰਭਾਲ਼ ਸਬੰਧੀ ਕਿ ਕਿਵੇਂ ਬੱਚਿਆਂ ਨੂੰ ਬੁਰੀ ਸੰਗਤ ਤੋਂ ਬਚਾਇਆ ਜਾਵੇ ਆਦਿ ਸਬੰਧੀ ਗੱਲ-ਬਾਤ ਹੋਵੇਗੀ। ਪੰਜਾਬੀਆਂ ਨੇ ਭਾਰਤ ਵਿੱਚੋਂ ਵਿਦੇਸ਼ਾਂ ਵਿੱਚ ਆਕੇ ਬਹੁਤ ਤਰੱਕੀਆਂ ਕੀਤੀਆਂ, ਵੱਡੇ ਘਰ ਬਣਾ ਲਏ, ਵੱਡੀਆਂ ਕਾਰਾਂ ਲੈ ਲਈਆ 'ਲੇਕਿਨ ਕਿਤੇ ਨਾਂ ਕਿਤੇ ਹਰਕੋਈ ਕੁਛ ਖੋਇਆ ਖੋਇਆ ਮਹਿਸੂਸ ਕਰ ਰਿਹਾ ਹੈ, ਕਹਿਣ ਤੋਂ ਭਾਵ ਪੈਸਾ-ਕਾਰਾਂ ਗੱਡੀਆਂ



ਹੋਣ ਜੇ ਬਾਵਜੂਦ ਵੀ ਅੰਦਰ ਖ਼ੁਸ਼ੀ ਨਹੀਂ ਉੱਪਜ ਰਹੀ। ਇਹ ਸਾਰੇ ਮਸਲਿਆਂ ਤੇ ਗੱਲ-ਬਾਤ ਕਰਨ ਲਈ ਜੂਨ 22 ਤੇ 23 ਨੂੰ ਸ. ਬਲਦੇਵ ਸਿੰਘ ਮੁੱਟਾ ਤੁਹਾਡੇ ਆਪਣੇ ਸ਼ਹਿਰ ਫਰਿਜਨੋ ਵਿਖੇ ਪਹੁੰਚ ਰਹੇ ਹਨ, ਤੁਹਾਨੂੰ ਸਭਨਾਂ ਨੂੰ ਇਹਨਾਂ ਸਮਾਗਮਾਂ ਵਿੱਚ ਪਹੁੰਚਣ ਲਈ ਖੁੱਲ੍ਹਾ ਸੱਦਾ ਹੈ। ਗੁਰੂ ਘਰ ਦਾ ਪਤਾ ਗੁਰਦਵਾਰਾ ਸਿੰਘ ਸਭਾ ਫਰਿਜ਼ਨੋ 2827 N. Parkway Dr Fresno CA 93722 / ਵਧੇਰੇ ਜਾਣਕਾਰੀ ਲਈ ਕਾਲ 559-333-5776 ਜਾਂ (216) 255-9555

# ਸ਼ਹੀਦੀ ਗੁਰਪੁਰਬ ਮੌਕੇ ਛੇਵੀਂ ਪਾਤਸ਼ਾਹੀ ਗੁਰਦੁਆਰਾ ਸਾਹਿਬ ਵਿਖੇ ਨਤਮਸਕਤ ਹੋਏ ਬੀਬੀ ਬਲਵੀਰ ਰਾਣੀ ਸੋਢੀ



**ਫਗਵਾੜਾ (ਰੱਤੂ)**– ਸ਼ਾਂਤੀ ਦੇ ਪੁੰਜ ਸ੍ਰੀ ਗੁਰੂ ਅਰਜੁਨ ਦੇਵ ਜੀ ਮਹਾਰਾਜ ਦੇ ਸ਼ਹੀਦੀ ਦਿਹਾੜੇ ਮੌਕੇ ਜਿਲ੍ਹਾ ਕਪੂਰਥਲਾ ਕਾਂਗਰਸ ਕਮੇਟੀ ਦੀ ਪ੍ਰਧਾਨ ਬਲਵੀਰ ਰਾਣੀ ਸੋਢੀ ਨੇ ਸ਼ਹਿਰ ਦੇ ਬਾਂਸਾਂਵਾਲਾ ਚੌੜਾ ਖੂਹ ਸਥਿਤ ਗੁਰਦੁਆਰਾ ਛੇਵੀਂ ਪਾਤਸ਼ਾਹੀ ਵਿਖੇ ਨਤਮਸਤਕ ਹੋ ਕੇ ਗੁਰੂ ਸਾਹਿਬਾਨ ਦਾ ਆਸ਼ੀਰਵਾਦ ਪ੍ਰਾਪਤ ਕੀਤਾ। ਉਹਨਾਂ ਕਿਹਾ ਕਿ ਗੁਰੂ ਅਰਜਨ ਦੇਵ ਜੀ ਦੀ ਮਹਾਨ ਸ਼ਹਾਦਤ ਨੂੰ ਇਹ ਦੇਸ਼ ਕਦੇ ਨਹੀਂ ਭੁੱਲ ਸਕਦਾ। ਅੱਜ ਦੀ ਪੀੜ੍ਹੀ ਨੂੰ ਗੁਰੂ ਸਾਹਿਬ ਦੇ ਜੀਵਨ ਫਲਸਫੇ, ਸ਼ਹਾਦਤ ਅਤੇ ਉਹਨਾਂ ਦੇ ਉਪਦੇਸ਼ਾਂ ਤੋਂ ਸੇਧ ਲੈਣੀ ਚਾਹੀਦੀ ਹੈ। ਇਸ ਮੌਕੇ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਬੀਬੀ ਰਾਣੀ ਸੋਢੀ ਨੂੰ ਸਿਰੋਪਾਓ ਪਾ ਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਅਸ਼ਵਨੀ ਸ਼ਰਮਾ, ਤਜਿੰਦਰ ਬਾਵਾ, ਗੁਰਦਿਆਲ ਸੋਢੀ, ਕਸ਼ਮੀਰ ਕੌਰ ਤੇ ਹਰਸ਼ ਆਦਿ ਹਾਜਰ ਸਨ।

# ਸਿਆਟਲ ਵਿਚ ਕਰਨਲ ਹਰਦਿਆ ਸਿੰਘ ਵਿਰਕ ਤੇ ਬੇਅੰਤ ਕੌਰ ਦੀ 50ਵੀਂ ਵਿਆਹ ਦੀ ਵਰ੍ਹੇਗੰਢ ਉਤਸ਼ਾਹ ਨਾਲ ਮਨਾਈ



**ਸਿਆਟਲ (ਗੁਰਚਰਨ ਸਿੰਘ ਢਿੱਲੋਂ)**– ਸਿੱਖਾਂ ਦੀ ਸਿਰਮੌਰ ਹਸਤੀ ਤੇਜਾ ਸਿੰਘ ਸਮੁੰਦਰੀ ਦੀ ਪੋਤੀ ਸ੍ਰੀਮਤੀ ਬੇਅੰਤ ਕੌਰ ਤੇ ਕਰਨਨ ਹਰਦਿਆਲ ਸਿੰਘ ਵਿਰਕ ਦੀ ਗੋਲਡਨ ਮੈਰਿਜ ਐਨੀਵਰਸਰੀ ਪੰਜਾਬੀ ਭਾਈਚਾਰੇ ਦੇ ਭਰਵੇਂ ਇਕੱਠ ਵਿਚ ਮਨਾਈ। ਇਸ ਮੌਕੇ ਤੇਜਾ ਸਿੰਘ ਸਮੁੰਦਰੀ ਦੇ ਪੋਤਿਆਂ ਜਸਜੀਤ ਸਿੰਘ ਸਮੁੰਦਰੀ ਤੇ ਜਸਬੀਰ ਸਿੰਘ ਸੰਧੂ ਸਮੁੰਦਰੀ ਦਾ ਡਾ. ਬੌਬੀ ਵਿਰਕ, ਡਾ. ਨਵਦੀਪ ਸਿੰਘ ਵਿਰਕ, ਦਲਜੀਤ ਸਿੰਘ ਵਿਰਕ ਤੇ ਕੈਲੇਫੋਰਨੀਆ ਤੋਂ ਜਿਉ ਜੌਹਲ ਨੇ ਫੁੱਲਾਂ ਦੇ ਗੁਲਦਸਤੇ ਦੇ ਕੇ ਸਵਾਗਤ ਕੀਤਾ। ਪੰਜਾਬੀ ਭਾਈਚਾਰੇ ਦੀਆਂ ਮਾਣਮੱਤੀਆਂ ਸ਼ਖਸੀਅਤਾਂ ਨੇ ਉਚੇਚੇ ਤੌਰ 'ਤੇ ਪਹੁੰਚ ਕੇ ਸਮਾਰੋਹ ਦੀ ਸ਼ੋਭਾ ਵਧਾਈ ਤੇ ਕਰਨਲ ਹਰਦਿਆਲ ਸਿੰਘ ਵਿਰਕ ਨੂੰ ਵਧਾਈਆਂ ਤੇ ਸ਼ੁਭ ਕਾਮਨਾਵਾਂ ਦਿੱਤੀਆਂ। ਇਸ ਸਮਾਗਮ ਵਿਚ ਡਾ. ਬੌਬੀ ਵਿਰਕ ਤੇ ਡਾ. ਨਵਦੀਪ ਸਿੰਘ, ਮਨੀ ਵਿਰਕ ਦੇ ਸਪੁੱਤਰਾਂ ਈਸਾਨ, ਨੀਲ, ਕਰਨ ਤੇ ਅਰਸ਼ ਵਿਰਕ ਨੇ ਆਪਣੇ ਦਾਦਾ ਤੇ ਦਾਦੀ ਨੂੰ 50ਵੀਂ ਵਰ੍ਹੇਗੰਢ ਦੀਆਂ ਵਧਾਈਆਂ ਦਿੱਤੀਆਂ ਤੇ ਅੰਦਰੂਨੀ ਅਰਮਾਨ ਸਾਂਝੇ ਕੀਤੇ। ਇਸ ਮੌਕੇ ਸਰਬੱਤ ਦਾ ਭਲਾ ਟਰੱਸਟ ਸਿਆਟਲ ਦੇ ਪ੍ਰਧਾਨ ਪਿੰਟੂ ਬਾਠ, ਮਨਮੋਹਨ ਸਿੰਘ ਧਾਲੀਵਾਲ, ਹਰਦੀਪ ਸਿੰਘ ਗਿੱਲ, ਰਾਜਬੀਰ ਸਿੰਘ ਸੰਧੂ ਨੇ ਪੰਜਾਬੀ ਭਾਈਚਾਰੇ ਵੱਲੋਂ ਕਰਨਲ ਹਰਦਿਅਲ ਸਿੰਘ ਵਿਰਕ ਤੇ ਸ੍ਰੀਮਤੀ ਵਿਰਕ ਨੂੰ 50 ਵੀਂ ਵਰ੍ਹੇਗੰਢ ਦੀਆਂ ਵਧਾਈਆਂ ਦਿੱਤੀਆਂ ਤੇ ਤੰਦਰੁਸਤੀ ਲਈ ਸ਼ੁਭ ਕਾਮਨਾਵਾਂ ਕੀਤੀਆਂ। ਕੈਲੇਫੋਰਨੀਆ ਤੋਂ ਗੁਰਬਚਨ ਸਿੰਘ ਵਿਰਕ ਤੇ ਬੈਲਗਹਿਮ ਤੋਂ ਸਤਪਾਲ ਸਿੰਘ ਸਿੱਧੂ ਨੇ ਵੀ ਵਧਾਈਆਂ ਦਿੱਤੀਆਂ।

# ਫਰਿਜਨੋ ਨਿਵਾਸੀ ਸ਼ਰਮਾ ਪਰਿਵਾਰ ਨੂੰ ਸਦਮਾ

**ਫਰਿਜਨੋ (ਕੈਲੇਫੋਰਨੀਆਂ) ਨੀਟਾ ਮਾਛੀਕੇ / ਕੁਲਵੰਤ ਧਾਲੀਆਂ**– ਫਰਿਜਨੋ ਨਿਵਾਸੀ ਸ਼ਰਮਾ ਨੂੰ ਪਿਛਲੇ ਦਿਨੀਂ ਉਸ ਵਕਤ ਭਾਰੀ ਸਦਮਾ ਪਹੁੰਚਿਆ ਜਦੋਂ ਉਹਨਾਂ ਦੇ ਸਤਿਕਾਰਯੋਗ ਪਿਤਾ ਉੱਘੇ ਸਮਾਜ ਸੇਵੀ ਸਤਿਗੁਰ ਦਿਆਲ ਸ਼ਰਮਾ ਜੀ 65 ਸਾਲ ਦੀ ਉਮਰ ਭੋਗਕੇ ਅਚਾਨਕ ਅਕਾਲ ਚਲਾਣਾ ਕਰ ਗਏ। ਉਨਾ ਦਾ ਪਿਛਲਾ ਪਿੰਡ ਮੂੰਨੇ ਜ਼ਿਲ੍ਹਾ ਜਲੰਧਰ ਵਿੱਚ ਹੈ, ਉਹ ਪਿਛਲੇ 29 ਸਾਲ ਤੋਂ ਅਮਰੀਕਾ ਵਿੱਚ ਰਹਿ ਰਹੇ ਸਨ। ਉਹ ਆਪਣੇ ਪਿੱਛੇ ਘਰਵਾਲ਼ੀ, ਤਿੰਨ ਬੇਟੇ ਤੇ ਇੱਕ ਬੇਟੀ ਛੱਡ ਗਏ ਹਨ। ਉਹਨਾਂ ਦੀ ਦੇਹ ਦਾ ਅੰਤਿਮ ਸੰਸਕਾਰ ਮਿਤੀ 2 ਜੂਨ ਦਿਨ ਐਤਵਾਰ ਨੂੰ ਟੈਂਕਲਰ ਫਿਊਨਰਲ ਚੈਪਲ ਫਰਿਜਨੋ ਵਿਖੇ ਕੀਤਾ ਗਿਆ। ਉਪਰੰਤ ਭੋਗ ਗੁਰਦਵਾਰਾ ਨਾਨਕਸਰ ਚੈਰੀ ਰੋਡ ਫਰਿਜਨੋ ਵਿਖੇ



ਪਾਇਆ ਗਿਆ । ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਸੰਪਰਕ ਨੰਬਰ ਵਿਕਰਾਂਤ ਸ਼ਰਮਾ (559)-284-1307, ਰੋਹਿਤ ਸ਼ਰਮਾ 559-285-1717.

# ਇੰਟਰਨੈਸ਼ਨਲ ਜਿਮਨਾਸਟਿਕ ਖਿਡਾਰੀ ਗੁਰਮੁੱਖ ਸਿੰਘ ਡੀ ਐਸ ਪੀ ਪ੍ਰਮੋਟ

**ਸ਼ਾਮਚੁਰਾਸੀ (ਚੁੰਬਰ)**– ਪੰਜਾਬ ਪੁਲਿਸ ਦੇ ਇੰਟਰਨੈਸ਼ਨਲ ਜਿਮਨਾਸਟਿਕ ਖਿਡਾਰੀ ਅਤੇ ਚੀਫ ਕੋਚ ਗੁਰਮੁੱਖ ਸਿੰਘ ਨੂੰ ਪੰਜਾਬ ਪੁਲਿਸ ਵਿਚ ਪ੍ਰਮੋਸ਼ਨ ਦੇ ਕੇ ਡੀ ਐਸ ਪੀ ਬਣਾਇਆ ਗਿਆ। ਇਸ ਮੌਕੇ ਡੀ ਆਈ ਜੀ ਸ਼੍ਰੀ ਸੁਰਿੰਦਰ ਕਾਲੀਆ, ਕਮਾਂਡਰ ਹਰਕੰਵਲਪ੍ਰੀਤ ਸਿੰਘ ਖੱਖ, ਸਪੋਰਟਸ ਸੈਕਟਰੀ ਐਸ ਪੀ ਬਹਾਦਰ ਸਿੰਘ, ਐਸ ਪੀ ਗੁਰਮੀਤ ਸਿੰਘ ਕਿੰਗਰਾ ਨੇ ਗੁਰਮੁੱਖ



ਸਿੰਘ ਨੂੰ ਪੀ ਪੀ ਐਸ ਦੇ ਬੈਚ ਲਗਾ ਕੇ ਭਵਿੱਖ ਵਿਚ ਹੋਰ ਵੀ ਤਰੱਕੀ ਦੀਆਂ ਮੰਜ਼ਿਲਾਂ ਸਰ ਕਰਨ ਲਈ ਪ੍ਰੇਰਿਤ ਕੀਤਾ। ਉਨ੍ਹਾਂ ਸਮੂਹ ਅਫ਼ਸਰਾਂ ਅਤੇ ਪੁਲਿਸ ਵਿਭਾਗ ਪ੍ਰਤੀ ਆਪਣੀ ਡਿਊਟੀ ਨੂੰ ਈਮਾਨਦਾਰੀ ਅਤੇ ਤਨਦੇਹੀ ਨਾਲ ਨਿਭਾਉਣ ਦੀ ਬਚਨਬੱਧਤਾ ਲਈ।

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ
ਕਲਿੱਕ ਕਰੋ:
www.deshdoaba.com
www.ambedkartimes.com













ਬਸਪਾ ਸੂਬਾ ਪ੍ਰਧਾਨ ਸਰਦਾਰ ਜਸਵੀਰ ਸਿੰਘ ਗੜੀ ਜੀ ਸ਼੍ਰੀ ਹਰਮੰਦਿਰ ਸਾਹਿਬ ਅੰਮ੍ਰਿਤਸਰ ਵਿਖੇ, ਭਗਵਾਨ ਵਾਲਮੀਕ ਆਸ਼ਰਮ ਤੇ ਡੇਰਾ ਬਾਬਾ ਪੂਰਨ ਨਾਥ ਜੀ ਵਿਖੇ ਨਤਮਸਤਕ ਹੋਏ ਤੇ ਆਸ਼ੀਰਵਾਦ ਪ੍ਰਾਪਤ ਕੀਤਾ ਇਸ ਮੌਕੇ ਅਮ੍ਰਿਤਸਰ ਦੀ ਬਸਪਾ ਦੀ ਸਮੁੱਚੀ ਦੀ ਲੀਡਰਸ਼ਿਪ ਤੇ BVF ਪੰਜਾਬ ਦੀ ਟੀਮ ਵੀ ਮੌਜੂਦ ਸੀ।

ਦੇਸ਼ ਦੁਆਬਾ

# ਫਤਿਹਵੀਰ ਸਿੰਘ ਦੀ ਮੌਤ ਲਈ ਜ਼ਿੰਮੇਵਾਰ ਕੌਣ?

ਕੁਝ ਦਿਨ ਪਹਿਲਾਂ ਜ਼ਿਲ੍ਹਾ ਸੰਗਰੂਰ ਦੇ ਪਿੰਡ ਭਗਵਾਨਪੁਰਾ ਦਾ ਦੋ ਸਾਲਾ ਮਾਸੂਮ ਫ਼ਤਿਹਵੀਰ ਸਿੰਘ ਜ਼ਿੰਦਗੀ ਦੀ ਜੰਗ ਫ਼ਤਿਹ ਨਹੀਂ ਕਰ ਸਕਿਆ। ਭਾਵੇਂ ਪਿਛਲੇ ਕਈ ਦਿਨਾਂ ਤੋਂ ਉਸ ਦੀ ਸਲਾਮਤੀ ਲਈ ਦੇਸ਼-ਵਿਦੇਸ਼ ਵਿਚ ਵੱਸਦੇ ਲੱਖਾਂ ਪੰਜਾਬੀਆਂ ਨੇ ਅਰਦਾਸਾਂ ਕੀਤੀਆਂ ਪਰ ਕੁਦਰਤ ਨੂੰ ਕੁਝ ਹੋਰ ਹੀ ਮਨਜ਼ੂਰ ਸੀ। ਫ਼ਤਿਹਵੀਰ ਨੂੰ ਬੋਰਵੈੱਲ ਵਿਚੋਂ ਕੱਢ ਕੇ ਪੀਜੀਆਈ ਚੰਡੀਗੜ੍ਹ ਲਿਜਾਇਆ ਗਿਆ ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਛੇ ਜੂਨ ਨੂੰ ਸ਼ਾਮ ਚਾਰ ਵਜੇ ਖੇਡਦਾ ਹੋਇਆ ਫ਼ਤਿਹਵੀਰ 140 ਫੁੱਟ ਡੂੰਘੇ ਬੋਰਵੈੱਲ 'ਚ ਜਾ ਡਿੱਗਾ ਸੀ ਅਤੇ 125 ਫੁੱਟ ਦੀ ਡੂੰਘਾਈ 'ਤੇ ਜਾ ਕੇ ਫਸ ਗਿਆ ਸੀ। ਉਸ ਨੂੰ ਬੋਰਵੈੱਲ ਵਿਚੋਂ ਕੱਢਣ ਲਈ ਜ਼ਿਲ੍ਹਾ ਪ੍ਰਸ਼ਾਸਨ, ਐੱਨ ਡੀ ਆਰ ਐੱਫ, ਫ਼ੌਜ ਅਤੇ ਪਿੰਡਾਂ ਵਾਲਿਆਂ ਨੇ ਛੇ ਦਿਨ ਤਕ ਕੋਸ਼ਿਸ਼ ਕੀਤੀ ਪਰ ਕਾਮਯਾਬੀ ਹਾਸਲ ਨਹੀਂ ਹੋਈ। ਆਖ਼ਰ ਦੇਸੀ ਜੁਗਾੜ ਨਾਲ ਹੀ ਉਸ ਨੂੰ ਬਾਹਰ ਕੱਢਿਆ ਗਿਆ। ਫ਼ਤਿਹਵੀਰ ਨੂੰ ਬੋਰਵੈੱਲ 'ਚੋਂ ਜ਼ਿੰਦਾ ਨਾ ਕੱਢ ਸਕਣ 'ਤੇ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ, ਐੱਸਐੱਸਪੀ ਨੇ ਪਰਿਵਾਰ ਵਾਲਿਆਂ ਤੋਂ ਮਾਫ਼ੀ ਮੰਗੀ ਹੈ। ਫ਼ਤਿਹਵੀਰ ਨੂੰ ਬੋਰਵੈੱਲ ਵਿਚੋਂ ਕੱਢਣ ਵਿਚ ਹੋ ਰਹੀ ਦੇਰੀ ਸਮੇਂ ਹੀ ਲੋਕਾਂ ਦਾ ਰੋਹ ਵਧਣ ਲੱਗ ਪਿਆ ਸੀ ਪਰ ਉਸ ਦੀ ਮੌਤ ਤੋਂ ਬਾਅਦ ਤਾਂ ਲੋਕਾਂ ਦੇ ਸਬਰ ਦਾ ਪਿਆਲਾ ਹੀ ਛਲਕ ਗਿਆ। ਰੋਸ ਵਜੋਂ ਲੋਕਾਂ ਨੇ ਸ਼ਹਿਰਾਂ, ਕਸਬਿਆਂ ਵਿਚ ਦੁਕਾਨਾਂ ਬੰਦ ਕਰ ਕੇ ਥਾਂ-ਥਾਂ ਸੜਕਾਂ 'ਤੇ ਧਰਨੇ ਲਾ ਕੇ ਸਰਕਾਰ ਤੇ ਪ੍ਰਸ਼ਾਸਨ ਖ਼ਿਲਾਫ਼ ਨਾਅਰੇਬਾਜ਼ੀ ਵੀ ਕੀਤੀ। ਪੁਲਿਸ ਨੇ ਮਾਹੌਲ ਨੂੰ ਭਾਂਪਦਿਆਂ ਫਲੈਗ ਮਾਰਚ ਵੀ ਕੱਢੇ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਟਵੀਟ ਕਰ ਕੇ ਫ਼ਤਿਹਵੀਰ ਦੀ ਮੌਤ 'ਤੇ ਦੁੱਖ ਦਾ ਪ੍ਰਗਟਾਵਾ ਕਰਦੇ ਹੋਏ ਸੂਬੇ ਵਿਚ ਸਾਰੇ ਖੁੱਲ੍ਹੇ ਬੋਰਵੈੱਲ ਬੰਦ ਕਰ ਕੇ 24 ਘੰਟਿਆਂ ਵਿਚ ਰਿਪੋਰਟ ਦੇਣ ਬਾਰੇ ਕਿਹਾ ਹੈ। ਸੂਬੇ ਦੇ ਸਾਰੇ ਵੱਡੇ ਸਿਆਸੀ ਆਗੂਆਂ ਨੇ ਫ਼ਤਿਹਵੀਰ ਦੀ ਮੌਤ 'ਤੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਦੂਜੇ ਪਾਸੇ ਇਸ ਮਸਲੇ 'ਤੇ ਸਿਆਸਤ ਵੀ ਸ਼ੁਰੂ ਹੋ ਚੁੱਕੀ ਹੈ। ਇਸ 'ਤੇ ਸ਼੍ਰੋਮਣੀ ਅਕਾਲੀ ਦਲ, ਆਮ ਆਦਮੀ ਪਾਰਟੀ ਅਤੇ ਹੋਰ ਸਿਆਸੀ ਪਾਰਟੀਆਂ ਨੇ ਕਾਂਗਰਸ ਸਰਕਾਰ ਨੂੰ ਘੇਰਨਾ ਸ਼ੁਰੂ ਕਰ ਦਿੱਤਾ ਹੈ ਅਤੇ ਫ਼ਤਿਹਵੀਰ ਦੀ ਮੌਤ ਲਈ ਕਾਂਗਰਸ ਸਰਕਾਰ ਨੂੰ ਜ਼ਿੰਮੇਵਾਰ ਠਹਿਰਾਇਆ ਹੈ। ਐੱਨ ਡੀ ਆਰ ਐੱਫ ਬੋਰਵੈੱਲ ਵਿਚ ਡਿੱਗੇ ਬੱਚਿਆਂ ਨੂੰ ਕੱਢਣ ਵਿਚ ਮਾਹਰ ਹੈ ਪਰ ਇਸ ਦੇ ਬਾਵਜੂਦ ਉਹ ਮਾਸੂਮ ਨੂੰ ਮੌਤ ਦੇ ਮੂੰਹ ਵਿਚੋਂ ਕਿਉਂ ਨਹੀ ਬਚਾਅ ਸਕੀ, ਇਹ ਇਕ ਵੱਡਾ ਸਵਾਲ ਹੈ। ਲੋਕਾਂ ਦਾ ਇਸ ਘਟਨਾ 'ਤੇ ਗੁੱਸਾ ਪੂਰੀ ਤਰ੍ਹਾਂ ਜਾਇਜ਼ ਹੈ ਕਿਉਂਕਿ ਅਜਿਹੀਆਂ ਦੁਰਘਟਨਾਵਾਂ ਵੇਲੇ ਪ੍ਰਸ਼ਾਸਨ ਤੇ ਸਰਕਾਰ ਤੋਂ ਜਿਸ ਤਰ੍ਹਾਂ ਦੀ ਗੰਭੀਰਤਾ ਦੀ ਤਵੱਕੋ ਕੀਤੀ ਜਾਂਦੀ ਹੈ, ਉਹ ਦੇਖਣ ਨੂੰ ਨਹੀਂ ਮਿਲੀ। ਸੁਪਰੀਮ ਕੋਰਟ ਨੇ ਅਜਿਹੀਆਂ ਘਟਨਾਵਾਂ ਰੋਕਣ ਲਈ 10 ਸਾਲ ਪਹਿਲਾਂ ਸੂਬਾ ਸਰਕਾਰਾਂ ਨੂੰ ਹਦਾਇਤਾਂ ਦਿੱਤੀਆਂ ਸਨ ਪਰ ਕਿਸੇ ਦੀ ਜ਼ਿੰਮੇਵਾਰੀ ਜਾਂ ਜਵਾਬਦੇਹੀ ਨਾ ਹੋਣ ਕਾਰਨ ਅਜਿਹੀਆਂ ਘਟਨਾਵਾਂ ਲਗਾਤਾਰ ਵਾਪਰ ਰਹੀਆਂ ਹਨ।

ਪੰਜਾਬ ਵਿਚ ਇਹ ਬੋਰਵੈਲ ਜਾਂ ਖੂਹੀਆਂ ਕਿਸਨੇ ਪੁੱਟੀਆਂ ਹਨ ਅਤੇ ਇਹਨਾਂ ਦੀ ਵਰਤੋਂ ਤੋਂ ਬਾਅਦ ਬੰਦ ਕਰਨ ਦੀ ਜ਼ਿੰਮੇਵਾਰੀ ਕਿਸਦੀ ਹੈ? ਇਸ ਬਾਰੇ ਕੋਈ ਸਵਾਲ ਨਹੀਂ ਉਠਾ ਰਿਹਾ। ਸਾਰੇ ਲੋਕੀ ਪ੍ਰਸ਼ਾਸਨ, ਸਰਕਾਰ ਨੂੰ ਦੋਸ਼ੀ ਮੰਨ ਰਹੇ ਹਨ ਪਰ ਇਹ ਸਵਾਲ ਕਰਨਾ ਬਹੁਤ ਜ਼ਰੂਰੀ ਹੈ ਕਿ ਇੰਨੀ ਵੱਡੀ ਲਾਪਰਵਾਹੀ ਲਈ ਜ਼ਿੰਮੇਵਾਰ ਕੌਣ ਹੈ। ਲੋਕਾਂ ਨੇ ਬੋਰ ਬਣਾ ਕੇ ਪਾਣੀ ਲਈ ਵਰਤ ਲਏ ਅਤੇ ਜਦੋਂ ਖਰਾਬ ਹੋ ਗਏ, ਇਹਨਾਂ ਨੂੰ ਇਸੇ ਤਰ੍ਹਾਂ ਛੱਡ ਦਿੱਤਾ। ਕੀ ਇਹਨਾਂ ਨੂੰ ਮਿੱਟੀ ਪਾ ਕੇ ਭਰਨਾ ਜ਼ਰੂਰੀ ਨਹੀਂ ਹੈ? ਇਸ ਪਾਸੇ ਵਿਚਾਰ ਕਰਨ ਦੀ ਲੋੜ ਹੈ।

ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। ਲੇਖਕ ਆਪਣੇ ਲੇਖ ਅਤੇ ਪੱਤਰਕਾਰ ਆਪਣੀਆਂ ਖਬਰਾਂ ਲਈ ਖੁਦ ਜ਼ਿੰਮੇਵਾਰ ਹੋਣਗੇ। -ਸੰਪਾਦਕ

# ਗੁਰਬਾਣੀ ਇਸੁ ਜਗ ਮਹਿ ਚਾਨਣੁ॥

ਲੜੀ ਨੰਬਰ-106

## ਗਿਆਨ ਕੀ ਤੇ ਗਿਆਨੀ ਕੌਣ ਹਨ?



ਅਵਤਾਰ ਸਿੰਘ ਮਿਸ਼ਨਰੀ
510-432-5827

ਗਿਆਨ-ਜਾਨਣਾ, ਬੋਧ, ਸੂਝ, ਇਲਮ, ਪਾਰਬ੍ਰਹਮ, ਸੂਝ ਬੂਝ, ਵਿਦਿਆ, ਸੋਝੀ, ਬਿਬੇਕ, ਵਿਚਾਰ ਆਦਿਜ ਹਨ। ਗੁਰੂ ਗ੍ਰੰਥ ਸਾਹਿਬ ਵਿਖੇ ਗਿਆਨ ਦਾ ਭਾਵ ਉੱਤਮ ਗਿਆਨ, ਅੰਦਰੂਨੀ ਗਿਆਨ ਜੋ ਕੇਵਲ ਗੱਲਾਂ ਨਾਲ ਹੀ ਨਹੀਂ ਸਗੋਂ ਗੁਰੂ ਕ੍ਰਿਪਾ ਨਾਲ ਪ੍ਰਾਪਤ ਹੁੰਦਾ ਹੈ-ਗਿਆਨੁ ਨਾ ਗਲੀਈ ਢੂਢੀਐ ਕਥਨਾ ਕਰੜਾ ਸਾਰੁ॥ ਕਰਮਿ ਮਿਲੈ ਤ ਪਾਈਐ ਹੋਰ ਹਿਕਮਤਿ ਹੁਕਮੁ ਖੁਆਰੁ॥(੪੬੫) ਗੁਰੂ ਬਾਬਾ ਨਾਨਕ ਸਾਹਿਬ ਦਾ ਕਥਨ ਕਿ ਗੁਰੂ ਤੋਂ ਬਿਨਾ ਗਿਆਨ ਨਹੀਂ ਮਿਲਦਾ-ਕੁੰਭੇ ਬਧਾ ਜਲ ਰਹੈ ਜਲ ਬਿਨੁ ਕੁੰਭੁ ਨ ਹੋਇ॥ ਗਿਆਨ ਕਾ ਬਧਾ ਮਨੁ ਰਹੈ ਗੁਰ ਬਿਨੁ ਗਿਆਨੁ ਨ ਹੋਇ॥(੪੬੯) ਗਿਆਨ ਐਸੀ ਖੜਗ ਹੈ ਜਿਸ ਰਾਹੀਂ ਮਨ ਨਾਲ ਜੂਝਿਆ ਜਾਂਦਾ-ਗਿਆਨ ਖੜਗੁ ਲੈ ਮਨੁ ਸਿਉ ਲੂਝੈ॥(੧੦੨੨) ਜਿਸ ਨਾਲ ਜਮ ਕਾਲ ਆਦਿਕ ਦੇ ਪ੍ਰਭਾਵ ਜਾ ਡਰ ਨੂੰ ਮਾਰਿਆ ਜਾ ਸਕਦਾ ਹੈ-ਸਤਿਗੁਰਿ ਗਿਆਨ ਖੜਗੁ ਹਥਿ ਦੀਨਾ ਜਮ ਕੰਕਰ ਮਾਰਿ ਬਿਦਾਰੇ॥(੫੭੪) ਗਿਆਨ ਐਸਾ ਸੂਰਮਾ ਤੇ ਪ੍ਰਕਾਸ਼ ਜੋ ਅਗਿਆਨਤਾ ਦੇ ਅੰਧੇਰੇ ਮੇਟਦਾ ਹੈ-ਗਿਆਨੁ ਅੰਜਨੁ ਗੁਰਿ ਦੀਆ ਅਗਿਆਨ ਅੰਧੇਰ ਬਿਨਾਸ॥(੨੯੩) ਭਗਤ ਕਬੀਰ ਜੀ ਨੇ ਗਿਆਨ ਨੂੰ ਬ੍ਰਹਮ ਗਿਆਨ ਵੀ ਕਿਹਾ ਹੈ-ਕਬੀਰ ਮਨੁ ਸੀਤਲੁ ਭਇਆ ਪਾਇਆ ਬ੍ਰਹਮ ਗਿਆਨੁ॥(੧੩੭੩) ਹੋਰ ਫੁਰਮਾਂਦੇ ਹਨ ਕਿ ਜਿੱਥੇ ਗਿਆਨ ਆ ਜਾਂਦਾ ਤਾਂ ਮਾਇਆ ਤੇ ਭਰਮ ਟਿਕਦੇ ਨਹੀਂ-ਦੇਖੌ ਭਾਈ ਗਯਾਨ ਕੀ ਆਈ ਆਂਧੀ॥ ਸਭੈ ਉਡਾਨੀ ਭ੍ਰਮ ਕੀ ਟਾਟੀ ਰਹੈ ਨ ਮਾਇਆ ਬਾਂਧੀ॥(੩੩੧) ਗੁਰੂ ਨਾਨਕ ਸਾਹਿਬ ਨੇ ਐਸੇ ਗਿਆਨ ਨੂੰ ਜਪਣ ਭਾਵ ਬਾਰ ਬਾਰ ਜਾਨਣ ਦੀ ਤਾਗੀਦ ਕੀਤੀ ਹੈ ਜਿਸ ਨੂੰ ਧਾਰਨ ਕਰਕੇ ਸੱਚੇ ਦੇ ਸੇਵਕ ਬਣਿਆਂ ਜਾ ਸਕਦਾ ਹੈ-ਐਸਾ ਗਿਆਨੁ ਜਪਹੁ ਮਨ ਮੇਰੇ॥ ਹੋਵਹੁ ਚਾਰਕ ਸਾਚੇ ਕੇਰੇ॥(੭੨੮) ਊਟ ਪਟੰਗੀ ਗਿਆਨ ਨੂੰ ਛੱਡ ਸਾਰਥਕ ਗਿਆਨ ਹੀ ਲੈਣਾ ਤੇ ਦੇਣਾ ਚਾਹੀਦਾ ਹੈ। ਗਿਆਨ ਘਿਉ ਸਮਾਨ ਹੈ ਜਿਵੇਂ ਰੁੱਖਾ ਘਿਉ ਬਲਗਮ ਤੇ ਪਿਤ(ਗਰਮੀ)ਦਾ ਕਾਰਨ ਵੀ ਬਣ ਜਾਂਦੈ ਪਰ ਜਦ ਘਿਉ ਨਾਲ ਸ਼ੱਕਰ ਮਿਠਾ ਰਲਾ ਲਿਆ ਜਾਵੇ ਤਾਂ ਹਜਮ ਵੀ ਛੇਤੀ ਹੁੰਦਾ ਤੇ ਕਈ ਰੋਗ ਵੀ ਦੂਰ ਕਰਦਾ ਹੈ। ਇਵੇਂ ਹੀ ਰੁੱਖਾ ਗਿਆਨ ਬਹੁਤਾ ਕੁਤੱਰਕੀ ਹੁੰਦੈ ਜੋ ਵਾਦ-ਵਿਵਾਦ ਖੜੇ ਕਰਦਾ ਪਰ ਹਲੇਮੀ ਤੇ ਸੱਚੀ ਸ਼ਰਦਾ ਦਾ ਗੁੜ ਨਾਲ ਹੋਵੇ ਤਾਂ ਸਾਰਥਕ ਵਿਚਾਰ ਹੁੰਦੀ ਤੇ ਬਖੇੜੇ ਦੂਰ ਹੁੰਦੇ ਹਨ।

ਗਿਆਨੀ-ਜਾਨਣ ਵਾਲਾ, ਗਯਾਤਾ, ਵਿਦਵਾਨ, ਆਲਮ, ਪੰਡਿਤ। ਗਿਆਨੀ ਪੰਜਾਬੀ ਦੇ ਉੱਚ ਦਰਜੇ ਦਾ ਇਮਤਿਹਾਨ। ਉਹ ਜਿਸ ਨੇ ਗਿਆਨੀ ਪ੍ਰੀਖਿਆ ਪਾਸ ਕੀਤੀ ਅਤੇ "ਸ਼ਬਦ ਗੁਰੂ ਗ੍ਰੰਥ" ਦੇ ਅਰਥਾਂ ਦਾ ਗਯਤਾ ਹੋਵੇ। ਗੁਰੂ ਨਾਨਕ ਸਾਹਿਬ ਦੁਨਿਆਵੀ ਵਿਦਿਆ ਦੇ ਨਾਲ ਆਤਮ ਵਿਦਿਆ ਦੇ ਜਾਣਨ ਵਾਲੇ ਤੇ ਸੱਚ ਪ੍ਰਚਾਰਨ ਵਾਲੇ ਗੁਰੂ ਦੀ ਨਿਗਾ ਵਿਚ ਪ੍ਰਵਾਚ (ਦਰਗਾਹੀ) ਗਿਆਨੀ ਆਖਦੇ ਹਨ-ਪ੍ਰਣਵਤਿ ਨਾਨਕ ਗਿਆਨੀ ਕੈਸਾ ਹੋਇ॥ ਆਪੁ ਪਛਾਣੈ ਸੂਝੈ ਸੋਇ॥ ਗੁਰ ਪਰਸਾਦਿ ਕਰੇ ਬੀਚਾਰੁ॥ ਸੋ ਗਿਆਨੀ ਦਰਗਹ ਪਰਵਾਣੁ॥(੨੫) ਗੁਰੂ ਤੇਗ ਬਹਾਦਰ ਦੁੱਖਾਂ ਸੁੱਖਾਂ ਤੋਂ ਮੁਕਤ ਨੂੰ ਗਿਆਨੀ ਆਖਦੇ ਹਨ-ਦੁਖੁ ਸੁਖੁ ਏ ਬਾਧੇ ਜਿਹ ਨਾਹਨਿ ਤਿਹ ਤੁਮ ਜਾਨਹੁ ਗਿਆਨੀ॥(੨੨੦) ਅਤੇ ਹੋਰ ਕਹਿੰਦੇ ਹਨ ਕਿ-ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨਿ॥ ਕਹੁ ਨਾਨਕ ਸੁਨ ਰੇ ਮਨਾ ਗਿਆਨੀ ਤਹਿ ਭਖਾਨਿ॥(੧੪੨੭) ਉਹ ਵਿਅਕਤੀ ਜੋ ਸੱਚ ਦੇ ਰਾਹ ਪਿਆ ਕਿਸੇ ਦਾ ਭੁਲਾਇਆ ਭੁਲਦਾ ਨਹੀਂ-ਗਿਆਨੀਆਂ ਨੂੰ ਸਭੁ ਸਚੁ ਹੈ ਸਚੁ ਸੋਝੀ ਹੋਈ॥ ਓਇ ਭੁਲਾਏ ਕਿਸੈ ਦੇ ਨ ਭੁਲਨੀ ਸਚੁ ਜਾਣਨਿ ਸੋਈ॥(੪੨੫) ਗਿਆਨੀ ਆਤਮ ਤੌਰ ਤੇ ਸਦਾ ਜੀਵਤ ਹੁੰਦਾ ਹੈ-ਰਜਿ ਨ ਕੋਈ ਜੀਵਿਆ ਪਹੁਚਿ ਨ ਚਲਿਆ ਕੋਇ॥ ਗਿਆਨੀ ਜੀਵੈ ਸਦਾ ਸਦਾ ਸੁਰਤੀ ਹੀ ਪਤਿ ਹੋਇ॥(੧੪੧੨) ਜਿਸ ਦੇ ਮਨ ਤੇ ਮੁੱਖ ਚ ਸੱਚ ਹੁੰਦਾ ਤੇ ਜੋ ਇਕ ਤੋਂ ਬਿਨਾ ਕਿਸੇ ਦੂਜੇ ਸਾਧ ਸੰਤ ਨੂੰ ਕਰਤਾ ਕਰਤਾਰ ਨਹੀਂ ਕਹਿੰਦਾ-ਮਨਿ ਸਾਚਾ ਮੁਖਿ ਸਾਚਾ ਸੋਇ॥ ਅਵਰੁ ਨ ਪੇਖੈ ਏਕਸੁ ਬਿਨੁ ਕੋਇ॥


ਨਾਨਕ ਇਹ ਲਛਣ ਬ੍ਰਹਮ ਗਿਆਨੀ ਹੋਇ॥(੨੭੨) ਸੋ ਸੰਸਾਰ ਤੇ ਨਿਰੰਕਾਰ ਦੀ ਢੁਕਵੀਂ ਤੇ ਸਾਰਥਕ ਸੋਝੀ (ਜਾਣਕਾਰੀ) ਰੱਖਣ ਤੇ ਪ੍ਰਚਾਰਨ ਵਾਲੇ ਹਰੇਕ ਔਰਤ ਜਾਂ ਮਰਦ ਗਿਆਨੀ ਹਨ। ਅੱਜ ਸਿੱਖ ਜਗਤ ਵਿੱਚ ਬਹੁਤਾ ਕਰਕੇ ਉਸ ਨੂੰ ਗਿਆਨੀ ਕਹਿੰਦੇ ਨੇ ਜਿਸ ਨੇ ਵਿਸ਼ੇਸ਼ ਧਰਮ ਲਿਬਾਸ ਪਾਇਆ ਹੋਵੇ, ਪਾਠ, ਅਰਦਾਸ ਤੇ ਕਥਾ ਕਰਨੀ ਜਾਣਦਾ ਹੋਵੇ। ਉਸ ਦੀ ਦੁਨਿਆਵੀ ਤੇ ਅਤਮ ਗਿਆਨ ਦੀ ਪੜ੍ਹਾਈ ਘੱਟ ਹੀ ਦੇਖੀ ਜਾਂਦੀ ਹੈ। ਕਿਸੇ ਪਾਠੀ, ਭਾਈ ਜਾਂ ਗੁਰਦੁਆਰੇ ਦੇ ਗ੍ਰੰਥੀ ਜਾਂ ਚੋਲੇ ਵਾਲੇ ਟਕਸਾਲੀ ਅਤੇ ਬਚਿਤ੍ਰ ਨਾਟਕ ਤੇ ਤਰੀਆ ਚਰਿਤ੍ਰਾਂ ਦੇ ਪ੍ਰਚਾਰਕ ਨੂੰ ਵੀ ਗਿਆਨੀ ਕਿਹਾ ਜਾਂਦੈ ਪਰ ਅਸਲ ਗਿਆਨੀ ਓਹੀ ਹੈ ਜੋ ਬਿਨਾ ਕਿਸੇ ਡਰ, ਲਾਲਚ ਅਤੇ ਪਾਰਟੀ ਤੋਂ ਉੱਪਰ ਉੱਠ ਕੇ ਸੱਚ ਬਿਆਨਦਾ ਹੋਇਆ ਕਿਸੇ ਦੀ ਜੀ-ਹਜ਼ੂਰੀ ਤੇ ਪ੍ਰਵਾਹ ਨਹੀਂ ਕਰਦਾ ਅਤੇ ਗੁਰੂ ਦੀ ਗੱਲ ਲਕਾਉਂਦਾ ਜਾਂ ਵਲ-ਫੇਰ ਪਾ ਕੇ ਨਹੀਂ ਕਰਦਾ ਅਤੇ ਜੋ ਗਿਆਨ ਸਰੋਤ ਸੱਚੇ ਗੁਰੂ ਨੂੰ ਮੰਨਦਾ ਨਾ ਕਿ ਕਿਸੇ ਡੇਰੇਦਾਰ ਸਾਧ ਨੂੰ, ਉਹ ਹੀ ਅਸਲ ਗਿਆਨੀ ਹੈ-ਭੈ ਕਾਹੂ ਕਉ ਦੇ ਨਹਿ ਨਹਿ ਭੈ ਮਾਨਤ ਆਨ॥ ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ॥(੧੪੨੭) ਸਿੱਖ ਗਿਆਨੀ ਉਹ ਹੈ ਜਿਸ ਨੂੰ "ਸ਼ਬਦ ਗੁਰੂ ਗ੍ਰੰਥ" ਦਾ ਗਿਆਨ ਤੇ ਬਾਕੀ ਗ੍ਰੰਥਾਂ ਤੇ ਇਤਿਹਾਸ ਨੂੰ "ਸ਼ਬਦ ਗੁਰੂ ਗ੍ਰੰਥ" ਦੀ ਕਸਵੱਟੀ 'ਤੇ ਵਾਚਦਾ-ਪਰਖਦਾ ਹੈ।

### 10 ਜੂਨ ਬਰਸੀ 'ਤੇ

# ਪੰਜਾਬੀ ਸਹਿਤ ਦੇ ਅੰਬਰ ਦਾ ਧਰੂ ਤਾਰਾ- ਭਾਈ ਵੀਰ ਸਿੰਘ

ਰਮੇਸ਼ ਬੱਗਾ ਚੋਹਲਾ
91-94631-32719

ਭਾਈ ਵੀਰ ਸਿੰਘ ਆਧੁਨਿਕ ਪੰਜਾਬੀ ਕਵਿਤਾ ਦੇ ਮੋਢੀ ਸਨ। ਪੰਜਾਬੀ ਕਵਿਤਾ ਨੂੰ ਆਧੁਨਿਕ ਲੀਹਾਂ 'ਤੇ ਪਾਉਣ ਅਤੇ ਕਾਵਿ-ਮੰਡਲ ਵਿੱਚ ਇਸ ਦਾ ਖਾਸ ਮੁਕਾਮ ਬਣਾਉਣ ਲਈ ਭਾਈ ਵੀਰ ਸਿੰਘ ਦਾ ਯੋਗਦਾਨ ਅਹਿਮ ਹੈ। ਆਪ ਨੇ ਸਿਰਫ ਕਵਿਤਾ ਹੀ ਨਹੀਂ ਸਗੋਂ ਆਧੁਨਿਕ ਸਾਹਿਤ ਦੀਆਂ ਕਈ ਹੋਰ ਵਿਧਾਵਾਂ ਵਿੱਚ ਵੀ ਰਚਨਾ ਰਚੀ ਹੈ। ਛੋਟੀਆਂ ਕਵਿਤਾਵਾਂ ਅਤੇ ਮਹਾਂ-ਕਾਵਿ ਤੋਂ ਛੁਟ ਨਾਵਲ, ਨਾਟਕ, ਵਾਰਤਕ, ਇਤਿਹਾਸਕ ਜੀਵਨੀਆਂ, ਲੇਖਾਂ, ਸਾਖੀਆਂ ਅਤੇ ਟਰੈਕਟ ਆਦਿ ਦੀ ਸਿਰਜਣਾ ਦੀ ਪਹਿਲਤਾ ਵੀ ਉਨ੍ਹਾਂ ਨੇ ਕੀਤੀ।



ਆਪ ਦੀ ਰਚਨਾਤਮਕ ਪ੍ਰਤਿਭਾ ਦਾ ਪ੍ਰੇਰਣਾਸਰੋਤ ਆਪ ਦਾ ਘਰੋਗੀ ਜੀਵਨ ਸੀ। ਆਪ ਦੀ ਕਵਿਤਾ ਰਹੱਸਵਾਦ ਅਤੇ ਅਧਿਆਤਮਵਾਦ ਨਾਲ ਲਬਰੇਜ਼ ਹੈ। ਭਾਈ ਵੀਰ ਸਿੰਘ ਨੂੰ ਵੀਹਵੀਂ ਸ਼ਤਾਬਦੀ ਦਾ ਭਾਈ ਗੁਰਦਾਸ ਵੀ ਕਿਹਾ ਜਾਂਦਾ ਹੈ। ਆਪ ਦੀਆਂ ਕਿਰਤਾਂ ਦੇ ਵਿਸ਼ੇ ਬੇਸ਼ੱਕ ਪੁਰਾਣੇ ਹਨ, ਪਰ ਪੇਸ਼ਕਾਰੀ ਦੇ ਢੰਗ ਨਵੀਨ ਹਨ। ਇਹ ਸਭ ਗੱਲਾਂ ਆਪ ਨੂੰ ਪ੍ਰੰਪਰਾ ਨਾਲੋਂ ਵਖਰਾਉਂਦੀਆਂ ਹਨ ਅਤੇ ਆਧੁਨਿਕਤਾ ਨਾਲ ਜੋੜਦੀਆਂ ਹਨ। ਆਪ ਜੀ ਨੂੰ ਛੋਟੀਆਂ ਕਵਿਤਾਵਾਂ ਦਾ ਵੱਡਾ ਕਵੀ ਕਿਹਾ ਜਾਂਦਾ ਹੈ।

ਭਾਈ ਵੀਰ ਸਿੰਘ ਜੀ ਦਾ ਜਨਮ 5 ਦਸੰਬਰ 1872 ਈਸਵੀ ਨੂੰ ਅੰਮ੍ਰਿਤਸਰ ਸ਼ਹਿਰ ਦੀ ਪਾਵਨ ਧਰਤੀ ਉੱਪਰ ਡਾਕਟਰ ਚਰਨ ਸਿੰਘ ਦੇ ਗ੍ਰਹਿ ਵਿਖੇ ਹੋਇਆ। ਆਪ ਦੇ ਖਾਨਦਾਨ ਦਾ ਸਬੰਧ ਸਿੱਖ ਤਵਾਰੀਖ ਦੀ ਨਾਮਵਰ ਹਸਤੀ ਦੀਵਾਨ ਕੌੜਾ ਮਲ ਨਾਲ ਸੀ। ਆਪ ਦੇ ਨਾਨਾ ਪੰਡਿਤ ਹਜ਼ਾਰਾ ਸਿੰਘ ਮਹਾਨ ਵਿਦਵਾਨ ਸਨ। ਭਾਈ ਵੀਰ ਸਿੰਘ ਨੇ ਮੈਟ੍ਰਿਕ ਦਾ ਇਮਤਿਹਾਨ ਜ਼ਿਲ੍ਹੇ ਭਰ ਵਿੱਚੋਂ ਅਵੱਲ ਰਹਿ ਕੇ ਪਾਸ ਕੀਤਾ। ਆਪ ਦਾ ਤਾਲੀਮੀ ਦੌਰ ਹੋਣਹਾਰ ਤਾਲਿਬ-ਇਲਮਾਂ ਵਾਲਾ ਰਿਹਾ। ਭਾਈ ਵੀਰ ਸਿੰਘ ਨੇ 1898 ਈਸਵੀ ਵਿੱਚ ਇੱਕ ਅਖਬਾਰ ਦੀ ਪ੍ਰਕਾਸ਼ਨਾ ਕੀਤੀ, ਜਿਸ ਦਾ ਨਾਮ 'ਖਾਲਸਾ ਸਮਾਚਾਰ' ਰੱਖਿਆ। ਇਸ ਤੋਂ ਇੱਕ ਸਾਲ ਬਾਅਦ ਨਿਰਗੁਣਿਆਰਾ ਪੇਪਰ ਜਾਰੀ ਕੀਤਾ। ਆਪ ਨੇ ਭਾਵੇਂ ਵਿਸ਼ਵਵਿਦਿਆਲਾ ਦੀ ਉੱਚ-ਵਿੱਦਿਆ ਗ੍ਰਹਿਣ ਨਹੀਂ ਕੀਤੀ, ਫਿਰ ਵੀ ਆਪ ਨੇ ਸੰਸਕ੍ਰਿਤ, ਫ਼ਾਰਸੀ, ਉਰਦੂ, ਗੁਰਬਾਣੀ, ਸਿੱਖ ਤੇ ਹਿੰਦੂ ਦਰਸ਼ਨ ਦਾ ਖੂਬ ਮੁਤਾਲਿਆ ਕੀਤਾ। ਆਪ ਦੀ ਵਧੇਰੇ ਰਚਨਾ ਸਿੱਖੀ ਦੇ ਪ੍ਰਚਾਰ ਵਜੋਂ ਸੀ। ਇਸ ਸਮੇਂ ਅਹਿਮਦੀਆ ਅਤੇ ਆਰੀਆ ਸਮਾਜੀ ਲਹਿਰਾਂ ਉਰਦੂ ਤੇ ਹਿੰਦੀ ਭਾਸ਼ਾ ਰਾਹੀਂ ਪ੍ਰਚਾਰ ਕਰ ਰਹੀਆਂ ਸਨ। ਇੱਧਰ ਸਿੰਘ ਸਭਾ ਲਹਿਰ ਵੀ ਪੰਜਾਬੀ ਭਾਸ਼ਾ ਅਤੇ ਸਿੱਖ ਧਰਮ ਦੀ ਰਾਖੀ ਲਈ ਮੈਦਾਨ ਵਿੱਚ ਕੁੱਦ ਚੁੱਕੀ ਸੀ। ਭਾਈ ਵੀਰ ਸਿੰਘ ਦਾ ਇਸ ਲਹਿਰ ਪ੍ਰਤੀ ਬੇਸ਼ਕੀਮਤੀ ਯੋਗਦਾਨ ਹੈ।

1930 ਤੱਕ ਪੰਜਾਬੀ ਸਾਹਿਤ ਦੇ ਅਕਾਸ਼ ਵਿੱਚ ਭਾਈ ਸਾਹਿਬ ਸੂਰਜ ਵਾਂਗ ਮਘਦੇ ਰਹੇ। ਆਪ ਦੀਆਂ ਸਾਹਿਤਕ ਸੇਵਾਵਾਂ ਨੂੰ ਮੱਦੇਨਜ਼ਰ ਰੱਖ ਕੇ ਪੰਜਾਬ ਯੂਨੀਵਰਸਿਟੀ ਨੇ ਆਪ ਨੂੰ 1849 ਈਸਵੀ ਵਿੱਚ ਡਾਕਟਰ ਆਫ ਓਰੀਐਂਟਲ ਲਰਨਿੰਗ ਦੀ ਡਿਗਰੀ ਪ੍ਰਦਾਨ ਕੀਤੀ। 1950 ਈਸਵੀ ਵਿੱਚ ਆਪ ਜੀ ਨੂੰ ਸਿੱਖ ਵਿੱਦਿਅਕ ਕਾਨਫਰੰਸ ਵਿੱਚ ਅਭਿਨੰਦਨ ਗ੍ਰੰਥ ਭੇਟ ਕੀਤਾ ਗਿਆ। ਆਪ ਦੀ ਪੁਸਤਕ 'ਮੇਰੇ ਸਾਈਆਂ ਜੀਓ' ਨੂੰ ਭਾਰਤ ਦੀ ਸਾਹਿਤ ਅਕਾਦਮੀ ਦਾ ਸਰਵ-ਉੱਚ ਇਨਾਮ ਮਿਲਿਆ। 1952 ਈ. ਵਿੱਚ ਆਪ ਜੀ ਨੂੰ ਪੰਜਾਬ ਵਿਧਾਨ ਘੜਨੀ ਸਭਾ ਦਾ ਮੈਂਬਰ ਨਾਮਜ਼ਦ ਕੀਤਾ ਗਿਆ। ਏਨਾ ਸਫਲ ਤੇ ਪ੍ਰਾਪਤੀਆਂ ਵਾਲਾ ਜੀਵਨ ਬਤੀਤ ਕਰਕੇ ਆਪ 10 ਜੂਨ 1957 ਈਸਵੀ ਵਿੱਚ ਸੁਰਗਵਾਸ ਹੋ ਗਏ।

## ਸੰਪਾਦਕ ਦੀ ਡਾਕ

"ਦੇਸ਼ ਦੁਆਬਾ" ਅਖਬਾਰ ਚ ਨਵੀਆਂ ਤਾਜੀਆਂ ਖ਼ਬਰਾਂ ਤੇ ਅੱਛੇ ਅੱਛੇ ਆਰਟੀਕਲ ਛਪਦੇ ਹਨ। ਵੱਡਾਪਨ ਇਹ ਹੈ ਕਿ ਇਸ ਪੇਪਰ ਚ ਪਾਖੰਡੀ ਸਾਂਧਾਂ ਤੇ ਜੋਤਸ਼ੀ ਜਨਤਾ ਲੁਟੇਰਿਆਂ ਦੀਆਂ ਦੇਓ ਕੱਦ ਐਡਾਂ ਨਹੀਂ ਲਗਦੀਆਂ। ਇਸ ਲਈ ਮਿਸਟਰ ਪ੍ਰੇਮ ਕੁਮਾਰ ਚੁੰਬਰ ਵਧਾਈ ਦੇ ਪਾਤਰ ਹਨ। ਬਿਜਨਿਸਮੈਨ ਤੇ ਧਾਰਮਿਕ ਅਦਾਰਿਆਂ ਨੂੰ ਇਸ ਅਖਬਾਰ ਦੀ ਇਸ਼ਤਿਹਾਰਾਂ ਨਾਲ ਮਦਦ ਕਰਨੀ ਚਾਹੀਦੀ ਹੈ!

**- Avtar Singh Missionary (California) USA**

ਇਸ ਅਖਬਾਰ ਦੀ ਇੱਕ ਖਾਸ ਖੂਬੀ ਹੈ ਕਿ ਸਰਬੱਤ ਦੇ ਭਲੇ ਦੀ ਗੱਲ ਉਭਾਰੀ ਜਾਂਦੀ ਹੈ। ਹਰ ਤਰ੍ਹਾਂ ਦੇ ਵਿਚਾਰਾਂ ਨੂੰ ਮੰਨਣ ਵਾਲਿਆਂ ਦੀਆਂ ਲਿਖਤਾਂ ਨੂੰ ਜਗ੍ਹਾ ਮਿਲਦੀ ਹੈ। ਲੇਖਾਂ ਦੀ ਚੋਣ ਤੇ ਲੇਆਊਟ ਕਮਾਲ ਦਾ ਹੈ। ਸਿਰਫ ਪੈਸੇ ਕਮਾਉਣੇ ਹੋਣ ਤਾਂ ਇਹ ਅਖਬਾਰ ਅੰਧ ਵਿਸ਼ਵਾਸ਼ ਤੇ ਅਖੌਤੀ ਬਾਬਿਆਂ ਦੇ ਇਸ਼ਤਿਹਾਰਾਂ ਨਾਲ ਭਰੀ ਹੋਵੇ। ਸਦਕੇ ਜਾਈਏ ਪ੍ਰੇਮ ਕੁਮਾਰ ਚੁੰਬਰ ਭਾਜੀ ਦੇ ਜਿਨ੍ਹਾਂ ਧਨ ਨਾਲੋਂ ਅਸੂਲਾਂ ਨੂੰ ਪਹਿਲ ਦਿੱਤੀ ਏ। ਵੱਧ ਤੋਂ ਵੱਧ ਇਸ਼ਤਿਹਾਰ ਦੇ ਕੇ ਤੁਸੀਂ ਵੀ ਇਸ ਸੇਵਾ ਦੇ ਯੱਗ ਵਿੱਚ ਆਪਣਾ ਯੋਗਦਾਨ ਪਾਓ ਜੀ।

**- Sita Ram Madhopuri Jalandhar (Punjab) India**


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਦਲਿਤ ਵਿਦਿਆਰਥੀ, ਜਿਸਦੀ ਜਾਤ ਨੇ ਅਮਰੀਕਾ ਵਿਚ ਵੀ ਪਿੱਛਾ ਨਹੀਂ ਛੱਡਿਆ

ਡਾ. ਪਾਇਲ ਤੜਵੀ ਦੀ ਖੁਦਕੁਸ਼ੀ ਨੇ ਦਲਿਤ ਵਿਦਿਆਰਥੀਆਂ ਦੇ ਸ਼ੋਸ਼ਣ ਦੀ ਬਹਿਸ ਨੂੰ ਤੇਜ਼ ਕਰ ਦਿੱਤਾ ਹੈ ਅਤੇ ਇਸਨੇ ਵਿਦੇਸ਼ਾਂ ਵਿਚ ਪੜ੍ਹਨ ਵਾਲੇ ਦਲਿਤ ਵਿਦਿਆਰਥੀਆਂ ਦੀ ਜਾਤੀ ਨਾਲ ਜੁੜੀਆਂ ਹੋਈਆਂ ਸਮੱਸਿਆਵਾਂ ਵੱਲ ਵੀ ਧਿਆਨ ਆਕਰਸ਼ਿਤ ਕੀਤਾ ਹੈ। ਸੂਰਜ ਯੇਰਗਟੇ ਅਮਰੀਕਾ ਵਿਚ ਪੜ੍ਹਦੇ ਹਨ। ਉਹ ਵਿਦੇਸ਼ਾਂ ਵਿਚ ਹੋਣ ਵਾਲੇ ਜਾਤੀਵਾਦੀ ਭੇਦਭਾਵ ਦੇ ਮੁੱਦਿਆਂ ਨੂੰ ਉਠਾਉਂਦੇ ਹਨ। ਉਹ ਮਹਾਰਾਸ਼ਟਰ ਦੇ ਨਾਂਦੇੜ ਇਲਾਕੇ ਤੋਂ ਆਉਂਦੇ ਹਨ ਅਤੇ ਇੰਗਲੈਂਡ ਅਤੇ ਦੱਖਣੀ ਅਫਰੀਕਾ ਵਿਚ ਕਾਨੂੰਨ ਦੀ ਪੜ੍ਹਾਈ ਕਰਕੇ ਆਏ ਹਨ। ਇਸ ਵਕਤ ਉਹ ਅਮਰੀਕਾ ਦੀ ਹਾਰਵਰਡ ਯੂਨੀਵਰਸਿਟੀ ਵਿਚ ਪੋਸਟ ਡਾਕਟਰਲ ਫੈਲੋ ਹਨ। ਉਹ ਸਵੀਕਾਰ ਕਰਦੇ ਹਨ ਕਿ ਉਹਨਾਂ ਵਰਗੇ ਕਈ ਵਿਦਿਆਰਥੀ ਭਾਰਤ ਤੋਂ ਦੂਰ ਰਹਿਣ ਦੇ ਬਾਵਜੂਦ ਉਸੇ ਕਿਸਮ ਦੇ ਵਿਤਕਰੇ ਦਾ ਸਾਹਮਣਾ ਕਰਦੇ ਹਨ। ਉਸ ਨਾਲ ਹੋਈ ਗੱਲਬਾਤ ਦੇ ਕੁਝ ਅੰਸ਼ ਇਸ ਤਰ੍ਹਾਂ ਹਨ:



ਇਕ ਦਲਿਤ ਵਿਦਿਆਰਥੀ ਦੇ ਰੂਪ ਵਿਚ ਵਿਦੇਸ਼ਾਂ ਵਿਚ ਤੁਸੀਂ ਕੀ ਮਹਿਸੂਸ ਕਰ ਰਹੇ ਹੋ?

ਦੋਂ ਮੈਂ ਉੱਚ ਸਿੱਖਿਆ ਦੇ ਲਈ ਵਿਦੇਸ਼ ਗਿਆ, ਮੈਂ ਇੰਗਲੈਂਡ ਦੀ ਯੂਨੀਵਰਸਿਟੀ ਵਿਚ ਅੰਤਰ ਰਾਸ਼ਟਰੀ ਮਨੁੱਖੀ ਅਧਿਕਾਰ ਕਾਨੂੰਨ ਦੀ ਪੜ੍ਹਾਈ ਚੁਣੀ। ਮੈਂ ਪਹਿਲਾਂ ਸੋਚਿਆ ਸੀ ਕਿ ਮੈਂ ਉਚ ਸਿੱਖਿਆ ਹਾਸਲ ਕਰਾਂਗਾ। ਬਾਬਾ ਸਾਹਿਬ ਅੰਬੇਡਕਰ ਵਾਂਗ ਡਿਗਰੀ ਹਾਸਲ ਕਰਾਂਗਾ ਅਤੇ ਦੇਸ਼ ਦੀ ਸੇਵਾ ਕਰਾਂਗਾ। ਮੈਂ ਇਸੇ ਮਾਨਸਿਕਤਾ ਨਾਲ ਉਥੇ ਗਿਆ ਸੀ। ਮੈਂ ਵੀ ਸੋਚਿਆ ਸੀ ਕਿ ਉਹਨਾਂ ਲੋਕਾਂ ਨਾਲ ਗੱਲਬਾਤ ਕਰਨ ਅਤੇ ਦੋਸਤੀ ਕਰਨ ਦਾ ਮੌਕਾ ਮਿਲੇਗਾ ਜੋ ਭਾਰਤ ਦੇ ਹੋਰ ਰਾਜਾਂ ਤੋਂ ਆਉਂਦੇ ਹਨ। ਕਿਉਂਕਿ ਨਾਂਦੇੜ ਵਿਚ ਰਹਿੰਦੇ ਹੋਏ ਉਹਨਾਂ ਰਾਜਾਂ ਵਿਚ ਨਹੀਂ ਜਾ ਸਕਿਆ ਸੀ। ਜਦੋਂ ਮੈਂ ਇੰਗਲੈਂਡ ਆਇਆ ਤਾਂ ਉਥੋਂ ਦੇ ਕਈ ਭਾਰਤੀ ਵਿਦਿਆਰਥੀ ਸਨ ਜੋ ਐਲ. ਐਲ. ਐਮ., ਐਮ. ਬੀ. ਏ. ਆਦਿ ਕੋਰਸਾਂ ਵਿਚ ਪੜ੍ਹਾਈ ਕਰ ਰਹੇ ਸਨ। ਇਸੇ ਵਿਚਕਾਰ ਮੇਰੀ ਭਾਰਤੀ ਵਿਦਿਆਰਥੀਆਂ ਨਾਲ ਦੋਸਤੀ ਬਣ ਗਈ। ਇਕ ਦੋ ਮਹੀਨੇ ਵਿਚ ਹੀ ਉਹਨਾਂ ਨਾਲ ਗੂੜ੍ਹੀ ਦੋਸਤੀ ਹੋ ਗਈ ਪਰ ਜਦੋਂ ਉਹਨਾਂ ਨੂੰ ਮੇਰੇ ਫੇਸਬੁੱਕ ਪੇਜ ਤੇ ਮੇਰੇ ਵਿਚਾਰਾਂ ਨਾਲ ਮੇਰੀ ਜਾਤੀ ਦੇ ਬਾਰੇ ਪਤਾ ਲੱਗਾ ਤਾਂ ਉਹਨਾਂ ਦਾ ਰਵੱਈਆ ਬਦਲ ਗਿਆ।





ਉਹਨਾਂ ਨੇ ਇਕ ਤਰ੍ਹਾਂ ਨਾਲ ਮੇਰਾ ਬਾਈਕਾਟ ਕਰ ਦਿੱਤਾ। ਉਹਨਾਂ ਨੇ ਕਿਸੇ ਸਮੂਹਿਕ ਪ੍ਰੋਗਰਾਮ ਵਿਚ ਬੁਲਾਉਣਾ ਬੰਦ ਕਰ ਦਿੱਤਾ।

ਦੂਜੇ ਪਾਸੇ ਮੈਂ ਸੋਚਿਆ ਕਿ ਚੁੱਪ ਚਾਪ ਪੜ੍ਹਾਈ ਪੂਰੀ ਕਰਕੇ ਚੱਲੀਏ। ਇਹ ਵੀ ਖਿਆਲ ਆਇਆ ਹੈ ਕਿ ਮੈਂ ਵਕੀਲ ਹਾਂ ਅਤੇ ਮੈਂ ਉਸ ਫਿਰਕੇ ਤੋਂ ਆਉਂਦਾ ਹਾਂ, ਜਿੱਥੇ ਮੇਰੇ ਵਰਗੇ ਲੜਕੇ-ਲੜਕੀਆਂ ਇਸ ਕਿਸਮ ਦਾ ਸ਼ੋਸ਼ਣ ਰੋਜ਼ ਸਹਿਣ ਕਰਦੇ ਹਨ। ਕਦੋਂ ਤੱਕ ਚੁੱਪ ਰਹਿ ਸਕਦਾ ਹਾਂ ਅਤੇ ਮੇਰੀ ਉੱਚ ਸਿੱਖਿਆ ਦਾ ਲਾਭ ਕੀ ਹੋਇਆ। ਇਸ ਕਰਕੇ ਜਦੋਂ ਮੇਰੇ ਕਮਰੇ ਵਿਚ ਰਹਿਣ ਵਾਲੇ ਉਤਰ ਭਾਰਤੀ ਬ੍ਰਾਹਮਣ ਵਿਦਿਆਰਥੀ ਨੇ ਮੇਰੇ ਥੱਪੜ ਮਾਰਿਆ ਤਾਂ ਮੈਂ ਪੁਲਿਸ ਨੂੰ ਸ਼ਿਕਾਇਤ ਕੀਤੀ। ਪਾਇਲ ਤੜਵੀ ਦੀ ਮੌਤ ਇਕ ਗੈਰ ਮਨੁੱਖੀ ਅਤੇ ਗੈਰ ਸੰਵਿਧਾਨਕ ਘਟਨਾ ਹੈ। ਅਗਲੇ ਡੇਢ ਦਹਾਕੇ ਵਿਚ ਭਾਰਤ ਸਭ ਤੋਂ ਨੌਜਵਾਨ ਆਬਾਦੀ ਵਾਲਾ ਦੇਸ਼ ਬਣ ਜਾਵੇਗਾ। ਜੇਕਰ ਇਹ ਨੌਜਵਾਨ ਦੇਸ਼ ਜਾਤੀਵਾਦੀ ਬਣਨ ਜਾ ਰਿਹਾ ਹੈ ਤਾਂ ਇਹਨਾਂ ਨੌਜਵਾਨਾਂ ਦੀ ਊਰਜਾ ਕਿਸ ਕੰਮ ਦੀ। ਭਾਰਤ ਵਿਚ ਉੱਚ ਸਿੱਖਿਆ ਸੰਸਥਾਵਾਂ ਦਾ ਤੁਰੰਤ ਸਰਵੇ ਕੀਤਾ ਜਾਣਾ ਚਾਹੀਦਾ ਹੈ ਅਤੇ ਸਾਨੂੰ ਇਸ ਮੁੱਦੇ 'ਤੇ ਇਕ ਡਾਇਵਰਸਿਟੀ ਇੰਡੈਕਸ ਬਣਾਉਣਾ ਚਾਹੀਦਾ ਹੈ।

## ਤਿੰਨ ਰੋਜ਼ਾ ਸਿਖਿਆਰਥੀ ਚੇਤਨਾ ਕੈਂਪ 21 ਤੋਂ, ਪ੍ਰੋ. ਪ੍ਰਭਾਤ ਪਟਨਾਇਕ ਅਤੇ ਆਨੰਦ ਤੈਲਤੁੰਬੜੇ ਹੋਣਗੇ ਵਕਤਾ

**ਜਲੰਧਰ:** ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਗੁਰਮੀਤ ਸਿੰਘ ਢੱਡਾ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ 'ਚ ਲਏ ਫੈਸਲਿਆਂ ਬਾਰੇ ਪ੍ਰੈਸ ਨਾਲ ਜਾਣਕਾਰੀ ਸਾਂਝੀ ਕਰਦਿਆਂ ਜਨਰਲ ਸਕੱਤਰ ਗੁਰਮੀਤ ਸਿੰਘ ਅਤੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਦੱਸਿਆ ਕਿ ਤਿੰਨ ਰੋਜ਼ਾ ਸਿਖਿਆਰਥੀ ਚੇਤਨਾ ਕੈਂਪ, ਇਸ ਵਾਰ 21, 22 ਅਤੇ 23 ਜੂਨ ਨੂੰ ਹੋਏਗਾ। ਇਹ ਕੈਂਪ ਕਾਰਲ ਮਾਰਕਸ ਅਤੇ ਜਲ੍ਹਿਆਂਵਾਲਾ ਬਾਗ਼ ਸ਼ਤਾਬਦੀ ਨੂੰ ਸਮਰਪਤ ਹੋਏਗਾ।





ਇਸ ਕੈਂਪ ਦਾ ਆਗਾਜ਼ 21 ਜੂਨ ਸਵੇਰੇ 10:00 ਵਜੇ ਹੋਵੇਗਾ। ਇਸ ਮੌਕੇ ਡਾ. ਪ੍ਰਭਾਤ ਪਟਨਾਇਕ (ਪ੍ਰੋ. ਇਮੈਰੀਟਸ, ਜਵਾਹਰ ਲਾਲ ਨਹਿਰੂ ਯੂਨੀਵਰਸਿਟੀ, ਨਵੀਂ ਦਿੱਲੀ) ਆਪਣਾ ਭਾਸ਼ਣ "ਮਾਰਕਸਵਾਦ ਦੀ ਰੌਸ਼ਨੀ 'ਚ ਮੁਲਕ ਦਾ ਮੌਜੂਦਾ ਆਰਥਕ ਸੰਕਟ" ਵਿਸ਼ੇ ਉਪਰ ਕੇਂਦਰਤ ਕਰਨਗੇ।

ਕੈਂਪ ਦੇ ਦੂਜੇ ਦਿਨ 22 ਜੂਨ ਸਵੇਰੇ 9 ਵਜੇ ਪ੍ਰੋ. ਆਨੰਦ ਤੈਲਤੁੰਬੜੇ (ਪ੍ਰੋ., ਇੰਸਟੀਚਿਊਟ ਆਫ਼ ਮੈਨੇਜ਼ਮੈਂਟ, ਗੋਆ) "ਵਰਤਮਾਨ ਹਾਲਾਤ ਅਤੇ ਫਾਸ਼ੀਵਾਦ" ਵਿਸ਼ੇ ਉਪਰ ਵਿਚਾਰ ਰੱਖਣਗੇ। 21 ਜੂਨ ਸ਼ਾਮ ਪੀਪਲਜ਼ ਵਾਇਸ ਵੱਲੋਂ ਦਸਤਾਵੇਜ਼ੀ ਫ਼ਿਲਮ ਵਿਖਾਈ ਜਾਏਗੀ। 23 ਜੂਨ ਨੂੰ ਸਵੇਰੇ ਸਿਖਿਆਰਥੀਆਂ ਨੂੰ ਪ੍ਰਮਾਣ-ਪੱਤਰ ਅਤੇ ਪੁਸਤਕਾਂ ਨਾਲ ਸਨਮਾਨਤ ਕਰਦਿਆਂ ਕੈਂਪ ਦੀ ਸਮਾਪਤੀ ਹੋਏਗੀ। ਦੂਰੋਂ ਆਉਣ ਵਾਲੇ ਸਿਖਿਆਰਥੀਆਂ ਲਈ 20 ਜੂਨ ਦੀ ਰਾਤ ਨੂੰ ਠਹਿਰਣ ਦਾ ਇੰਤਜ਼ਾਮ ਕੀਤਾ ਹੋਏਗਾ।

## ਲੈਕ: ਮਾਲਵਿੰਦਰ ਸਿੰਘ ਤੂਰ ਨੇ ਦਿੱਲੀ ਵਿਖੇ ਟ੍ਰੇਨਰ ਦੀ ਟ੍ਰੇਨਿੰਗ ਲੈ ਕੇ ਮਾਝੀ ਸਕੂਲ ਦਾ ਨਾਂ ਉੱਚਾ ਕੀਤਾ

ਪੰਜਾਬ ਅੰਦਰ ਨੋਜਵਾਨੀ ਨੂੰ ਨਸ਼ਿਆਂ ਤੋਂ ਬਚਾਉਣ ਲਈ ਪੰਜਾਬ ਸਰਕਾਰ ਨੇ ਸਿੱਖਿਆ ਵਿਭਾਗ ਨੂੰ ਸਪੈਸ਼ਲ ਟਾਸਕ ਫੋਰਸ (ਐਸ.ਟੀ.ਐਫ.) ਨਾਲ ਮਿਲ ਕੇ ਬਡੀ ਪ੍ਰੋਗਰਾਮ ਅਧੀਨ ਸਕੂਲੀ ਅਤੇ ਕਾਲਜਾਂ ਦੇ ਵਿਦਿਆਰਥੀਆਂ ਨੂੰ ਨਸ਼ਿਆਂ ਦੇ ਮਾਰੂ ਪ੍ਰਭਾਵਾਂ ਤੋਂ ਬਚਾਉਣ ਲਈ ਉਪਰਾਲੇ ਕਰਨ ਦੀ ਜ਼ਿੰਮੇਵਾਰੀ ਲਾਈ ਹੈ।ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮਾਝੀ (ਸੰਗਰੂਰ) ਦੇ ਲੈਕਚਰਾਰ ਸ਼੍ਰੀ ਮਾਲਵਿੰਦਰ ਸਿੰਘ ਤੂਰ ਜੋ ਕਿ ਨੋਡਲ ਅਫਸਰ (ਬਡੀ ਪ੍ਰੋਗਰਾਮ) ਦੇ ਤੌਰ ਤੇ ਕੰਮ ਕਰ ਰਹੇ ਹਨ , ਨੂੰ ਪੰਜਾਬ ਦੇ 15 ਅਧਿਆਪਕਾਂ ਵਿੱਚ ਨੁਮਾਇੰਦਗੀ ਮਿਲਣ ਦਾ ਮਾਣ ਪ੍ਰਾਪਤ ਹੋਇਆ ਹੈ ,ਜਿਨ੍ਹਾਂ ਨੇ ਦਿੱਲੀ ਵਿਖੇ 'ਸੋਸਾਇਟੀ ਫਾਰ ਪ੍ਰਮੋਸਨ ਆਫ ਯੂਥ ਐਂਡ ਮਾਸਜ਼' ਵਲੋਂ 'ਸਕੂਲ ਬੇਸਿਡ ਇੰਟਰਵੈਨਸਨ (ਟ੍ਰੇਨਿੰਗ ਆਫ ਟ੍ਰੇਨਰਜ਼)-ਯੂ ਪੀ ਸੀ ਦੀ ਛੇ ਦਿਨਾਂ ਟ੍ਰੇਨਿੰਗ ਵਿਸ਼ਵਪੱਧਰੀ ਅੰਤਰਰਾਸਟਰੀ ਟ੍ਰੇਨਰਾਂ ਰਾਹੀਂ 'ਕੋਲੰਬੋ ਪਲੈਨ ਅਤੇ ਆਈ.ਐਸ.ਐਸ.ਯੂ.ਪੀ ਨਾਮੀ ਅੰਤਰਰਾਸਟਰੀ ਸੰਸਥਾਵਾਂ ਦੇ ਸਹਿਯੋਗ ਨਾਲ ਸਫਲਤਾਪੂਰਵਕ ਪੂਰੀ ਕਰਕੇ ਸਰਟੀਫੀਕੇਟ ਪ੍ਰਾਪਤ ਕਰਕੇ ਸਕੂਲ ਦਾ ਨਾਂ ਉੱਚਾ ਕੀਤਾ ਹੈ। ਪ੍ਰਿੰਸੀਪਲ ਸ਼੍ਰੀਮਤੀ ਛਿੰਦਰਪਾਲ ਕੌਰ ਅਤੇ ਸਮੂਹ ਸਟਾਫ ਨੇ ਇਸ ਵਿਸ਼ੇਸ ਟ੍ਰੇਨਿੰਗ ਲਈ ਸ਼੍ਰੀ ਮਾਲਵਿੰਦਰ ਸਿੰਘ ਤੂਰ ਨੂੰ ਵਧਾਈ ਦਿੱਤੀ ਹੈ।










# ਕਰਮਨ ’ਚ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਅਤੇ 1984 ਦੇ ਸ਼ਹੀਦਾਂ ਨੂੰ ਸਮਰਪਿਤ ਵਿਸ਼ੇਸ਼ ਸਮਾਗਮ ਹੋਏ

**ਫਰਿਜ਼ਨੋ, ਕੈਲੀਫੋਰਨੀਆਂ (ਕੁਲਵੰਤ ਧਾਲੀਆਂ /ਨੀਟਾ ਮਾਛੀਕੇ):** ਸ਼ਹੀਦਾਂ ਦੇ ਸਿਰਤਾਜ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਨੂੰ ਸਮਰਪਿਤ ਕਰਮਨ ਦੇ ਸਮੂੰਹ ਟਰੱਕਾ ਦੇ ਕਾਰੋਵਾਰ ਨਾਲ ਸੰਬੰਧਤ ਪਰਿਵਾਰਾ ਨੇ ਸਾਝੇ ਤੌਰ ’ਤੇ ਵਿਸ਼ੇਸ਼ ਸਮਾਗਮ ਗੁਰਦੁਆਰਾ ਅਨੰਦਗੜ ਕਰਮਨ ਵਿਖੇ ਕਰਵਾਏ ਗਏ। ਇਸ ਦੌਰਾਨ ਸ੍ਰੀ ਅਖੰਡ ਸਾਹਿਬ ਦੀ ਇਲਾਹੀ ਬਾਣੀ ਦੇ ਤਿੰਨ ਦਿਨ ਪ੍ਰਵਾਹ ਚੱਲੇ ਅਤੇ ਗੁਰਮਤਿ ਵਿਚਾਰਾ ਹੋਈਆ। ਸਮਾਪਤੀ ’ਤੇ ਵਿਸ਼ੇਸ਼ ਸਮਾਗਮ ਵਿੱਚ ਗੁਰੂ ਘਰ ਦੇ ਹਜ਼ੂਰੀ ਰਾਗੀ ਭਾਈ ਸੋਢੀ ਸਿੰਘ ਅਤੇ ਸਾਥੀਆਂ ਨੇ ਸੰਗਤਾਂ ਨੂੰ ਗੁਰਬਾਣੀ ਕੀਰਤਨ ਅਤੇ ਗੁਰੂ ਜੀ ਦੀ ਸ਼ਹੀਦੀ ਦਾ ਇਤਿਹਾਸ ਸਰਵਣ ਕਰਵਾਇਆਂ।

ਇਸ ਉਪਰੰਤ ਪ੍ਰਸਿੱਧ ਗਾਇਕਾ ਜੋਤ ਰਣਜੀਤ ਕੌਰ ਨੇ ਸਿੱਖ ਇਤਿਹਾਸ ਨਾਲ ਸੰਬੰਧਤ ਵਾਰਾ ਅਤੇ ਮੌਜੂਦਾ ਸਮੇਂ ਦੇ ਸਿੱਖ ਇਤਿਹਾਸ ਨੂੰ ਗਾਉਂਦੇ ਹੋਏ ਸ਼ਹੀਦਾਂ ਨੂੰ ਸ਼ਰਧਾਂਜਲੀ ਦਿੱਤੀ। ਸਮਾਗਮ ਦੇ ਅੰਤ ਵਿੱਚ ਗਾਇਕਾ ਬੀਬੀ ਜੋਤ ਰਣਜੀਤ ਕੌਰ ਦਾ ਵਿਸ਼ੇਸ਼ ਸਨਮਾਨ ਵੀ ਕੀਤਾ ਗਿਆ। ਗੁਰੂਘਰ ਦੇ ਕਮੇਟੀ ਮੈਂਬਰ ਕੁਲਦੀਪ ਸਿੰਘ ਕਾਲੇਕਾ ਨੇ ਬੋਲਦੇ ਹੋਏ ਸਮੂੰਹ ਭਾਈਚਾਰੇ ਨੂੰ ਗੁਰੂ ਦੀ ਸਿੱਖਿਆਵਾਂ ’ਤੇ ਅਮਲ ਕਰਨ ਅਤੇ ਗੁਰੂਘਰ ਵਿੱਚ ਪੰਜਾਬੀ ਸਕੂਲ ਦੀਆ ਕਲਾਸਾ ਦੇ ਦਾਖਲੇ ਦਾ ਐਲਾਨ ਕੀਤਾ। ਸਮੂੰਹ ਸੰਗਤਾਂ ਦਾ ਧੰਨਵਾਦ ਕੀਤਾ। ਜਦ ਕਿ ਗੁਰੂਘਰ ਦੇ ਸੈਕਟਰੀ ਗੁਰਤੇਜ ਸਿੰਘ ਧਾਲੀਵਾਲ ਨੇ ਸੇਵਾਵਾ ਲਈ ਸਮੂੰਹ ਟਰੱਕਾ ਵਾਲੇ ਪਰਿਵਾਰਾਂ ਅਤੇ ਪ੍ਰੋਗਰਾਮ ਵਿੱਚ ਹਾਜ਼ਰ ਸੰਗਤਾਂ ਦਾ ਧੰਨਵਾਦ ਕੀਤਾ। ਹਰ ਸਾਲ ਦੀ ਤਰ੍ਹਾਂ ਸਮਾਗਮ ਦੀ ਸੇਵਾ ’ਸਰਬੱਤ ਦੇ ਭਲੇ’ ਦੀ ਅਰਦਾਸ ਕੀਤੀ ਗਈ।



ਇਸ ਸਮਾਗਮ ਦੌਰਾਨ ਇਲਾਕੇ ਭਰ ਤੋਂ ਸੰਗਤਾਂ ਨਤਮਸਤਕ ਹੋਈਆ। ਸਮੁੱਚੇ ਤੋਰ ’ਤੇ ਇਸ ਪ੍ਰੋਗਰਾਮ ਨੂੰ ਸਫਲ ਬਣਾਉਣ ਵਿੱਚ ਹਰਪ੍ਰੀਤ ਸਿੱਧੂ ਦਾਉਧਰ, ਸੰਨੀ ਗਰੇਵਾਲ, ਜਸਪ੍ਰੀਤ ਬੈਂਸ, ਗੁਰਦੀਪ ਅਟਵਾਲ, ਸਰਬਜੀਤ ਬਾਸੀ, ਗਗਨ ਅਤੇ ਪਵਨ ਪਬਲਾ, ਸਿੰਦਾ ਢਿੱਲੋ, ਰਣਜੀਤ ਸਿੰਘ, ਮਲਕੀਤ ਸਿੰਘ, ਗੁਰਪ੍ਰੀਤ ਸਿੰਘ ਲੰਬੜ, ਗੁਰਪ੍ਰੀਤ ਸਿੰਘ ਬਬਲੂ, ਲਵਲੀ ਕਰਮਨ ਆਦਿਕ ਦਾ ਵਡਮੁੱਲਾ ਸਹਿਯੋਗ ਰਿਹਾ। ਗੁਰੂ ਦਾ ਲੰਗਰ ਅਟੁੱਟ ਵਰਤਿਆਂ। ਅੰਤ ਭਾਈਚਾਰਿਕ ਅਤੇ ਪਰਿਵਾਰਕ ਸਾਂਝਾ ਨੂੰ ਗੁਰਮਤਿ ਅਨੁਸਾਰ ਵਧਾਉਦਾ ਇਹ ਸਮਾਗਮ ਯਾਦਗਾਰੀ ਹੋ ਨਿਬੜਿਆ।

# ਭਾਰਤ ਨਾਲ ਅਮਰੀਕਾ ਦੇ ਸਬੰਧਾਂ ਨੂੰ ਹੋਰ ਮਜ਼ਬੂਤ ਬਣਾਵੇਗੀ ਟਰੰਪ ਸਰਕਾਰ

ਵਾਸ਼ਿੰਗਟਨ (ਬਿਊਰੋ)- ਅਮਰੀਕਾ ਦੇ ਵਿਦੇਸ਼ ਮੰਤਰੀ ਮਾਈਕ ਪੌਂਪੀਓ ਨੇ ਭਾਰਤ ਨਾਲ ਆਪਣੇ ਦੇਸ਼ ਦੇ ਸਬੰਧਾਂ ਨੂੰ ਬੇਹੱਦ ਮਹੱਤਵਪੂਰਣ ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਦਾ ਆਗਾਮੀ ਦੌਰਾ ਭਾਰਤ ਨਾਲ ਅਮਰੀਕਾ ਦੇ ਸਬੰਧਾਂ ਨੂੰ ਹੋਰ ਮਜ਼ਬੂਤ ਕਰਨ ’ਤੇ ਕੇਂਦਰਿਤ ਹੋਵੇਗਾ। ਇਹ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਉਸ ਅਹਿਮ ਰਣਨੀਤੀ ਦਾ ਹਿੱਸਾ ਹੈ ਜਿਸ ਤਹਿਤ ਹਿੰਦ-ਪ੍ਰਸ਼ਾਂਤ ਖੇਤਰ ’ਚ ਸੁਤੰਤਰ ਆਵਾਜਾਈ ਦੇ ਸਾਂਝੇ ਟੀਚੇ ਨੂੰ ਮਜ਼ਬੂਤ ਕਰਨਾ ਹੈ। ਇਸ ਖੇਤਰ ਵਿਚ ਚੀਨ ਆਪਣਾ ਪ੍ਰਭਾਵ ਵਧਾਉਣ ’ਚ ਲੱਗਾ ਹੈ। ਪੌਂਪੀਓ ਦੇ ਭਾਰਤ ਦੌਰੇ ਪਿੱਛੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਟਰੰਪ ਦੀ ਜਾਪਾਨ ਦੇ ਓਸਾਕਾ ਵਿਚ 28-29 ਜੂਨ ਨੂੰ ਹੋਣ ਵਾਲੇ ਜੀ-20 ਸਿਖਰ ਸੰਮੇਲਨ ਤੋਂ ਅਲੱਗ ਮੁਲਾਕਾਤ ਹੋਵੇਗੀ। ਅਮਰੀਕੀ ਵਿਦੇਸ਼ ਮੰਤਰਾਲੇ ਦੇ ਬੁਲਾਰੇ ਮੋਰਗਨ ਆਰਟਗਸ ਨੇ ਸੋਮਵਾਰ ਨੂੰ ਇਥੇ ਦੱਸਿਆ ਕਿ ਪੌਂਪੀਓ 24 ਜੂਨ ਨੂੰ ਦਿੱਲੀ ਰਵਾਨਾ ਹੋਣਗੇ। ਪੌਂਪੀਓ ਨੇ ਕਿਹਾ ਕਿ ਮੈਂ ਆਪਣੇ ਦੌਰੇ ਦੀ ਤਿਆਰੀ ਲਈ ਭਾਰਤੀ ਕਾਰੋਬਾਰੀਆਂ ਦੇ ਇਕ ਸਮੂਹ ਨਾਲ ਗੱਲਬਾਤ ਕਰਾਂਗਾ। ਹਿੰਦ-ਪ੍ਰਸ਼ਾਂਤ ਖੇਤਰ ਵਿਚ ਰਾਸ਼ਟਰਪਤੀ ਟਰੰਪ ਦੀ ਅਹਿਮ ਰਣਨੀਤੀ ਤਹਿਤ ਮੈਂ ਭਾਰਤ ਦਾ ਦੌਰਾ ਕਰਨ ਜਾ ਰਿਹਾ ਹਾਂ। ਵਿਦੇਸ਼ ਮੰਤਰਾਲੇ ਦੇ ਬੁਲਾਰੇ ਅਨੁਸਾਰ ਪੌਂਪੀਓ 24 ਤੋਂ 30 ਜੂਨ ਤਕ ਹਿੰਦ-ਪ੍ਰਸ਼ਾਂਤ ਖੇਤਰ ਦੇ ਦੌਰੇ ’ਤੇ ਰਹਿਣਗੇ। ਉਹ ਸਭ ਤੋਂ ਪਹਿਲੇ ਨਵੀਂ ਦਿੱਲੀ ਪੁੱਜਣਗੇ ਅਤੇ ਫਿਰ ਸ੍ਰੀਲੰਕਾ ਜਾਣਗੇ। ਇਸ ਪਿੱਛੋਂ ਜਾਪਾਨ ਦੀ ਯਾਤਰਾ ਕਰਨਗੇ। ਜਾਪਾਨ ਵਿਚ ਜੀ-20 ਸਿਖਰ ਸੰਮੇਲਨ ਵਿਚ ਸ਼ਾਮਲ ਹੋਣ ਪਿੱਛੋਂ ਉਹ ਟਰੰਪ ਨਾਲ ਦੱਖਣੀ ਕੋਰੀਆ ਜਾਣਗੇ।



# ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ ਵਿਖੇ ਧੰਨ ਧੰਨ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਹਾੜਾ ਸੰਗਤਾਂ ਨੇ ਸ਼ਰਧਾ ਪੂਰਵਕ ਮਨਾਇਆ

**ਸੈਕਰਾਮੈਂਟੋ (ਡੀਡੀਬੀ)–** ਪੰਚਮ ਪਾਤਸ਼ਾਹੀ, ਸ਼ਹੀਦਾਂ ਦੇ ਸਿਰਤਾਜ ਧੰਨ ਧੰਨ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦਾ ਸ਼ਹੀਦੀ ਦਿਹਾੜਾ ਸੰਗਤਾਂ ਦੁਆਰਾ ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ (ਸੈਕਰਾਮੈਂਟੋ) ਵਿਖੇ 9 ਜੂਨ 2019 ਦਿਨ ਐਤਵਾਰ ਨੂੰ ਮਨਾਇਆ ਗਿਆ। ਇਸ ਮੌਕੇ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਦੇ ਭੋਗ ਪਾਏ ਜਾਣ ਉਪਰੰਤ ਗੁਰੂ ਘਰ ਦੇ ਹਜ਼ੂਰੀ ਰਾਗੀ ਜਥੇ ਭਾਈ ਜਸਪਾਲ ਸਿੰਘ ਅਤੇ ਭਾਈ ਗੁਰਦੀਪ ਸਿੰਘ, ਭਾਈ ਪ੍ਰਭਜੀਤ ਸਿੰਘ ਆਦਿ ਨੇ ਜਿੱਥੇ ਰਸਭਿੰਨੇ ਸ਼ਬਦ ਗਾਇਨ ਕੀਤੇ, ਉਥੇ ਉਹਨਾਂ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਜੀਵਨ, ਉਹਨਾਂ ਦੀ ਮਹਾਨ ਸ਼ਹਾਦਤ ਅਤੇ ਉਸ ਤੋਂ ਪਹਿਲਾਂ ਉਹਨਾਂ ਦੇ ਸਿੱਖ ਜਗਤ ਨੂੰ ਮਹਾਨ ਦੇਣ ਧੰਨ ਧੰਨ ਸ੍ਰੀ ਆਦਿ ਗ੍ਰੰਥ ਜੋ ਬਾਅਦ ਵਿਚ ਸਾਹਿਬ-ਏ-ਕਮਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਗੁਰੂ ਗ੍ਰੰਥ ਸਾਹਿਬ ਦਾ ਸਥਾਨ ਦੇ ਕੇ ‘ਸਭ ਸਿਖਨ ਨੂੰ ਗੁਰੂ ਮੰਨਣ ਦਾ’ ਪਾਵਨ ਹੁਕਮ ਸੁਣਾਇਆ, ਸੰਖੇਪ ਵਰਣਨ ਕਰਕੇ ਸੰਗਤਾਂ ਨੂੰ ਗੁਰਬਾਣੀ ਨਾਲ ਜੋੜਿਆ, ਜਿਸ ਦੀ ਗੁਰੂ ਘਰ ਅਤੇ ਅਦਾਰਾ ’ਦੇਸ਼ ਦੁਆਬਾ’ ਵੀਕਲੀ ਨਿਊਜ਼ ਪੇਪਰ ਵੱਲੋਂ ਫੇਸਬੁੱਕ ਉਤੇ ਸਿੱਧਾ ਪ੍ਰਸਾਰਣ ਕੀਤਾ।

ਇਸ ਉਪਰੰਤ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ ਅਤੇ ਗੁਰੂ ਦੇ ਅਤੁੱਟ ਲੰਗਰ ਵਰਤਾਏ ਗਏ। ਸ਼ੀਤਲ ਜਲ ਦੀ ਛਬੀਲ ਵੀ ਲਗਾਈ ਗਈ। ਸਟੇਜ ਦੀ ਸੇਵਾ ਸ੍ਰੀ ਬਲਜੀਤ ਸਿੰਘ ਕਾਹਮਾ ਨੇ ਬਾਖੂਬੀ ਨਾਲ ਨਿਭਾਉਂਦਿਆਂ ਆਈਆਂ ਸੰਗਤਾਂ ਦਾ ਕੋਟਿਨ-ਕੋਟਿ ਧੰਨਵਾਦ ਕੀਤਾ।

**ਰਿਪੋਰਟ ਅਤੇ ਤਸਵੀਰਾਂ – ਪ੍ਰੇਮ ਕੁਮਾਰ ਚੁੰਬਰ**

# ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਮਹਾਨ ਸ਼ਹੀਦੀ ਪੁਰਬ ਮਨਾਇਆ

**ਯੂਬਾ ਸਿਟੀ–** ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਦੀ ਪ੍ਰਬੰਧਕ ਕਮੇਟੀ ਵੱਲੋਂ ਸਮੂਹ ਸਾਧ ਸੰਗਤ ਦੇ ਸਹਿਯੋਗ ਨਾਲ ਧੰਨ ਧੰਨ ਗੁਰੂ ਅਰਜਨ ਦੇਵ ਮਹਾਰਾਜ ਜੀ ਦਾ ਮਹਾਨ ਸ਼ਹੀਦੀ ਸਮਾਗਮ 7, 8, 9 ਜੂਨ 2019 ਦਿਨ ਸ਼ੁੱਕਰਵਾਰ, ਸ਼ਨਿਚਰਵਾਰ, ਐਤਵਾਰ ਨੂੰ ਧੰਨ ਧੰਨ ਸਤਿਗੁਰੂ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੀ ਪਾਵਨ ਪਵਿੱਤਰ ਛਤਰ ਛਾਇਆ ਹੇਠ ਮਨਾਇਆ ਗਿਆ, ਜਿਸ ਵਿਚ 7 ਜੂਨ ਦਿਨ ਸ਼ੁੱਕਰਵਾਰ ਨੂੰ ਗੁਰੂ ਘਰ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਜੀ ਆਰੰਭ ਕੀਤੇ ਗਏ, ਜਿਹਨਾਂ ਦੇ ਭੋਗ ਮਿਤੀ 8 ਜੂਨ ਦਿਨ ਐਤਵਾਰ ਨੂੰ ਪਾਏ ਗਏ। ਭੋਗ ਉਪਰੰਤ ਮਹਾਨ ਕੀਰਤਨ ਦਰਬਾਰ ਸਜਾਏ ਗਏ, ਜਿਸ ਵਿਚ ਭਾਈ ਪ੍ਰਿਤਪਾਲ ਸਿੰਘ ਜੀ ਦਾ ਹਜ਼ੂਰੀ ਜਥਾ, ਗਿਆਨੀ ਗੁਰਦੇਵ ਸਿੰਘ ਜੀ ਨੇ ਹਰਿ ਜੱਸ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ।

ਇਸ ਤੋਂ ਇਲਾਵਾ ਭਾਈ ਗੁਰਦੀਪ ਸਿੰਘ ਹੀਰਾ ਨੇ ਆਪਣੀਆਂ ਕਵਿਤਾਵਾਂ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਸਟੇਜ ਸੈਕਟਰੀ ਦੀ ਸੇਵਾ ਸ੍ਰੀ ਰਾਮ ਸੇਵਕ ਭਾਟੀਆ ਹੈਡ ਕੈਸ਼ੀਅਰ ਗੁਰੂ ਘਰ ਜੀ ਨੇ ਨਿਭਾਈ।

ਇਸ ਮੌਕੇ ’ਤੇ ਇੰਡੀਆ ਤੋਂ ਅਮਰੀਕਾ ਵਿਚ ਆਏ ਸ. ਕਿਰਪਾਲ ਸਿੰਘ ਝਲੀ (ਡਾ. ਸਿਵਲ ਸਰਜਨ ਜਲੰਧਰ), ਬੀਬੀ ਕ੍ਰਿਸ਼ਨਾ ਰਾਣੀ ਨੂੰ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵੱਲੋਂ ਸਿਰੋਪਾਓ ਬਖਸ਼ਿਸ਼ ਕੀਤੀ। ਗੁਰੂ ਘਰ ਦੇ ਜਨਰਲ ਸੈਕਟਰੀ ਸ੍ਰੀ ਸ਼ਿੰਗਾਰਾ ਸਿੰਘ ਰੱਲ੍ਹ ਪਰਿਵਾਰ ਵੱਲੋਂ ਮਿੱਠੇ ਛਬੀਲ ਦੀ ਸੇਵਾ ਕੀਤੀ ਗਈ। ਸ. ਮਨਜੀਤ ਸਿੰਘ ’ਦਾ ਤਾਜ ਰੈਸਟੋਰੈਂਟ’ ਵੱਲੋਂ ਮਠਿਆਈ ਦੀ ਸੇਵਾ ਕੀਤੀ ਗਈ।

ਅੰਤ ਵਿਚ ਗੁਰੂ ਘਰ ਦੇ ਪ੍ਰਧਾਨ ਸ੍ਰੀ ਦਲਵਿੰਦਰ ਰੱਲ੍ਹ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ। ਗੁਰੂ ਕੇ ਲੰਗਰ ਤਿੰਨੇ ਦਿਨ ਅਤੁੱਟ ਵਰਤਾਏ ਗਏ।

**(ਤਸਵੀਰਾਂ ਦੇਖੋ ਸਫਾ 15 ‘ਤੇ)**

# ਨਾਟਕਕਾਰ ਅਤੇ ਲੇਖਕ ਗਿਰੀਸ਼ ਕਰਨਾਡ ਦੀ ਯਾਦ ’ਚ ਸ਼ੋਕ-ਸਭਾ

ਜਲੰਧਰ:- ਮੁਲਕ ਦੇ ਮੰਨੇ-ਪ੍ਰਮੰਨੇ ਵਿਦਵਾਨ ਲੇਖਕ, ਨਾਟਕਕਾਰ ਅਤੇ ਬੇਬਾਕ ਜਮਹੂਰੀ ਕਾਮੇ ਗਿਰੀਸ਼ ਕਰਨਾਡ ਦੇ ਦਰਦਨਾਕ ਵਿਛੋੜੇ 'ਤੇ ਅੱਜ ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਸ਼ੋਕ ਸਭਾ ਕੀਤੀ ਗਈ।




ਸ਼ੋਕ ਸਭਾ ਨੂੰ ਸੰਬੋਧਨ ਕਰਦਿਆਂ ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਗੁਰਮੀਤ ਸਿੰਘ ਢੱਡਾ, ਜਨਰਲ ਸਕੱਤਰ ਗੁਰਮੀਤ ਸਿੰਘ, ਮੀਤ ਪ੍ਰਧਾਨ ਅਜਮੇਰ ਸਿੰਘ, ਸਹਾਇਕ ਸਕੱਤਰ ਡਾ. ਪਰਮਿੰਦਰ ਸਿੰਘ, ਖਜ਼ਾਨਚੀ ਰਣਜੀਤ ਸਿੰਘ ਔਲਖ, ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ, ਇਤਿਹਾਸ ਕਮੇਟੀ ਦੇ ਕਨਵੀਨਰ ਨੌਨਿਹਾਲ ਸਿੰਘ, ਮਿਊਜ਼ੀਅਮ ਕਮੇਟੀ ਕਨਵੀਨਰ ਹਰਵਿੰਦਰ ਭੰਡਾਲ, ਲਾਇਬ੍ਰੇਰੀ ਕਮੇਟੀ ਦੇ ਕਨਵੀਨਰ ਸੁਰਿੰਦਰ ਕੁਮਾਰੀ ਕੋਛੜ ਤੋਂ ਇਲਾਵਾ ਚਰੰਜੀ ਲਾਲ ਕੰਗਣੀਵਾਲ, ਦੇਵ ਰਾਜ ਨਯੀਅਰ ਨੇ ਕਿਹਾ ਕਿ ਗਿਰੀਸ਼ ਕਰਨਾਡ ਦੀ ਸਾਹਿਤਕ, ਰੰਗ ਮੰਚੀ ਘਾਲਣਾ ਅਤੇ ਜਮਹੂਰੀ ਹੱਕਾਂ ਦੇ ਮੋਰਚੇ ਉਪਰ ਨਿਧੜਕ ਡਟਣ ਦੇ ਪਾਏ ਯੋਗਦਾਨ ਨੂੰ ਆਉਣ ਵਾਲੀਆਂ ਪੀੜ੍ਹੀਆਂ ਵੀ ਸਦਾ ਸਲਾਮ ਕਰਦੀਆਂ ਰਹਿਣਗੀਆਂ।

ਬੁਲਾਰਿਆਂ ਨੇ ਕਿਹਾ ਕਿ ਗਿਰੀਸ਼ ਕਰਨਾਡ ਨੇ ਯਯਾਤੀ, ਹਯਵਦਨ, ਨਾਗ ਮੰਡਲ, ਅਗਨੀ ਔਰ ਵਰਖਾ, ਰਕਤ ਕਲਿਆਣ ਵਰਗੇ ਦਰਜਣਾ ਨਾਟਕ ਲਿਖੇ, ਜਿਹਨਾਂ ਨੇ ਲੋਕ ਮਨਾਂ ਉਪਰ ਅਮਿੱਟ ਮੋਹਰ ਛਾਪ ਲਗਾਈ। ਉਹਨਾਂ ਦੇ 'ਨਾਗ ਮੰਡਲ', 'ਅਗਨੀ ਔਰ ਵਰਖਾ’ ਵਰਗੇ ਨਾਟਕਾਂ ਦਾ ਪੰਜਾਬੀ ਮੰਚਣ ਵੀ ਹੋਇਆ। ਜ਼ਿਕਰਯੋਗ ਹੈ ਕਿ ਜਦੋਂ ਮੋਦੀ ਹਕੂਮਤ ਦੇਸ਼ ਦੇ ਲੋਕ-ਪੱਖੀ ਬੁੱਧੀਜੀਵੀਆਂ, ਲੇਖਕਾਂ, ਕਵੀਆਂ, ਰੰਗਕਰਮੀਆਂ, ਜਮਹੂਰੀ ਕਾਮਿਆਂ, ਪੱਤਰਕਾਰਾਂ ਨੂੰ 'ਸ਼ਹਿਰੀ ਨਕਸਲੀ’ ਕਹਿਕੇ ਜੇਲੀਂ ਸੁੱਟਣ ਲੱਗੀ ਤਾਂ ਗਿਰੀਸ਼ ਕਰਨਾਡ ਨੇ ਆਪਣੇ ਗਲ਼ ਵਿੱਚ 'ਮੈਂ ਵੀ ਅਰਬਨ ਨਕਸਲੀ’ ਦੀ ਤਖ਼ਤੀ ਪਾ ਕੇ ਰੋਸ ਵਿਖਾਵੇ ਦੀ ਅਗਵਾਈ ਕੀਤੀ। ਤਾਜ਼ਾ ਲੋਕ ਸਭਾ ਚੋਣਾਂ ਵਿੱਚ ਉਹਨਾਂ ਨੇ ਸੈਂਕੜੇ ਵਿਦਵਾਨਾਂ ਦੇ ਦਸਤਖ਼ਤਾਂ ਹੇਠ ਲੋਕਾਂ ਨੂੰ ਫਾਸ਼ੀਵਾਦ ਦੇ ਖ਼ਤਰਿਆਂ ਖਿਲਾਫ਼ ਡਟਣ ਦਾ ਸੱਦਾ ਦਿੱਤਾ। ਦੇਸ਼ ਭਗਤ ਯਾਦਗਾਰ ਕਮੇਟੀ ਨੇ ਅਹਿਦ ਲਿਆ ਕਿ ਦੇਸ਼ ਭਗਤ ਯਾਦਗਾਰ ਹਾਲ ਗਿਰੀਸ਼ ਕਰਨਾਡ ਵੱਲੋਂ ਰੰਗ ਮੰਚ, ਲੇਖਣ ਅਤੇ ਸਰਗਰਮੀਆਂ ਦੇ ਪਿੜ੍ਹ ਅੰਦਰ ਪਾਈਆਂ ਪੈੜਾਂ ਦੇ ਸੁਨੇਹੇ ਸਦਾ ਬੁਲੰਦ ਰੱਖੇਗਾ।

---

ਤਾਏ ਨੂੰ ਸਮਝ ਨਹੀਂ ਸੀ ਲੱਗਦੀ ਕੇ ਇਹ ਰੋਜ਼ ਬੇਲਣੇ ਦੀ ਬਰਸਾਤ ਕਿਉਂ ਹੋ ਜਾਂਦੀ ਹੈ, ਤਾਇਆ ਆਪਣੇ ਵਲੋਂ ਪੂਰਾ ਖਿਆਲ ਰੱਖਦਾ ਸੀ, ਬਈ ਕੋਈ ਗਲਤੀ ਨਹੀਂ ਕਰਨੀ। ਪਰ ਰੋਜ਼ ਹੀ ਰੰਗੀਨ ਹੋਈਆਂ ਅੱਖਾਂ ਨੇ ਹੱਥਾਂ ਪੈਰਾਂ ਜਾਂ ਜੁਬਾਨ ਤੋਂ ਕੋਈ ਗਲਤੀ ਕਰਵਾ ਹੀ ਦੇਣੀ। ਜੇ ਹੋਰ ਕੁਝ ਨੀ ਤਾਂ ਤਾਈ ਦੇ ਫੁੱਲਾਂ ਵਾਲੇ ਕੱਪਾਂ ਚੋਂ ਇੱਕ ਅੱਧਾ ਹੱਥ ਚੋਂ ਛੁੱਟ ਕੇ ਟੁੱਟ ਜਾਣਾ। ਗੱਲ ਕੀ ਤਾਏ ਦੇ ਸਬਰ ਦਾ ਪਿਆਲਾ ਵੀ ਭਰ ਗਿਆ। ਤਾਏ ਨੇ ਪੱਕਾ ਸੋਚ ਲਿਆ ਬੀ ਹੁਣ ਮਰੀਕਾ ਚੱਲੇ ਜਾਣਾ। ਉਹਨੇ ਮਰੀਕਾ ਵਾਲੇ ਗੋਰਿਆਂ ਨੂੰ ਚਿੱਠੀ ਲਿੱਖਤੀ ਬੀ ਮੈਨੂੰ ਬਚਾ ਲੋ, ਜੋ ਕਹੋਗੇ, ਕਰਨ ਨੂੰ ਤਿਆਰ ਹਾਂ। ਹੁਣ ਭਾਈ ਗੋਰੇ ਹੁੰਦੇ ਨਰਮ ਦਿਲ, ਉਹ ਕੈਂਹਦੇ, ਤੈਨੂੰ ਸੱਦ ਲੈਂਦੇ ਆਂ, ਪਰ ਤੂੰ ਡਰੈਵਰੀ ਸਿੱਖ ਲਾ। ਤਾਏ ਨੇ ਚਾਚੇ ਨਾਲ ਸਲਾਹ ਕਰਕੇ ਲੁਦੇਹਾਣੇ ਟੈਂਪੂ ਕਿਰਾਏ ਤੇ ਲੈ ਲਿਆ। ਦੇ ਕੇ ਮੁੱਛਾਂ ਨੂੰ ਤਾਂਅ, ਟੈਂਪੂ ਦੀ ਬਣਾ ਦਿਆ ਕਰੇ ਭੰਬੀਰੀ। ਗੰਢ ਸੰਢ ਕਰਕੇ ਹਰ ਰੋਜ਼ ਚਲਾਨ ਤੋਂ ਵੀ ਬੱਚ ਜਾਇਆ ਕਰੇ। ਉਧਰ ਭਾਈ ਤਾਈ ਉਦਾਸ ਹੋ ਗਈ। ਅਣਵਰਤਿਆ ਵੇਲਣਾ ਦੇਖ ਦੇਖ ਰੋਣ ਹਾਅ ਕੀ ਜਿਹੀ ਹੋ ਜਾਇਆ ਕਰੇ। ਇਕ ਦਿਨ ਭਤੀਜ ਨੂੰ ਕਹਿੰਦੀ, ਜਾਹ ਪੁੱਤਰਾ ਮਨਾ ਲਿਆ ਤਾਏ ਆਪਣੇ ਨੂੰ, ਕਿਤੇ ਸੱਚੀਂ ਨਾ ਮਰੀਕਣ ਬਣਜੇ, ਮੈਂਥੋਂ ਨੀ ਝੱਗੀਆਂ ਜਿਹੀਆਂ ਪਾ ਹੋਣੀਆਂ। ਭਤੀਜ ਵੀ ਤੜਕੇ ਨੂੰ ਲੁਦੇਹਾਣੇ ਦੇ ਵੱਡੇ ਚੌਂਕ ਚ ਜਾ ਖੜ੍ਹਿਆ। ਕਹਿੰਦੇ ਖੂਨ ਨੂੰ ਖੂਨ ਪਿਆਰਾ ਹੁੰਦਾ। ਆਖਰ ਸ਼ਾਹ ਵੇਲੇ ਨੂੰ ਮੇਲ ਹੋ ਹੀ ਗਿਅ। ਗੱਲਬਾਤਾਂ ਹੋਈਆ। ਪਰ ਆਖਰ ਤਾਇਆ ਕਹਿੰਦਾ, -ਮੈਂ ਤਾਂ ਹੁਣ ਮਰੀਕਾ ਹੀ ਜਾਊਂ, ਮੇਰਾ ਫੈਸਲਾ ਪੱਕਾ, ਦੇਖਲਾ ਮੈਂ ਟੈਂਪੂ ਤੇ ਮਰੀਕਾ ਦਾ ਝੰਡਾ ਵੀ ਲਾ ਤਾ। -ਪਰ ਤਾਇਆ ਉਹ ਤਾਂ ਪੁੱਠਾ ਲੱਗਾ? -ਪਹਿਲਾਂ ਦੱਸ, ਮਰੀਕਾ ਧਰਤੀ ਦੇ ਦੂਜੇ ਪਾਸੇ ਆ ਕੇ ਨਹੀ ? -ਉਹ ਤਾਂ ਹੈ ਗਾ- ਹੁਣ ਦੱਸ, ਉੱਥੇ ਦੇ ਹਸਾਬ ਨਾਲ ਤਾਂ ਸਿੱਧਾ ਹੀ ਹੋਇਆ? - ਪਰ ਫੇਰ ਤਾਂ ਟੈਂਪੂ ਉਲਟ ਜੂ? - ਲੈ ਉਹ ਤਾਂ ਇੱਥੇ ਰੋਜ਼ ਦਾ ਕੰਮ ਆ। ਤੇ ਹੁਣ ਗੱਲ ਭਤੀਜ ਦੇ ਵਸੋਂ ਬਾਹਰ ਹੋ ਗਈ।



**– ਜਨਮੇਜਾ ਸਿੰਘ ਜੌਹਲ**

anmeja@gmail[com

‘ਦੇਸ਼ ਦੁਆਬਾ’ ‘ਅੰਬੇਦਕਰ ਟਾਈਮਜ਼’

ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:

www.deshdoaba.com www.ambedkartimes.com

**Matrimonial**

ਰਵਿਦਾਸੀਆ ਭਾਈਚਾਰੇ ਨਾਲ ਸਬੰਧਤ ਇੰਡੀਆ ਵਿਚ ਜਨਮਿਆ ਲੜਕਾ, ਉਮਰ 29 ਸਾਲ, ਯੂ. ਐਸ. ਏ. ਸਿਟੀਜ਼ਨ, ਕੱਦ 5 ਫੁੱਟ 8 ਇੰਚ, ਯੂਨੀਵਰਸਿਟੀ ਆਫ ਕੈਲੇਫੋਰਨੀਆ ਤੋਂ ਬਾਇਓਲਾਜੀ, ਲੋਕਲ ਗੌਰਮਿੰਟ ਵਿਚ ਸਰਵਿਸ, ਬੇ-ਏਰੀਆ ਵਿਚ ਰਹਿੰਦੇ ਲੜਕੇ ਲਈ ਪੜ੍ਹੀ-ਲਿਖੀ ਅਮਰੀਕਾ ਵਿਚ ਰਹਿੰਦੀ ਲੜਕੀ ਦੀ ਲੋੜ ਹੈ।

**ਸੰਪਰਕ ਕਰੋ ਫੋਨ ਜਾਂ ਵਟਸਅਪ: 510 8625488**

# ਅਮਰ ਸ਼ੇਰਗਿੱਲ ਕੈਲੀਫੋਰਨੀਆ ਡੈਮੋਕਰੈਟਿਕ ਪਾਰਟੀ ਦੀ "ਪ੍ਰੋਗਰੈਸਿਵ ਕਾਕਸ" ਦੇ ਪ੍ਰਧਾਨ ਚੁਣੇ ਗਏ






**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)—** ਸਥਾਨ ਪੰਜਾਬੀ ਭਾਈਚਾਰੇ ਦੇ ਸਿਰਕੱਢ ਨੌਜੁਆਨ ਸਮਾਜਿਕ ਆਗੂ ਅਮਰ ਸ਼ੇਰਗਿੱਲ ਨੇ ਉਸ ਵੇਲੇ ਇਤਿਹਾਸ ਰਚ ਦਿੱਤਾ ਜਦੋਂ ਉਹ ਕੈਲੀਫੋਰਨੀਆ ਡੈਮੋਕਰੈਟਿਕ ਪਾਰਟੀ (ਸੀ ਡੀ ਪੀ) ਦੀ 'ਪ੍ਰੋਗਰੈਸਿਵ ਕਾਕਸ' ਦੇ ਪ੍ਰਧਾਨ ਚੁਣੇ ਗਏ। ਸੀ.ਡੀ.ਪੀ ਵਿਚ ਪ੍ਰੋਗਰੈਸਿਵ ਕਾਕਸ ਸਭ ਤੋਂ ਵੱਡੀ ਧਿਰ ਹੈ ਜਿਸ ਦੇ 700 ਤੋਂ ਵਧ ਡੈਲੀਗੇਟ ਹਨ। ਸੀ.ਡੀ.ਪੀ ਦੀ ਕਨਵੈਨਸ਼ਨ ਸੈਨ ਫਰਾਂਸਿਸਕੋ ਵਿਚ ਹੋਈ ਜਿਸ ਵਿਚ ਸੂਬੇ ਭਰ ਵਿਚੋਂ 3000 ਤੋਂ ਵਧ ਡੈਲੀਗੇਟਾਂ ਨੇ ਹਿੱਸਾ ਲਿਆ। ਇਸ ਕਨਵੈਨਸ਼ਨ ਵਿਚ ਪਾਰਟੀ ਦੇ ਪ੍ਰਧਾਨ ਦੇ ਅਹੁੱਦੇ ਲਈ 11 ਉਮੀਦਵਾਰਾਂ ਨੇ ਵੀ ਹਿੱਸਾ ਲਿਆ ਜਿਨਾਂ ਵਿਚ ਸੈਨੇਟਰ ਬਰਨੀ ਸੈਂਡਰਜ, ਅਲਿਜ਼ਾਬੈਥ ਵਾਰਨ ਤੇ ਕਮਲਾ ਹੈਰਿਸ ਵੀ ਸ਼ਾਮਿਲ ਸਨ। ਡੈਲੀਗੇਟਾਂ ਨੂੰ ਸੰਬੋਧਨ ਕਰਦਿਆਂ ਸ਼ੇਰਗਿੱਲ ਨੇ ਆਪਣੇ ਗੰਭੀਰ ਭਾਸ਼ਣ ਵਿਚ ਕੈਲੀਫੋਰਨੀਆ ਵਿਚ ਡੈਮੋਕਰੈਟਿਕ ਦੀ ਸਫਲਤਾ ਸਮੇਤ 'ਪ੍ਰੋਗਰੈਸਿਵ ਕਾਕਸ' ਲਈ ਆਪਣੀ ਯੋਜਨਾ ਦਾ ਖੁਲਾਸਾ ਕੀਤਾ। ਉਨਾਂ ਨੇ ਨਸਲ ਦੀ ਪ੍ਰਵਾਹ ਕੀਤੇ ਬਗੈਰ ਉਮੀਦਵਾਰਾਂ ਦੀ ਚੋਣ ਗੈਰ ਪੱਖਪਾਤੀ ਢੰਗ ਨਾਲ ਕਰਨ ਲਈ ਕਿਹਾ। ਅਮਰ ਸ਼ੇਰਗਿੱਲ ਨੂੰ ਸਭ ਤੋਂ ਪਹਿਲਾਂ ਕਾਂਗਰਮੈਨ ਆਰ ਓ ਖੰਨਾ, ਅਸੰਬਲੀ ਮੈਂਬਰ ਐਸ਼ ਕਾਲਰਾ, ਸਾਬਕਾ ਅਸੰਬਲੀ ਮੈਂਬਰ ਮਾਰੀਕੋ ਯਮਾਡਾ, ਅਸੰਬਲੀ ਮੈਂਬਰ ਕੈਵਿਨ ਮੈਕਾਰਟੀ ਤੇ ਕੈਲੀਫੋਰਨੀਆ ਨਰਸਜ਼ ਐਸੋਸੀਏਸ਼ਨ ਦਾ ਸਮਰਥਨ ਮਿਲਿਆ। ਐਸ ਕਾਲਰਾ ਨੇ ਕਿਹਾ ਕਿ ਸਾਡੀ ਪਾਰਟੀ ਨੂੰ ਦਮਦਾਰ ਆਗੂ ਦੀ ਲੋੜ ਹੈ, ਮੈ ਅਮਰ ਉਪਰ ਭਰੋਸਾ ਕਰਦਾ ਹਾਂ। ਉਹ ਪਾਰਟੀ ਦੀਆਂ ਰਵਾਇਤਾਂ ਤੇ ਜ਼ਮੀਰ ਨੂੰ ਕਾਇਮ ਰਖਣਗੇ। ਅਮਰ ਸ਼ੇਰਗਿੱਲ ਪਹਿਲੇ ਦੱਖਣੀ ਏਸ਼ੀਆਈ ਹਨ ਜੋ ਪ੍ਰੋਗਰੈਸਿਵ ਕਾਕਸ ਦੇ ਆਗੂ ਚੁਣੇ ਗਏ ਹਨ। ਇਥੇ ਵਰਨਣਯੋਗ ਹੈ ਕਿ ਅਮਰ ਸ਼ੇਰਗਿਲ ਇੰਗਲੈਂਡ ਤੋਂ ਅਮਰੀਕਾ ਆ ਵਸੇ ਪਰ ਪੰਜਾਬ ਵਿਚਲਾ ਉਨਾਂ ਦਾ ਪਿੰਡ ਝਿੰਗੜਾਂ ਹੈ ਜੋ ਜਿਲਾ ਸ਼ਹੀਦ ਭਗਤ ਸਿੰਘ ਵਿੱਚ ਪੈਂਦਾ ਹੈ।

# ਸਿਆਟਲ ਵਿਚ ਜੂਨ 1984 ਘੱਲੂਘਾਰੇ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਂਟ ਕੀਤੀ ਗਈ

**ਸਿਆਟਲ (ਗੁਰਚਰਨ ਸਿੰਘ ਢਿੱਲੋਂ)–** ਗੁਰਦੁਆਰੇ ਸੱਚਾ ਮਾਰਗ ਐਬਰਲ ਵਿਚ ਜੂਨ 1984 ਘੱਲੂਘਾਰੇ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਦੇਣ ਲਈ ਧਾਰਮਿਕ



ਸਮਾਗਮ ਆਯੋਜਿਤ ਕੀਤਾ ਗਿਆ, ਜਿੱਥੇ ਭਾਈ ਵਰਿੰਦਰਪਾਲ ਸਿੰਘ ਡੇਹਰਾਦੂਨ ਵਾਲਿਆਂ ਨੇ ਕਥਾ ਰਾਹੀਂ 1984 ਦੇ ਘੱਲੂਘਾਰੇ ਸਾਕੇ ਬਾਰੇ ਵਿਸਥਾ ਸਹਿਤ ਚਾਨਣਾ ਪਾਇਆ। ਗੁਰੂ ਘਰ ਦੇ ਕੀਰਤਨੀ ਜਥੇ ਭਾਈ ਕੁਲਵਿੰਦਰ ਸਿੰਘ, ਭਾਈ ਮੋਹਨ ਸਿੰਘ ਤੇ ਭਾਈ ਦਵਿੰਦਰਪਾਲ ਸਿੰਘ ਨੇ ਰਸਭਿੰਨਾ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ।

ਸਟੇਜ ਤੋਂ ਹਰਸਿੰਦਰ ਸਿੰਘ ਸੰਧੂ ਨੇ 1984 ਘੱਲੂਘਾਰੇ ਦੇ ਸ਼ਹੀਦਾਂ ਨੂੰ ਸ਼ਰਧਾਂਜਲੀਆਂ ਦਿੱਤੀਆਂ, ਬੇਦੋਸ਼ੇ ਲੋਕਾਂ ਜੋ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨਾਂ ਨੂੰ ਆਏ ਸਨ, ਗੋਲੀਆਂ ਮਾਰ ਕੇ ਮਾਰ ਦਿੱਤਾ ਤੇ ਬਹੁਤ ਸਾਰੇ ਲੋਕਾਂ ਨੂੰ ਨਜ਼ਰਬੰਦ



ਕਰਕੇ ਸਾਰੇ ਸਰਕਾਰ ਦੀ ਨਿਖੇਧੀ ਕੀਤੀ। ਇਸ ਮੌਕੇ ਲੰਗਰਾਂ ਦੀ ਸੇਵਾ ਚੇਤ ਸਿੰਘ ਸਿੱਧੂ ਦੇ ਪਰਿਵਾਰ ਵੱਲੋਂ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਕੀਤੀ। ਗੁਰੂ ਘਰ ਵੱਲੋਂ ਚੇਤ ਸਿੰਘ ਸਿੱਧੂ ਨੂੰ ਸਿਰੋਪਾਓ ਦੇ ਕੇ ਨਿਵਾਜਿਆ ਗਿਆ।

ਹਰਸਿੰਦਰ ਸਿੰਘ ਸੰਧੂ ਨੇ ਦੱਸਿਆ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਸਮਾਗਮ 14-15 ਜੂਨ ਨੂੰ ਗੁਰੂ ਘਰ ਵਿਚ ਮਨਾਏ ਜਾ ਰਹੇ ਹਨ, ਜਿੱਥੇ ਭਾਈ ਦਵਿੰਦਰਪਾਲ ਸਿੰਘ ਨੇ ਕਥਾ/ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ।

# ਮਹਾਨ ਸ਼ਹੀਦਾਂ ਨੂੰ ਪ੍ਰਣਾਮ

ਆਦਰ ਭਰਪੂਰ ਦੋਸਤੋ, ਭੈਣੋ, ਭਰਾਵੋ।
ਤੁਹਾਨੂੰ ਸਭ ਨੂੰ ਨਿੱਘੀ ਯਾਦ।

ਸਮਾਜ ਨੂੰ ਦੁੱਖ ਤਕਲੀਫਾਂ 'ਚੋਂ ਕੱਢਣ ਵਾਸਤੇ ਸਮੇਂ-ਸਮੇਂ ਜਿੰਨਾਂ ਸ਼ਖ਼ਸੀਅਤਾਂ ਨੇ ਆਪਣਾ ਯੋਗਦਾਨ ਪਾਇਆ ਤੇ ਕੁਰਬਾਨੀਆਂ ਦਿੱਤੀਆਂ, ਸ਼ਹੀਦੀਆਂ ਪਾਈਆਂ ਨੂੰ ਯਾਦ ਕਰਨਾ ਚਾਹੀਦਾ ਹੈ। ਹਿੰਦੁਸਤਾਨ ਦੀ ਜ਼ਰਖੇਜ਼ ਧਰਤੀ ਤੇ ਹਜ਼ਾਰਾਂ ਸਾਲ ਬਾਹਰੀ ਹਕੂਮਤਾਂ ਨੇ ਰਾਜ ਕੀਤਾ ਤੇ ਸਮੇਂ-ਸਮੇਂ ਹਿੰਦੁਸਤਾਨੀਆਂ ਨੇ ਉਹਨਾਂ ਨੂੰ ਖਦੇੜਨ ਲਈ ਯਤਨ ਕੀਤੇ ਕੁਰਬਾਨੀਆਂ ਦਿੱਤੀਆਂ ਤੇ ਸ਼ਹੀਦੀਆਂ ਪਾਈਆਂ।

ਮੁਗਲ ਰਾਜ ਨੂੰ ਦੇਖੀਏ, ਸਾਡੇ ਗੁਰੂਆਂ ਨੇ ਮਨੁੱਖਤਾ ਤੇ ਹੋ ਰਹੇ ਅੰਨ੍ਹਿਆਂ ਵਿਰੁੱਧ ਸੰਘਰਸ਼ ਕੀਤਾ ਤੇ ਕੁਰਬਾਨੀਆਂ ਦੇ ਕੇ ਤੱਤੀਆਂ ਤਵੀਆਂ ਉੱਪਰ ਬੈਠ ਸਿਰ ਉੱਤੇ ਤੱਪਦੀ ਰੇਤ ਪੁਆਕੇ, ਬੰਦ ਬੰਦ ਕਟਵਾ, ਚਾਂਦਨੀ ਚੌਂਕ 'ਚ ਸੀਸ ਕਟਵਾ ਕੇ ਸਿੱਖੀ ਦੇ ਬੂਟੇ ਨੂੰ ਵੱਡਾ ਕੀਤਾ। ਉਪਰੰਤ ਅੰਗਰੇਜ਼ ਦੇ ਰਾਜ ਦੀ ਬੇਦਰਦ ਗਾਥਾ ਵੱਲ ਧਿਆਨ ਮਾਰੀਏ ਤਾਂ ਸ਼ਹੀਦੀਆਂ ਦੀ ਗਿਣਤੀ ਕੀਤੀ ਨਹੀਂ ਜਾ ਸਕਦੀ। ਲੱਖਾਂ ਕਰੋੜਾਂ ਲੋਕਾਂ ਦੀਆਂ ਬੇਨਾਮ ਰੂਹਾਂ ਅੱਜ ਵੀ ਯਾਦ ਵਿਹੂਣੀਆਂ ਤੜਪ ਰਹੀਆਂ ਹਨ ਭੁਲੇ ਵਿਸਰੇ ਸ਼ਹੀਦ ਅੱਜ ਵੀ ਜਿੰਦਾਦਿਲੀ ਤੇ ਕਣ ਰੱਖਣ ਵਾਲਿਆਂ ਦੇ ਸਿਰਾਂ ਤੇ ਚੜ੍ਹੇ ਹੋਏ ਰਿਣ ਦਾ ਹਿਸਾਬ ਮੰਗ ਰਹੇ ਹਨ।

ਜਨਤਾ ਦਾ ਵੱਖ-ਵੱਖ ਧਰਮਾਂ 'ਚ, ਪਾਰਟੀਆਂ 'ਚ ਵੰਡ ਹੋਣਾ ਕੀ ਮਨੁੱਖੀ ਤਾਕਤ ਨੂੰ ਕਮਜ਼ੋਰ ਕਰਨ ਦੀ ਵਿਧੀ ਸਮਝ ਤੋਂ ਦੂਰ ਦੀ ਗਲ ਹੈ? ਅੱਜ ਭਾਰਤੀ ਸਰਕਾਰਾਂ ਸ਼ਹੀਦਾਂ ਦੇ ਬੁੱਤਾਂ ਤੇ ਪੰਜ ਸਾਲ ਬਾਅਦ ਫੁੱਲਾਂ ਦੀ ਮਾਲਾਂ ਪਾ ਕੇ ਰਾਜ ਭਾਗ ਦਾ ਅਨੰਦ ਮਾਣਦੀਆਂ ਹਨ। ਸਰਕਾਰੀ ਪੇਪਰਾਂ 'ਚ ਅੱਜ ਵੀ ਉਹ ਸ਼ਹੀਦ ਕਿਉਂ ਨਹੀਂ ਹਨ ਥੋੜ੍ਹਾ ਧਿਆਨ ਮਾਰਨ ਦੀ ਲੋੜ ਨੂੰ ਮਹਿਸੂਸਣਾ ਚਾਹੀਦਾ ਹੈ ਕਿ ਉਹ ਕਿਹੜੀ ਬੰਦਸ਼ ਹੈ?

ਅੱਜ ਜੂਨ 9,2019 ਹੈ। 109 ਸਾਲ ਪਹਿਲਾਂ ਹਿੰਦੁਸਤਾਨ (ਭਾਰਤ) ਦੇ ਵਿਸ਼ਾਲ ਸੂਬੇ ਪੰਜਾਬ ਦੀ ਧਰਤੀ ਪਿੰਡ:- ਧਰਮਪੁਰ, ਤਹਿਸੀਲ ਤਲਵਾੜਾ, ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਜਨਮੇ ਸਪੂਤ ਸ਼ਹੀਦ ਪੰਡਿਤ ਕਿਸ਼ੋਰੀ ਲਾਲ ਜੀ ਦਾ ਜਨਮ ਦਿਨ ਹੈ ਜੋ ਅੰਗਰੇਜ਼ ਰਾਜ ਵਿਰੁੱਧ ਛੋਟੀ ਉਮਰ ਦੇ ਲੜਾਕੇ ਯੋਧੇ ਸਨ।

ਸ਼ਹੀਦ ਸੁਖਦੇਵ ਤੇ ਸ਼ਹੀਦ ਭਗਤ ਸਿੰਘ ਦੇ ਨੇੜਲੇ ਸਾਥੀ ਸਨ। 24 ਸਾਲ ਦਾ ਸਮਾਂ ਜੇਲ੍ਹ ਯਾਤਰਾ ਕੀਤੀ। ਯਾਦਾਂ ਹਿੱਸਾ ਬਣਾਈਏ ਆਪਣੀ ਯਥਾ ਸ਼ਕਤੀ ਮੁਤਾਬਕ ਸ਼ਹੀਦਾਂ ਵਲੋਂ ਚੜ੍ਹਾਏ ਰਿਣ ਨੂੰ ਲਾਉਣ ਦੇ ਯਤਨ ਕਰੀਏ।

**ਵਲੋਂ:-ਇੰਡੋ-ਅਮੈਰੀਕਨ ਹੈਰੀਟੇਜ ਫਾਉਂਡੇਸ਼ਨ ਨਿਊਯਾਰਕ।**

SKY TRANSPORT SOLUTIONS
STRIVE FOR MORE
WE PROVIDE ALL TRUCKING RELATED PERMITS AND SERVICES
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ



SPECIAL BIT INSPECTION AND DOT AUDIT COMPLIANCE:
ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.
NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS FOR OUT OF SERVICE DOT.
SPECIAL DOT COMPLIANCE FOR SAFETY, AUDITS AND RECORD KEEPING.
PLEASE CONTACT US FOR MORE INFORMATION
PHONE: 209-855-6938, FAX: 209-762-6540
Email: skytransportsolution@gmail.com
Give us a chance to provide you best services
2680 N TRACY BLVD, SUITE 4, TRACY, CA 95376

Dedicated to Sri Guru Nanak Dev ji's 550th Parkash Purb

UNITED SPORTS CLUB CALIFORNIA, AMERICA

15TH WORLD KABADDI CUP

15 SEPTEIMBER 2019, SUNDAY

(Timing 09:00am - 06pm)

(James Logan High School 1800 H Street, Union City, California 94587)

ਸੰਗਤਾਂ ਦੇ ਸਹਿਯੋਗ ਨਾਲ ਕਰਵਾਇਆ ਜਾਣ ਵਾਲਾ '15ਵਾਂ ਵਿਸ਼ਵ ਕਬੱਡੀ ਕੱਪ 2919' ਇਤਿਹਾਸਿਕ ਹੋਵੇਗਾ

ਤੀਰਥ ਗਾਖਲ ਰੰਗ ਕਬੱਡੀ ਦੇ

Amolak Singh Gakhal
Chief Patron, United Sports Club

Sponsor of 1st Prize
Gulwinder Gakhal, Neki Atwal & Pinki Atwal of Diamond Trucking
DIAMOND TRANSPORTATION

Sponsor of 2nd Prize
Jugraj Singh Sahota & Narinder Singh Sahota of Sahota Family
Dedicated to Sweet Memory of Late. Kashmir Singh Sahota

Sponsor of 3rd Prize
Mike Boparai

Diamond Sponsor
Inder Dosanjh
Dosanjh faimly auto group Inc

Makhan Singh Bains, Chairman
Iqbal Singh Gakhal, Vice Chairman
Jugraj Singh Sahota, President
Palwinder Singh Gakhal, Director
S. Ashok Bhaura, Gen. Sec & Media Incharge
Pinki Atwal, Director
Sadhu Singh Khlaur, Advisor
Narinder Singh Sahota, Treasurer
Balvir Singh Bhatia, Director
Dalwinder Padda, Director
Natha Singh Gakhal, Advisor

All Kabaddi Lovers openly Inivited

Debi Sohal Sidhwan Dona, Director
Inderjit Singh Thind, Director
Bakhtawar Singh Gakhal, Director
Gurpreet Singh Gakhal, Director
Giani Ravinder Singh, Director
Baljinder Singh Gakhal, Director
Gulwiner Singh Gakhal, Director
Harjinder Ladhar, Director
Arundeep Singh
Baljinder Singh

Media In charge World Kabaddi Cup
S. Ashok Bhaura
Phone: 510 415 3315,
Email: ashokbhaura@gmail.com

L.A. MERCHANDISE
Whole Sale +Retail

ਯੂਬਾ ਸਿਟੀ ਦਾ ਸਭ ਤੋਂ ਵੱਡਾ ਗ੍ਰੋਸਰੀ ਸਟੋਰ

500 N. Palora Ave. Yuba City, CA 95991

ਕੁਈਨ ਸਾਈਜ਼ ਬਲੈਂਕਟ $ 18.99 ਦਾ (+Tax)
5 ਬਲੈਂਕਟ ਖਰੀਦਣ ਤੇ 1 ਬਲੈਂਕਟ ਫਰੀ

New folding bed verities

ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ, 220 ਅਤੇ 110 ਵੋਲਟ ਦਾ ਬਿਜਲੀ ਦਾ ਸਮਾਨ

Loose Fabrics, Groceries, Blankets, Vegetables

ਕੈਰੀ ਬੈਗ ਵਧੀਆ ਤੇ ਸਸਤੇ ਰੇਟਾਂ 'ਤੇ ਉਪਲਬਧ ਹਨ

Toilet Water Pressure (Elite 2 Bio Bider) A budget Friendly solution for your desire to feel exceptionally clean and reduce toilet paper waste Only $ 41.99+Tax

ਜੈਂਟਸ ਕਮੀਜ਼ਾਂ ਅਤੇ ਲੇਡੀਜ਼ ਸੂਟ ਦੀ ਸੇਲ

ਹਰ ਕਿਸਮ ਦੀ ਦਾਲ ਸੇਲ 'ਤੇ ਹੈ। ਇੱਥੇ ਤਾਜ਼ਾ ਸਬਜ਼ੀਆਂ ਹਰ ਰੋਜ਼ ਮਿਲਦੀਆਂ ਹਨ।

Red Label Tea 900 Gm $ 3.99

Bio Bidet Elite 2 $ 39.99+ Tax

ਪੱਗਾਂ
ਹਰ ਤਰ੍ਹਾਂ ਦੀਆਂ ਪੱਗਾਂ ਪਹਿਲਾਂ 3 ਡਾਲਰ ਪ੍ਰਤੀ ਗਜ ਦੀ ਥਾਂ ਹੁਣ ਰੇਟ 1.73 ਡਾਲਰ ਪ੍ਰਤੀ ਗਜ ਖਰੀਦੋ

ਇੰਡੀਆ ਤੋਂ Matterss ਸਸਤੇ ਰੇਟ 'ਤੇ ਪਹੁੰਚ ਚੁੱਕੀ ਹੈ

ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ, 220 ਅਤੇ 110 ਵੋਲਟ ਦਾ ਬਿਜਲੀ ਦਾ ਸਮਾਨ

* ਗੋਲਡਨ ਆਟਾ ਨਾਲ 400 ਗ੍ਰਾਮ ਸੂਜੀ ਪੈਕਟ ਮੁਫਤ
* ਹਰ ਤਰ੍ਹਾਂ ਦੇ ਜੋੜਾਂ, ਮਾਸਪੇਸ਼ੀਆਂ ਦੇ ਦਰਦਾਂ ਦੀ ਦਵਾਈ ਸਾਡੇ ਕੋਲੋਂ ਮਿਲਦੀ ਹੈ।
* ਤੁਹਾਡੇ ਝੜਦੇ ਵਾਲਾਂ ਦੇ ਇਲਾਜ ਲਈ ਸਾਡੇ ਕੋਲ ਹਰਬਲ ਹੇਅਰ ਤੇਲ ਉਪਲਬਧ ਹੈ।
* ਸ਼ੂਗਰ ਦੇ ਮਰੀਜ਼ਾਂ ਲਈ ਕਰੇਲੇ ਦਾ ਜੂਸ ਇੱਥੋਂ ਮਿਲਦਾ ਹੈ।

ਸੂਟ
ਹਰ ਤਰ੍ਹਾਂ ਦਾ ਸੂਟ 20 ਡਾਲਰ ਵਿਚ ਖਰੀਦੋ

ਲਾਈਨਿੰਗ
ਸੂਟਾਂ ਦੀ ਲਾਈਨਿੰਗ ਪਹਿਲਾਂ 4.50 ਡਾਲਰ ਪ੍ਰਤੀ ਗਜ਼ ਦੀ ਥਾਂ ਹੁਣ 1.79 ਡਾਲਰ ਪ੍ਰਤੀ ਗਜ ਖਰੀਦੋ

Baksho Kaur Bisla Hardev Singh Bisla

530-671-0439, Fax 530-822-0439 Cell- 530-844-3250

Buy 5 get 1 free

AAA
AUTO AND BODY WORKS

ਸਾਡੇ ਇੱਥੇ ਹਰ ਕਿਸਮ ਦੀਆਂ ਕਾਰਾਂ ਦੀ ਮੁਰੰਮਤ ਅਤੇ ਰਿਪੇਅਰ ਤੋਂ ਇਲਾਵਾ ਕਾਰਾਂ ਦੇ ਪੇਂਟ ਦਾ ਕੰਮ ਤਸੱਲੀਬਖਸ਼ ਕੀਤਾ ਜਾਂਦਾ ਹੈ। ਪੁਰਾਣੀਆਂ ਕਾਰਾਂ ਖਰੀਦਣ ਅਤੇ ਟੋ-ਟਰੱਕ ਦਾ ਖਾਸ ਪ੍ਰਬੰਧ ਹੈ।

We Do Complete Engine Trans-mission, Body and Paint Work We Sell Used Cars at a Good Price

Free Estimates
Free Towing

510- 733- 2222

1421 Industrial PKWY West#F Hay-ward, CA 94544

Prop: Jasbir Singh Takhar
510-755-2132

Harmandeep Singh

### ਜੋ ਆਇਆ ਸੋ ਚਲਸੀ ਸਭੁ ਕੋਈ ਆਈ ਵਾਰੀਐ॥


# ਸ੍ਰੀ ਅਮਰੀਕ ਚੰਦ ਲਾਖਾ (ਸੀਪੀਏ) ਜੀ ਨੂੰ ਗਹਿਰਾ ਸਦਮਾ

## ਪਿਤਾ ਸ੍ਰੀ ਪਿਆਰਾ ਰਾਮ ਲਾਖਾ ਜੀ ਦਾ ਅਕਾਲ ਚਲਾਣਾ, ਪਰਿਵਾਰਕ, ਸਮਾਜਿਕ ਸ਼ਖਸੀਅਤਾਂ ਵੱਲੋਂ ਸ਼ਰਧਾਂਜਲੀਆਂ

**ਫਰੀਮਾਂਟ (ਡੀਡੀਬੀ)**- ਭਾਰਤੀ ਭਾਈਚਾਰੇ ਦੀ ਜਾਣੀ-ਪਹਿਚਾਣੀ ਸ਼ਖਸੀਅਤ ਸ੍ਰੀ ਅਮਰੀਕ ਚੰਦ ਲਾਖਾ ਸੀਪੀਏ ਜੀ ਦੇ ਪੂਜਨੀਕ ਪਿਤਾ ਸ੍ਰੀ ਪਿਆਰਾ ਰਾਮ ਲਾਖਾ ਜੀ ਦਾ ਮਈ ਮਹੀਨੇ ਦੀ 26 ਤਾਰੀਖ ਨੂੰ ਅਕਾਲ ਚਲਾਣਾ ਹੋ ਗਿਆ ਸੀ ਅਤੇ ਇਸ ਮਹੀਨੇ ਦੀ 3 ਤਾਰੀਖ ਨੂੰ ਚੈਪਲ ਆਫ ਚਾਈਮਜ਼ ਫਿਊਨਰਲ ਹੋਮ ਮਿਸ਼ਨ ਬੂਲੇਵਾਡ ਫਰੀਮਾਂਟ ਵਿਖੇ ਸਸਕਾਰ ਕਰ ਦਿੱਤਾ ਗਿਆ। ਸਵਰਗੀ ਸ੍ਰੀ ਪਿਆਰਾ ਰਾਮ ਜੀ ਦਾ ਜੱਦੀ ਪਿੰਡ ਪੱਦੀ ਜਗੀਰ ਜ਼ਿਲ੍ਹਾ ਜਲੰਧਰ (ਪੰਜਾਬ) ਭਾਰਤ ਸੀ ਜੋ ਕਾਫੀ ਲੰਮੇ ਸਮੇਂ ਤੋਂ ਫਰੀਮਾਂਟ (ਕੈਲੇ-ਫੋਰਨੀਆ) 'ਚ ਆਪਣੇ ਪਰਿਵਾਰ ਨਾਲ ਰਹਿ ਰਹੇ ਸਨ ਜੋ ਅਕਾਲ ਪਰਖ ਦੀ ਰਜ਼ਾ 'ਚ ਰਹਿੰਦਿਆਂ ਲੱਗਭੱਗ 88 ਸਾਲ ਦੀ ਸੰਸਾਰਕ ਯਾਤਰਾ ਪੂਰੀ ਕਰਦੇ ਹੋਏ ਸਮੂਹ ਲਾਖਾ ਪਰਿਵਾਰ 'ਚ ਉਹ ਆਪਣੇ ਪਿੱਛੇ ਸੁਪੱਤਨੀ ਤੋਂ ਇਲਾਵਾ ਦੋ ਲੜਕੇ ਅਤੇ ਪੰਜ ਲੜਕੀਆਂ ਅਤੇ ਦੋਹਤੇ-ਦੋਹਤੀਆਂ, ਪੋਤੇ-ਪੋਤੀਆਂ, ਪ੍ਰਾਹੁਣਿਆਂ ਤੋਂ ਸਦਾ-ਸਦਾ ਲਈ ਰੁਖਸਤ ਹੋ ਗਏ।

ਸਵਰਗੀ ਸ੍ਰੀ ਪਿਆਰਾ ਰਾਮ ਲਾਖਾ ਜੀ ਇਕ ਬਹੁਤ ਹੀ ਨੇਕ ਦਿਲ ਇਨਸਾਨ ਸਨ। ਉਹਨਾਂ ਬੜੀ ਮਿਹਨਤ ਨਾਲ ਆਪਣੇ ਪਰਿਵਾਰ ਦਾ ਪਾਲਣ-ਪੋਸ਼ਣ ਕਰਦਿਆਂ ਉਚੀ ਤਾਲੀਮ ਸਭ ਨੂੰ ਦਿਵਾਈ। ਉਹਨਾਂ ਦੇ ਸਾਰੇ ਪਰਿਵਾਰ ਨੇ ਵਿੱਦਿਆ ਤੇ ਸਮਾਜਿਕ ਖੇਤਰ 'ਚ ਖੂਬ ਨਾਮ ਬਣਾਇਆ ਹੈ। ਇਹੀ ਵਜ੍ਹਾ ਹੈ ਕਿ ਉਹਨਾਂ ਦੇ ਸਸਕਾਰ ਤੇ ਬਹੁਤ ਭਾਰੀ ਗਿਣਤੀ ਲੋਕ ਅੰਤਿਮ ਦਰਸ਼ਨਾਂ ਅਤੇ ਸ਼ਰਧਾਂਜਲੀ ਦੇਣ ਲਈ ਪਹੁੰਚੇ। ਜਿਹਨਾਂ ਵਿਚ ਸਰਵ ਸ੍ਰੀ ਜਨਾਬ ਆਜ਼ਾਦ ਜਲੰਧਰੀ, ਓ. ਪੀ. ਬਾਲੀ, ਰਣਧੀਰ ਸੁੰਮਨ, ਰਾਮ ਮੂਰਤੀ ਸਰੋਏ, ਮਲਕੀਤ ਲਾਖਾ, ਚਮਨ ਲਾਖਾ, ਵਿਨੋਦ ਕੁਮਾਰ ਚੁੰਬਰ, ਸੁਖਰਾਜ ਸਿੰਘ ਚੋਪੜਾ, ਪ੍ਰਮਜੀਤ ਭੁੱਟਾ ਆਦਿ ਦੇ ਨਾਂ ਵਰਣਨਯੋਗ ਹਨ ਅਤੇ ਇਹਨਾਂ ਤੋਂ ਇਲਾਵਾ ਸਵਰਗੀ ਪਿਆਰਾ ਰਾਮ ਲਾਖਾ ਜੀ ਦੇ ਦੋਹਤੇ, ਦੋਹਤੀਆਂ, ਪੋਤੇ-ਪੋਤੀਆਂ ਨੇ ਵੀ ਆਪਣੇ ਬੀਤੇ ਪਲਾਂ ਨੂੰ ਯਾਦ ਕਰਦਿਆਂ ਬੜੇ ਹੀ ਦੁਖੀ ਹਿਰਦਿਆਂ ਨਾਲ ਨਮ ਅੱਖੀਆਂ ਨਾਲ ਵਿਛੜੀ ਰੂਹ ਨੂੰ ਸ਼ਰਧਾਂਜਲੀ ਦਿੱਤੀ ਅਤੇ ਭਾਈ ਸਾਹਿਬ ਭਾਈ ਗੁਰਜੀਤ ਸਿੰਘ ਜੀ ਨੇ ਅਰਦਾਸ ਕੀਤੀ।

ਸਸਕਾਰ ਉਪਰੰਤ ਸਿੱਖ ਟੈਂਪਲ (ਗੁਰਦੁਆਰਾ ਸਾਹਿਬ) ਫਰੀਮਾਂਟ (ਕੈਲੇਫੋਰਨੀਆ) ਵਿਖੇ ਪਾਠ ਪੜ੍ਹੇ ਗਏ ਅਤੇ ਵੈਰਾਗਮਈ ਸ਼ਬਦ ਪੜ੍ਹਨ ਉਪਰੰਤ ਵਿਛੜੀ ਰੂਹ ਦੀ ਆਤਮਕ ਸ਼ਾਂਤੀ ਲਈ ਗੁਰਦੁਆਰਾ ਸਾਹਿਬ ਦੇ ਜਥਿਆਂ ਭਾਈ ਸਾਹਿਬਾਨ ਨੇ ਸ਼ਬਦ ਗਾਇਨ ਕੀਤਾ ਅਤੇ ਭਾਈ ਜਗਤਾਰ ਸਿੰਘ ਜੀ ਨੇ ਵਾਹਿਗੁਰੂ ਅੱਗੇ ਅਰਦਾਸ ਕੀਤੀ ਕਿ ਇਸ ਵਿਛੜੀ ਰੂਹ ਨੂੰ ਆਪਣੇ ਚਰਨਾਂ 'ਚ ਨਿਵਾਸ ਦੇਣਾ ਤੇ ਮਗਰ ਸਮੂਹ ਦੁਖੀ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ਣਾ। ਅਖੀਰ ਪਰਿਵਾਰ ਵੱਲੋਂ ਸਮਾਜਿਕ ਰਸਮਾਂ ਵੀ ਕੀਤੀਆਂ ਗਈਆਂ ਅਤੇ ਇੰਜੀਨੀਅਰ ਸ੍ਰੀ ਰਣਧੀਰ ਸਿੰਘ ਸੁੰਮਨ ਨੇ ਸਮੂਹ ਲਾਖਾ ਪਰਿਵਾਰ ਵੱਲੋਂ ਸਾਰਿਆਂ ਦਾ ਧੰਨਵਾਦ ਕੀਤਾ, ਜਿਹਨਾਂ-ਜਿਹਨਾਂ ਨੇ ਇਸ ਦੁੱਖ ਦੀ ਘੜੀ ਵਿਚ ਲਾਖਾ ਪਰਿਵਾਰ ਨਾਲ ਆਪਣੀ ਹਮਦਰਦੀ ਦਿਖਾਈ ਅਤੇ ਹੌਸਲਾ ਦੇ ਕੇ ਦੁੱਖ ਨੂੰ ਵੰਡਾਇਆ। ਅਦਾਰਾ 'ਅੰਬੇਦਕਰ ਟਾਈਮਜ਼' ਅਤੇ 'ਦੇਸ਼ ਦੁਆਬਾ' ਵੱਲੋਂ ਸ੍ਰੀ ਪ੍ਰੇਮ ਕੁਮਾਰ ਚੁੰਬਰ ਨੇ ਲਾਖਾ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ।

















# ਸ੍ਰੀ ਅਮਰੀਕ ਚੰਦ ਲਾਖਾ (ਸੀਪੀਏ) ਜੀ ਨੂੰ ਗਹਿਰਾ ਸਦਮਾ









Pictured: Prem Chumber www.ambedkartimes.com








# ਭਾਰਤ ਰਤਨ ਬਾਬਾ ਸਾਹਿਬ ਡਾ.ਭੀਮ ਰਾਓ ਅੰਬੇਦਕਰ ਜੀ ਦਾ 128ਵਾਂ ਜਨਮ ਦਿਨ ਆਬਰਨ ਬੂਲੇਵਰਡ (ਸੈਕਰਾਮੈਂਟੋ) 'ਚ ਮਨਾਇਆ ਗਿਆ

## ਲੋਕਾਂ ਦਾ ਇਕੱਠ ਸੰਖੇਪ ਪਰ ਅਹਿਮ ਮਸਲਿਆਂ ਤੇ ਹੋਈਆਂ ਵਿਚਾਰਾਂ, ਯੂਨਾਈਟਿਡ ਅਵੇਅਰਨੈਸ ਦੀਆਂ ਗਤੀਵਿਧੀਆਂ ਨੂੰ ਮੁੜ ਗਤੀਸ਼ੀਲ ਕਰਨ ਦਾ ਲਿਆ ਫੈਸਲਾ

**ਸੈਕਰਾਮੈਂਟੋ (ਡੀਡੀਬੀ)–** ਬਿਨਾਂ ਕਿਸੇ ਸੰਸਥਾ ਦੇ ਬਿਨਾਂ ਕਿਸੇ ਦੀ ਪ੍ਰਧਾਨਗੀ ਦੇ ਅਜਿਹਾ ਹੋਇਆ ਪਹਿਲੀ ਵਾਰ ਭਾਰਤ ਰਤਨ ਬਾਬਾ ਸਾਹਿਬ ਡਾ ਅੰਬੇਦਕਰ ਜੀ ਦੇ 128ਵੇਂ ਜਨਮ ਦਿਨ ਮਨਾਏ ਜਾਣ ਦੌਰਾਨ। ਇਸ ਛੋਟੇ ਸਮਾਗਮ ਦਾ ਆਗਾਜ਼ 'ਮਾਈਕ ਮਾਉਂਟੇਨ ਵੀਜ਼ਾ' ਆਬਰਨ ਬੂਲੇਵਰਡ ਸੈਕਰਾਮੈਂਟੋ ਵਿਖੇ 9 ਜੂਨ ਸ਼ਾਮੀ 4 ਵਜੇ ਹੋਇਆ, ਜਿਸ ਵਿਚ ਗਿਣਤੀ ਦੇ ਔਰਤਾਂ ਅਤੇ ਮਰਦਾਂ ਨੇ ਹਿੱਸਾ ਲਿਆ। ਇਸ ਦੀ ਵਿਸ਼ੇਸ਼ਤਾ ਇਹ ਸੀ ਕਿ ਜਿੰਨੇ ਵੀ ਆਏ ਸਭ ਨੇ ਆਪੋ-ਆਪਣੇ ਵਿਚਾਰਾਂ ਨਾਲ ਬਾਬਾ ਸਾਹਿਬ ਜੀ ਦੇ ਜੀਵਨ ਅਤੇ ਸੰਘਰਸ਼ ਉਤੇ ਰੌਸ਼ਨੀ ਅਤੇ ਸਾਝ ਪਾਈ। ਕਿਸੇ ਵੀ ਬੁਲਾਰੇ ਨੂੰ ਆਪਣੀ ਮਰਜ਼ੀ ਨਾਲ ਬੋਲਣ ਦਿੰਤਾ ਗਿਆ। ਕੋਈ ਕਿਸੇ ਵੀ ਕਿਸਮ ਦੀ ਰੋਕ-ਟੋਕ ਨਹੀਂ ਕੀਤੀ ਗਈ। ਬੁਲਾਰਿਆਂ ਨੂੰ ਖੁੱਲ੍ਹ ਸੀ ਕਿ ਜਿੰਨਾ ਵੀ ਬੋਲ ਸਕਦੇ ਹਨ, ਬੋਲਣ। ਬੁਲਾਰੇ ਆਪਣੀ ਮਰਜ਼ੀ ਨਾਲ ਹੀ ਆਪਣੇ ਵਿਚਾਰਾਂ ਨੂੰ ਵਿਰਾਮ ਦਿੰਦੇ ਚਲੇ ਗਏ। ਸਟੇਜ ਦੀ ਸੇਵਾ ਸੰਭਾਲਦਿਆਂ ਸ੍ਰੀ ਰਾਜ ਕੁਮਾਰ ਸੂਦ ਨੇ ਇਕ ਪਾਸਿਉਂ ਸ਼ੁਰੂ ਕਰਕੇ ਦੂਜੇ ਪਾਸੇ ਤੱਕ ਸਭ ਨੂੰ ਵਾਰੋ-ਵਾਰੀ ਮੌਕਾ ਦਿੱਤਾ। ਸਭ ਤੋਂ ਪਹਿਲਾਂ ਅਦਾਰਾ 'ਅੰਬੇਦਕਰ ਟਾਈਮਜ਼' ਅਤੇ 'ਦੇਸ਼ ਦੁਆਬਾ' ਦੇ ਮੁੱਖ ਸੰਪਾਦਕ ਸ੍ਰੀ ਪ੍ਰੇਮ ਕੁਮਾਰ ਚੁੰਬਰ, ਉਸ ਉਪਰੰਤ ਵਾਰੋ-ਵਾਰੀ ਸਰਵਸ੍ਰੀ ਸਤਨਾਮ ਸਿੰਘ ਮੰਡਾਲੀ, ਡੀ. ਐਸ਼. ਰਾਣਾ, ਉਘੇ ਗਾਇਕ ਜੀਵਨ ਰੱਤੂ, ਉਘੇ ਗਾਇਕ ਰਾਜ ਲੱਧੜ, ਨੇ ਗੀਤਾਂ ਰਾਹੀਂ ਸਾਂਝ ਪਾਈ। ਉਪਰੰਤ ਰਾਜ ਬੱਧਣ ਪ੍ਰਧਾਨ ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ, ਬਲਜੀਤ ਸਿੰਘ ਕਾਹਮਾ ਸਕੱਤਰ, ਇੰਜੀਨੀਅਰ ਰਾਕੇਸ਼ ਚੰਦਰ, ਉਘੇ ਬਿਜਨਸਮੈਨ ਮਨਜੀਤ ਕੁਮਾਰ ਭਾਰਦਵਾਜ, ਰਿਟਾਇਰਡ ਬੈਂਕ ਮੈਨੇਜਰ ਲਾਲ ਚੰਦ ਕੈਂਥ, ਉਘੇ ਸ਼ਾਇਰ ਪ੍ਰਮਜੀਤ ਭੁੱਟਾ, ਹੰਸ ਰਾਜ ਕਾਜਲਾ, ਭਾਈ ਜਸਪਾਲ ਸਿੰਘ ਜੀ ਜੰਡੂਸਿੰਘਾ, ਮੁੱਖ ਗ੍ਰੰਥੀ ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ ਅਤੇ ਅਖੀਰ ਵਿਚ ਸ੍ਰੀ ਗੁਰੂ ਰਵਿਦਾਸ ਸਭਾ ਸੈਕਰਾਮੈਂਟੋ ਦੇ ਸਾਬਕਾ ਪ੍ਰਧਾਨ ਸ੍ਰੀ ਰਮੇਸ਼ ਬੰਗੜ ਨੇ ਸਾਰੇ ਹੀ ਸਰੋਤਿਆਂ ਦਾ ਆਉਣ ਅਤੇ ਆਪੋ-ਆਪਣੇ ਵਿਚਾਰਾਂ ਦੀ ਸਾਂਝ ਪਾਉਣ ਲਈ ਧੰਨਵਾਦ ਕਰਦਿਆਂ ਕਿਹਾ ਕਿ ਮੈਨੂੰ ਮੇਰੀ ਆਸ ਤੋਂ ਵੱਧ ਹੁੰਗਾਰਾ ਅਤੇ ਸਹਾਰਾ ਮਿਲਿਆ, ਜਿਸ ਨਾਲ ਅਸੀਂ ਸਾਰੇ ਮੁਢਲੇ ਕਦਮ 'ਚ ਠੀਕ ਸਮਝਦੇ ਹਾਂ।

ਉਹਨਾਂ ਆਪਣੀ ਜ਼ਿੰਦਗੀ ਦੇ ਗੁਰੂ ਘਰ ਜਾਂ ਹੋਰਨਾਂ ਸੰਸਥਾਵਾਂ ਦੇ ਤਜਰਬੇ ਦਾ ਵਰਣਨ ਕਰਦਿਆਂ ਭਵਿੱਖ ਦੀਆਂ ਯੋਜਨਾਵਾਂ ਦਾ ਵਰਣਨ ਕੀਤਾ। ਉਹਨਾਂ ਸਾਫ ਸਾਫ ਸ਼ਬਦਾਂ ਵਿਚ ਸਪਸ਼ਟ ਕੀਤਾ ਕਿ ਮੇਰਾ ਜਾਂ ਆਪਾਂ ਸਾਰੇ ਸਾਥੀਆਂ ਦਾ ਕੋਈ ਨਵੀਂ ਸੰਸਥਾ ਬਣਾਉਣ ਦਾ ਕੋਈ ਇਰਾਦਾ ਨਹੀਂ ਸੀ ਨਾ ਹੀ ਬਲਕਿ ਉਹਨਾਂ ਦਿਲ ਦੀ ਗੱਲ ਸਾਂਝੀ ਕਰਦਿਆਂ ਕਿਹਾ ਕਿ ਮੇਰੀ ਅਤੇ ਸਾਥੀਆਂ ਦੀ ਦਿਲੀ ਤਮੰਨਾ ਹੀ ਨਹੀਂ ਬਲਕਿ ਫੈਸਲਾ ਹੈ ਕਿ ਕੋਈ ਨਵੀ ਹੋਰ ਸੰਸਥਾ ਬਣਾਉਣ ਦੀ ਬਜਾਏ ਯੂਨਾਈਟਿਡ ਅਵੇਅਰਨੈਸ ਨੂੰ ਮੁੜ ਲੀਹਾਂ 'ਤੇ ਲਿਆ ਕੇ ਸਰਗਰਮੀਆਂ ਨੂੰ ਤੇਜ਼ ਕੀਤਾ ਜਾਵੇ ਅਤੇ ਸਮਾਜ ਵਿਚ ਜ਼ਰੂਰਤਮੰਦਾਂ ਦੀ ਵੱਧ ਤੋਂ ਵੱਧ ਸੇਵਾ ਕਰਦੇ ਹੋਏ ਆਪਣੇ ਮਹਾਂਪੁਰਖਾਂ/ਰਹਿਬਰਾਂ ਦੇ ਸੁਪਨਿਆਂ ਨੂੰ ਸਾਕਾਰ ਕੀਤਾ ਜਾਵੇ, ਜਿਸ ਨੂੰ ਸਭ ਨੇ ਸਲਾਹਿਆ ਅਤੇ ਪ੍ਰਮਜੀਤ ਭੁੱਟਾ, ਹੰਸ ਰਾਜ ਕਾਜਲਾ ਅਤੇ ਰਾਕੇਸ਼ ਚੰਦਰ ਜੋ ਪਹਿਲਾਂ ਹੀ ਯੂਨਾਈਟਿਡ ਅਵੇਅਰਨੈਸ ਨਾਲ ਜੁੜੇ ਹੋਏ ਹਨ, ਨੇ ਬੜੀ ਉਤਸੁਕਤਾ ਨਾਲ ਸਵੀਕਾਰਿਆ ਅਤੇ ਅਗਲੀ ਰਣਨੀਤੀ ਲਈ ਫਿਰ ਇਕੱਠੇ ਹੋਣ ਦਾ ਸਮਾਂ ਮੰਗਿਆ।

------













ਤਸਵੀਰਾਂ- ਦੇਸ਼ ਦੁਆਬਾ






# ਭਾਰਤ ਰਤਨ ਬਾਬਾ ਸਾਹਿਬ ਡਾ.ਭੀਮ ਰਾਓ ਅੰਬੇਦਕਰ ਜੀ ਦਾ 128ਵਾਂ ਜਨਮ ਦਿਨ ਆਬਰਨ ਬੁਲੇਵਰਡ (ਸੈਕਰਾਮੈਂਟੋ) 'ਚ ਮਨਾਇਆ ਗਿਆ

























# ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਮਹਾਨ ਸ਼ਹੀਦੀ ਪੁਰਬ ਮਨਾਇਆ




(ਰਿਪੋਰਟ ਦੇਖੋ ਸਫਾ 8 'ਤੇ)






# ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ ਵਿਖੇ ਧੰਨ ਧੰਨ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਹਾੜਾ ਸੰਗਤਾਂ ਨੇ ਸ਼ਰਧਾ ਪੂਰਵਕ ਮਨਾਇਆ





(ਰਿਪੋਰਟ ਦੇਖੋ ਸਫਾ 8 'ਤੇ)




KB USED AUTO SALES



8655 B Monterey Street Gilroy, CA 95020

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ


Kashmiri Bhatia & his wife

K&K AUTO REPAIR
and Car Wash
63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust

## 12 ਜੂਨ, 2019 ਲਈ ਵਿਸ਼ਵ ਬਾਲ ਮਜ਼ਦੂਰੀ ਵਿਰੋਧੀ ਦਿਵਸ ਸਬੰਧੀ ਵਿਸ਼ੇਸ਼

# ਭਾਰਤ ਵਿੱਚ ਕੁੱਲ ਮਜ਼ਦੂਰ ਸ਼ਕਤੀ ਦਾ ਲਗਭੱਗ 3.6 ਫੀਸਦੀ ਹਿੱਸਾ 14 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਦਾ ਹੈ



ਕੁਲਦੀਪ ਚੰਦ
9417563054

ਸੰਯੁਕਤ ਰਾਸ਼ਟਰ ਅਤੇ ਅੰਤਰਰਾਸ਼ਟਰੀ ਮਜ਼ਦੂਰ ਸੰਗਠਨ ਦੁਆਰਾ 12 ਜੂਨ ਨੂੰ ਵਿਸ਼ਵ ਬਾਲ ਮਜ਼ਦੂਰੀ ਵਿਰੋਧੀ ਦਿਵਸ ਦੇ ਰੂਪ ਵਿੱਚ ਮਨਾਇਆ ਜਾਂਦਾ ਹੈ। ਇਸ ਸਾਲ 2019 ਦਾ ਉਦੇਸ਼ ਬੱਚਿਆਂ ਨੂੰ ਖੇਤਾਂ ਵਿੱਚ ਕੰਮ ਨਹੀਂ ਕਰਨਾ ਚਾਹੀਦਾ ਹੈ ਸਗੋਂ ਸੁਪਨਿਆਂ ਨੂੰ ਪੂਰਾ ਕਰਨ ਲਈ ਕੰਮ ਕਰਨਾ ਚਾਹੀਦਾ ਹੈ। ਵਿਸ਼ਵ ਬਾਲ ਮਜ਼ਦੂਰੀ ਵਿਰੋਧੀ ਦਿਵਸ ਦੀ ਸ਼ੁਰੂਆਤ ਅੰਤਰਰਾਸ਼ਟਰੀ ਮਜਦੂਰ ਸੰਗਠਨ ਵਲੋਂ ਸਾਲ 2002 ਵਿੱਚ ਕੀਤੀ ਗਈ ਹੈ ਅਤੇ ਇਸਦਾ ਮੁੱਖ ਟੀਚਾ ਲੋਕਾਂ ਨੂੰ ਇੱਕਜੁੱਟ ਹੋ ਕੇ ਬਾਲ ਮਜ਼ਦੂਰ ਸਮੱਸਿਆ ਦਾ ਹੱਲ ਕਰਨ ਦੀ ਅਪੀਲ ਕਰਨਾ ਹੈ। ਬਾਲ ਮਜਦੂਰੀ ਵੱਡੀ ਸਮਾਜਿਕ ਬੁਰਾਈ ਹੈ ਅਤੇ ਸਮਾਜ ਲਈ ਸ਼ਰਾਪ ਹੈ। ਬਚਪਨ ਜ਼ਿੰਦਗੀ ਦਾ ਸਭ ਤੋਂ ਸੋਹਣਾ ਅਤੇ ਯਾਦਗਾਰ ਸਫਰ ਹੁੰਦਾ ਹੈ। ਮਾਂ ਦੀ ਮਮਤਾ, ਪਿਤਾ ਦਾ ਪਿਆਰ, ਦੋਸਤਾਂ ਦਾ ਸਾਥ, ਸਕੂਲ ਦੀ ਮੌਜ਼ ਸ਼ਾਇਦ ਨਾ ਭੁੱਲਣ ਯੋਗ ਯਾਦਾਂ ਹੁੰਦੀਆਂ ਹਨ। ਪਰ ਅਜਿਹਾ ਖੁਸ਼ਹਾਲ ਬਚਪਨ ਹਰ ਇੱਕ ਬੱਚੇ ਨੂੰ ਨਸੀਬ ਨਹੀਂ ਹੁੰਦਾ ਹੈ। ਵਿਕਾਸਸ਼ੀਲ ਦੇਸ਼ਾਂ ਦੇ ਬਹੁਤੇ ਬੱਚੇ ਅਜਿਹੇ ਬਚਪਨ ਨੂੰ ਤਰਸਦੇ ਹੀ ਰਹਿ ਜਾਂਦੇ ਹਨ ਅਤੇ ਉਨ੍ਹਾਂ ਦਾ ਬਚਪਨ ਇੱਕ ਸ਼ਰਾਪ ਬਣਕੇ ਰਹਿ ਜਾਂਦਾ ਹੈ। ਬਹੁਤੇ ਬੱਚਿਆਂ ਨੂੰ ਬਚਪਨ ਵਿੱਚ ਖੇਡਣ ਅਤੇ ਪੜ੍ਹਣ ਦੀ ਥਾਂ ਕੰਮ ਕਰਨਾ ਪੈਂਦਾ ਹੈ। ਭਾਰਤ ਸਮੇਤ ਲਗਭੱਗ ਸਾਰੇ ਵਿਕਾਸਸ਼ੀਲ ਦੇਸ਼ ਅਤੇ ਇੱਥੋਂ ਤੱਕ ਕਿ ਵਿਕਸਿਤ ਦੇਸ਼ਾਂ ਵਿੱਚ ਵੀ ਕੁੱਝ ਥਾਵਾਂ ਤੇ ਬਾਲ ਮਜ਼ਦੂਰ ਦੇਖਣ ਨੂੰ ਮਿਲਦੇ ਹਨ। ਚਾਹ ਵਾਲੇ ਦੀ ਦੁਕਾਨ ਹੋਵੇ ਜਾਂ ਕੋਈ ਹੋਟਲ, ਦੁਕਾਨ, ਖੇਤੀਬਾੜੀ, ਇੱਟਾਂ ਦਾ ਭੱਠਾ ਆਦਿ ਵਿੱਚ ਬਾਲ ਮਜ਼ਦੂਰਾਂ ਦੀ ਵੱਡੀ ਗਿਣਤੀ ਵੇਖਣ ਨੂੰ ਮਿਲਦੀ ਹੈ। ਚੂੜੀਆਂ ਬਣਾਉਣ, ਪਟਾਖੇ ਬਣਾਉਣ, ਕਾਰਪੈਟ ਬਣਾਉਣ ਅਤੇ ਹੋਰ ਖਤਰਨਾਕ ਕੰਮਾ ਵਿੱਚ ਵੀ ਬਾਲ ਮਜ਼ਦੂਰ ਵੱਡੀ ਗਿਣਤੀ ਵਿੱਚ ਸ਼ਾਮਿਲ ਹੁੰਦੇ ਹਨ। ਇਹਨਾਂ ਬੱਚਿਆਂ ਨੂੰ ਕੁਝ ਪੈਸੇ ਦੇਕੇ ਇਹਨਾਂ ਤੋਂ ਜ਼ਿਆਦਾ ਕੰਮ ਕਰਵਇਆ ਜਾਂਦਾ ਹੈ। ਘੱਟ ਪੈਸਿਆਂ ਵਿੱਚ ਇਹ ਬੱਚੇ ਵੱਡੇ ਮਜਦੂਰਾਂ ਨਾਲੋਂ ਜ਼ਿਆਦਾ ਕੰਮ ਕਰਦੇ ਹਨ ਅਤੇ ਕਦੇ ਵਿਰੋਧ ਵੀ ਨਹੀਂ ਕਰਦੇ ਹਨ ਇਹੀ ਕਾਰਨ ਹੈ ਕਿ ਅਜਿਹੇ ਕਾਰਖਾਨਿਆਂ ਦੇ ਮਾਲਿਕ ਬੱਚਿਆਂ ਦਾ ਸ਼ੋਸਣ ਕਰਦੇ ਹਨ। ਬਾਲ ਮਜ਼ਦੂਰੀ ਰੋਕਣ ਵਾਲੇ ਕਨੂੰਨ ਬਣਨ ਬਾਅਦ ਵੀ ਬਾਲ ਮਜ਼ਦੂਰੀ ਤੇ ਰੋਕ ਨਹੀਂ ਲੱਗ ਰਹੀ ਹੈ। ਅੰਤਰਰਾਸ਼ਟਰੀ ਮਜ਼ਦੂਰ ਸੰਗਠਨ ਦੇ ਅੰਕੜਿਆਂ ਅਨੁਸਾਰ ਵਿਸ਼ਵ ਵਿੱਚ ਲੱਗਭੱਗ 21.5 ਕਰੋੜ ਬੱਚੇ ਮਜ਼ਦੂਰ ਦੇ ਰੂਪ ਵਿੱਚ ਕੰਮ ਕਰ ਰਹੇ ਹਨ। ਇਹਨਾਂ ਵਿੱਚੋਂ 15.8 ਕਰੋੜ ਬੱਚਿਆਂ ਦੀ ਉਮਰ 05 ਤੋਂ 14 ਸਾਲ ਤੱਕ ਦੀ ਹੈ। ਜਿਹਨਾਂ ਵਿੱਚੋਂ ਬਹੁਤੇ ਬੱਚੇ ਮਾਮੂਲੀ ਤਨਖਾਹ ਤੇ ਬੰਧੂਆ ਮਜ਼ਦੂਰੀ ਕਰਦੇ ਹਨ। ਹਰ ਸਾਲ ਵੱਡੀ ਗਿਣਤੀ ਵਿੱਚ ਬੱਚੇ ਖ੍ਰੀਦੇ-ਵੇਚੇ ਜਾਂਦੇ ਹਨ ਅਤੇ ਇੱਕ ਥਾਂ ਤੋਂ ਦੂਜੀ ਥਾਂ ਤੇ ਲਿਜਾਏ ਜਾਂਦੇ ਹਨ। ਅਜਿਹੇ ਬੱਚੇ ਗੈਰਕਾਨੂੰਨੀ ਤਰੀਕੇ ਨਾਲ ਦੂਸਰੀਆਂ ਥਾਵਾਂ ਤੇ ਲਿਜਾਕੇ ਉਨ੍ਹਾਂ ਦਾ ਸ਼ਰੀਰਕ ਅਤੇ ਆਰਥਿਕ ਸ਼ੋਸ਼ਣ ਕੀਤਾ ਜਾਂਦਾ ਹੈ। ਦੇਸ਼ ਵਿੱਚ ਹਰ ਸਾਲ ਲੱਗਭੱਗ 1.2 ਮਿਲੀਅਨ ਬੱਚਿਆਂ ਦੀ ਤਸਕਰੀ ਕੀਤੀ ਜਾਂਦੀ ਹੈ। ਇਹਨਾਂ ਵਿੱਚੋਂ ਜ਼ਿਆਦਾ ਨੂੰ ਫੈਕਟਰੀਆਂ ਵਿੱਚ ਖਤਰਨਾਕ ਕੰਮ ਤੇ ਲਗਾਇਆ ਜਾਂਦਾ ਹੈ। ਭਾਰਤ ਵਿੱਚ ਜਿਆਦਾ ਤਸਕਰੀ ਆਂਧਰਾ ਪ੍ਰਦੇਸ਼, ਬਿਹਾਰ, ਕਰਨਾਟਕ, ਉਤਰ ਪ੍ਰਦੇਸ਼, ਮਹਾਰਾਸ਼ਟਰ, ਉੜੀਸਾ, ਝਾਰਖੰਡ, ਮੱਧ ਪ੍ਰਦੇਸ਼, ਛੱਤੀਸਗੜ੍ਹ, ਰਾਜਸਥਾਨ ਅਤੇ ਪੱਛਮੀ ਬੰਗਾਲ ਤੋਂ ਹੁੰਦੀ ਹੈ। ਬੱਚਿਆਂ ਦੇ ਵਿਕਾਸ ਅਤੇ ਸ਼ੋਸ਼ਣ ਨੂੰ ਰੋਕਣ ਲਈ ਬਣਾਏ ਗਏ ਕਾਨੂੰਨ ਸਿਰਫ ਕਾਗਜ਼ਾਂ ਤੱਕ ਹੀ ਸੀਮਿਤ ਹੈ। ਭਾਰਤ ਵਿੱਚ ਕੁੱਲ ਮਜ਼ਦੂਰ ਸ਼ਕਤੀ ਦਾ ਲਗਭੱਗ 3.6 ਫੀਸਦੀ ਹਿੱਸਾ 14 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਦਾ ਹੈ। ਲਗਭੱਗ 85 ਫੀਸਦੀ ਬਾਲ ਮਜਦੂਰ ਖੇਤੀਬਾੜੀ ਦੇ ਕੰਮਾਂ ਵਿੱਚ ਲੱਗੇ ਹੋਏ ਹਨ, ਲੱਗਭੱਗ 9 ਫੀਸਦੀ ਉਤਪਾਦਨ, ਸੇਵਾ ਅਤੇ ਮੁਰੰਮਤ ਦੇ ਕੰਮਾਂ ਵਿੱਚ ਲੱਗੇ ਹੋਏ ਹਨ, ਲੱਗਭੱਗ 0.8 ਫੀਸਦੀ ਬਾਲ ਮਜ਼ਦੂਰ ਕਾਰਖਾਨਿਆਂ ਵਿੱਚ ਕੰਮ ਕਰਦੇ ਹਨ। ਸਰਕਾਰ ਵਲੋਂ ਇਸ ਸਬੰਧੀ ਜਾਰੀ ਕੀਤੇ ਜਾਂਦੇ ਅੰਕੜੇ ਵੀ ਸਹੀ ਨਹੀਂ ਹਨ। ਸਰਕਾਰੀ ਅੰਕੜਿਆਂ ਅਨੁਸਾਰ ਸਾਲ 1971 ਦੀ ਜਨਗਣਨਾ ਅਨੁਸਾਰ ਸਾਰੇ ਦੇਸ਼ ਵਿੱਚ 10753985 ਬਾਲ ਮਜ਼ਦੂਰ ਸਨ ਅਤੇ ਸਾਲ 2011 ਦੀ ਜਨਗਣਨਾ ਅਨੁਸਾਰ 4353247 ਬਾਲ ਮਜ਼ਦੂਰ ਸਨ। ਜੇਕਰ ਇਕੱਲੇ ਪੰਜਾਬ ਦੀ ਗੱਲ ਕਰੀਏ ਤਾਂ ਪੰਜਾਬ ਵਿੱਚ 1971 ਦੀ ਜਨਗਣਨਾ ਅਨੁਸਾਰ 232774 ਬਾਲ ਮਜ਼ਦੂਰ ਸਨ ਅਤੇ ਸਾਲ 2011 ਦੀ ਜਨਗਣਨਾ ਅਨੁਸਾਰ 90353 ਬਾਲ ਮਜ਼ਦੂਰ ਸਨ। ਪੰਜਾਬ ਅਤੇ ਹਰਿਆਣਾ ਦੀ ਰਾਜਧਾਨੀ ਚੰਗੀਡੜ੍ਹ ਵਿੱਚ ਬਾਲ ਮਜ਼ਦੂਰਾਂ ਦੀ ਸੰਖਿਆ ਵਧੀ ਹੈ। ਚੰਡੀਗੜ੍ਹ ਵਿੱਚ ਜਿੱਥੇ 1971 ਵਿੱਚ 1086 ਬਾਲ ਮਜ਼ਦੂਰ ਸਨ ਉਥੇ 2011 ਵਿੱਚ ਵੱਧ ਕੇ 3135 ਹੋ ਗਏ ਹਨ। ਦੇਸ਼ ਦੀ ਰਾਜਧਾਨੀ ਦਿੱਲੀ ਵਿੱਚ ਵੀ 1971 ਵਿੱਚ 17120 ਬਾਲ ਮਜ਼ਦੂਰ ਸਨ ਜੋ ਕਿ 2011 ਵਿੱਚ ਵੱਧ ਕੇ 26473 ਹੋ ਗਏ ਹਨ। ਬਾਲ ਮਜ਼ਦੂਰੀ ਦਾ ਸਭ ਤੋਂ ਵੱਡਾ ਕਾਰਨ ਗਰੀਬੀ, ਬੇਰੁਜ਼ਗਾਰੀ ਅਤੇ ਜਿਆਦਾ ਜਨਸੰਖਿਆ ਹੈ। ਉੱਤਰ ਪ੍ਰਦੇਸ਼, ਬਿਹਾਰ, ਝਾਰਖੰਡ, ਰਾਜਸਥਾਨ ਤੇ ਅਸਾਮ ਵਰਗੇ ਸੂਬਿਆਂ ਦੇ ਪਿੰਡਾਂ ਵਿੱਚ ਫੈਲੀ ਗਰੀਬੀ ਤੇ ਬੇਰੁਜ਼ਗਾਰੀ ਕਰਕੇ ਲੋਕ ਆਪਣੇ ਬੱਚਿਆਂ ਨੂੰ ਦਿੱਲੀ, ਮੁੰਬਈ, ਪੰਜਾਬ ਹੋਰ ਰਾਜਾਂ ਵਿੱਚ ਮਜ਼ਦੂਰੀ ਕਰਨ ਲਈ ਭੇਜ ਦਿੰਦੇ ਹਨ। ਗਰੀਬੀ, ਮਜ਼ਬੂਰੀ ਅਤੇ ਮਾਤਾ-ਪਿਤਾ ਵੱਲੋਂ ਦਬਾਅ ਬਣਾਏ ਜਾਣ ਕਰਕੇ ਇਹ ਬੱਚੇ ਬਾਲ ਮਜ਼ਦੂਰੀ ਦੀ ਦਲਦਲ ਵਿੱਚ ਫਸ ਜਾਂਦੇ ਹਨ। ਗਰੀਬੀ ਕਰਕੇ ਅੱਜ ਕਰੋੜ੍ਹਾਂ ਬੱਚੇ ਸਕੂਲਾਂ ਵਿੱਚ ਕਾਪੀਆਂ-ਕਿਤਾਬਾਂ ਅਤੇ ਦੋਸਤਾਂ ਦੇ ਵਿਚਕਾਰ ਨਹੀਂ, ਬਲਕਿ ਹੋਟਲਾਂ, ਖੇਤਾਂ , ਘਰਾਂ, ਉਦਯੋਗਾਂ ਵਿੱਚ ਕੰਮ ਕਰਕੇ ਗੁਜਾਰਦੇ ਹਨ। ਬੇਸ਼ੱਕ ਸਰਕਾਰ ਵਲੋਂ ਸਿੱਖਿਆ ਦਾ ਅਧਿਕਾਰ ਲਾਗੂ ਕੀਤਾ ਗਿਆ ਹੈ ਜਿਸ ਅਨੁਸਾਰ 06 ਤੋਂ 14 ਸਾਲ ਦੇ ਹਰ ਬੱਚੇ ਲਈ ਲਾਜਮੀ ਅਤੇ ਮੁਫੱਤ ਵਿੱਦਿਆ ਦਾ ਇੰਤਜਾਮ ਕੀਤਾ ਗਿਆ ਹੈ। ਭਾਰਤ ਸਰਕਾਰ ਰਾਜਾਂ ਦੇ ਸਹਿਯੋਗ ਨਾਲ ਬਾਲ ਮਜ਼ਦੂਰੀ ਖਤਮ ਕਰਨ ਦੀ ਦਿਸ਼ਾ ਵਿੱਚ ਤੇਜ਼ੀ ਨਾਲ ਕੋਸ਼ਿਸ਼ਾਂ ਕਰ ਰਹੀ ਹੈ। ਇਸ ਟੀਚੇ ਨੂੰ ਹਾਸਿਲ ਕਰਨ ਦੇ ਲਈ ਸਰਕਾਰ ਨੇ ਰਾਸ਼ਟਰੀ ਬਾਲ ਮਜ਼ਦੂਰ ਪਰਿਯੋਜਨਾ ਵਰਗੇ ਮਹੱਤਵਪੂਰਨ ਕਦਮ ਚੁੱਕੇ ਹਨ। ਇਸ ਪਰਿਯੋਜਨਾ ਦੁਆਰਾ ਹਜ਼ਾਰਾਂ ਬੱਚਿਆਂ ਨੂੰ ਸੁਰੱਖਿਅਤ ਬਚਾਇਆ ਗਿਆ ਹੈ। ਇਸ ਪਰਿਯੋਜਨਾ ਦੁਆਰਾ ਚਲਾਏ ਜਾ ਰਹੇ ਵਿਸ਼ੇਸ਼ ਸਕੂਲਾਂ ਵਿੱਚ ਉਹਨਾਂ ਦਾ ਪੁਨਰਵਾਸ ਵੀ ਕੀਤਾ ਗਿਆ ਹੈ।

ਸਰਕਾਰ ਵਲੋਂ ਬੱਚਿਆਂ ਦੇ ਅਧਿਕਾਰਾਂ ਲਈ ਬਾਲ ਆਯੋਗ ਬਣਾਇਆ ਗਿਆ ਹੈ ਪਰੰਤੂ ਇਹ ਆਯੋਗ ਵੀ ਅਕਸਰ ਬੱਚਿਆਂ ਦੀਆਂ ਸਮੱਸਿਆਵਾਂ ਪ੍ਰਤੀ ਚੁੱਪੀ ਧਾਰਕੇ ਰੱਖਦਾ ਹੈ। ਸਰਕਾਰ ਵਲੋਂ ਬੱਚਿਆਂ ਦੀ ਸੁਰੱਖਿਆ ਅਤੇ ਮੱਦਦ ਲਈ ਚਾਇਲਡ ਹੈਲਪਲਾਇਨ 1098 ਸ਼ੁਰੁ ਕੀਤੀ ਗਈ ਹੈ ਜਿਸ ਅਧੀਨ ਵੱਖ ਵੱਖ ਰਾਜਾਂ ਦੇ ਵੱਖ ਵੱਖ ਜਿਲ੍ਹਿਆਂ ਵਿੱਚ ਦੱਫਤਰ ਖੋਲੇ ਗਏ ਹਨ ਅਤੇ ਇਨ੍ਹਾਂ ਦੇ ਰੱਖ ਰਖਾਵ ਲਈ ਹਰ ਮਹੀਨੇ ਲੱਖਾ ਰੁਪਏ ਖਰਚੇ ਜਾਂਦੇ ਹਨ। ਇਸ ਨੰਬਰ ਤੇ ਬੱਚਿਆਂ ਨਾਲ ਵਾਪਰਨ ਵਾਲੀਆਂ ਅਪਰਾਧਿਕ ਘਟਨਾਵਾ ਸਬੰਧੀ ਬੇਸ਼ੱਕ ਰੋਜਾਨਾਂ ਹਜਾਰਾਂ ਸ਼ਿਕਾਇਤਾਂ ਦਰਜ਼ ਹੁੰਦੀਆਂ ਹਨ ਪ੍ਰੰਤੂ ਅਕਸਰ ਹੀ ਇਨ੍ਹਾਂ ਸ਼ਿਕਾਇਤਾਂ ਤੇ ਕੋਈ ਠੋਸ ਕਾਰਵਾਈ ਨਹੀਂ ਹੁੰਦੀ ਹੈ। ਬੱਚਿਆ ਦੀਆਂ ਸ਼ਿਕਾਇਤਾਂ ਲਈ ਕਾਰਵਾਈ ਕਰਨ ਨੂੰ ਕੋਈ ਵੀ ਅਧਿਕਾਰੀ ਪਹਿਲ ਨਹੀਂ ਕਰਦਾ ਹੈ ਅਤੇ ਬਹੁਤੀਆਂ ਸ਼ਿਕਾਇਤਾਂ ਦਾ ਅਕਸਰ ਹੀ ਰਾਜਨੀਤੀਕਰਣ ਕੀਤਾ ਜਾਂਦਾ ਹੈ ਜਿਸ ਕਾਰਨ ਬੱਚਿਆਂ ਦੀਆਂ ਸਮਸਿਆਵਾਂ ਅਤੇ ਸ਼ਿਕਾਇਤਾਂ ਦਾ ਕੋਈ ਠੋਸ ਹੱਲ ਨਹੀਂ ਹੁੰਦਾ ਹੈ ਅਤੇ ਬੱਚਿਆਂ ਦੀਆਂ ਸਮਸਿਆਵਾਂ ਅਤੇ ਸ਼ਿਕਾਇਤਾ ਵਿੱਚ ਵਾਧਾ ਹੁੰਦਾ ਜਾ ਰਿਹਾ ਹੈ। ਕੇਂਦਰ ਸਰਕਾਰ ਨੇ ਬਾਲ ਮਜਦੂਰੀ ਦੇ ਖਾਤਮੇ ਲਈ ਬਣਾਏ ਗਏ ਕਨੂੰਨ ਵਿੱਚ ਸੋਧ ਕਰਕੇ 14 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਬਿਨਾਂ ਖਤਰੇ ਵਾਲੇ ਘਰੇਲੂ ਕਾਰੋਬਾਰ ਵਿੱਚ ਕੰਮ ਕਰਨ ਦੀ ਮੰਜ਼ੂਰੀ ਦੇ ਦਿੱਤੀ ਹੈ। ਹਾਲਾਂਕਿ ਇਹ ਮੰਜ਼ੂਰੀ ਛੁੱਟੀਆਂ ਦੇ ਦਿਨ ਅਤੇ ਸਕੂਲ ਸਮੇਂ ਤੋਂ ਬਾਅਦ ਲਈ ਦਿੱਤੀ ਗਈ ਹੈ, ਪਰ ਇਸ ਨਾਲ ਬੱਚਿਆਂ ਦੀ ਸਿੱਖਿਆ ਅਤੇ ਸਿਹਤ ਤੇ ਅਸਰ ਪਵੇਗਾ। ਬੱਚਿਆਂ ਦੇ ਭਵਿੱਖ ਨੂੰ ਦੇਖਦੇ ਹੋਏ ਕਾਨੂੰਨ ਵਿੱਚ ਬਾਲ ਮਜ਼ਦੂਰੀ ਤੇ ਪੂਰੀ ਤਰ੍ਹਾਂ ਪਾਬੰਦੀ ਲਗਾਈ ਜਾਣੀ ਚਾਹੀਦੀ ਹੈ। ਇਹ ਪਾਬੰਦੀ ਸਿਰਫ ਖਤਰਨਾਕ ਉਦਯੋਗਾਂ ਤੱਕ ਹੀ ਸੀਮਤ ਨਾ ਹੋਵੇ, ਬਲਕਿ ਸਾਰੇ ਉਦਯੋਗਾਂ ਲਈ ਹੋਵੇ। ਸਿਖਿਆ ਦੇ ਅਧਿਕਾਰ ਨੂੰ ਸੱਖਤੀ ਨਾਲ ਲਾਗੂ ਕੀਤਾ ਜਾਵੇ। ਬਾਲ ਮਜਦੂਰੀ ਕਰਵਾਉਣ ਵਾਲੇ ਵਿਅਕਤੀਆਂ ਖਿਲਾਫ ਸੱਖਤ ਕਨੂੰਨੀ ਕਾਰਵਾਈ ਕੀਤੀ ਜਾਵੇ। ਬਾਲ ਮਜ਼ਦੂਰੀ ਦੇ ਖਾਤਮੇ ਲਈ ਠੋਸ ਯੋਜਨਾਵਾਂ ਉਲੀਕੀਆਂ ਜਾਣ ਅਤੇ ਅਜਿਹੀਆਂ ਯੋਜਨਾਵਾਂ ਸੱਖਤੀ ਨਾਲ ਲਾਗੂ ਕੀਤੀਆਂ ਜਾਣ।

ਦੇਸ਼ ਅਤੇ ਸਮਾਜ ਦੇ ਵਿਕਾਸ ਲਈ ਦੇਸ਼ ਦਾ ਭਵਿੱਖ ਬੱਚਿਆਂ ਦਾ ਸੁਰਖਿੱਅਤ ਅਤੇ ਤੰਦਰੁਸਤ ਹੋਣਾ ਜਰੂਰੀ ਹੈ। ਅੱਜ ਵਿਸ਼ਵ ਬਾਲ ਮਜ਼ਦੂਰੀ ਵਿਰੋਧੀ ਦਿਵਸ ਮਨਾਇਆ ਜਾ ਰਿਹਾ ਹੈ ਜਿਸ ਵਿੱਚ ਹਰ ਸਾਲ ਵਾਂਗ ਵੱਡੇ ਵੱਡੇ ਭਾਸਣ ਹੋਣਗੇ ਅਤੇ ਬੱਚਿਆਂ ਦੀ ਭਲਾਈ ਲਈ ਕਈ ਯੋਜਨਾਵਾਂ ਦਾ ਐਲਾਨ ਹੋਵੇਗਾ ਪਰ ਜਰੂਰਤ ਹੈ ਇਨਾਂ ਯੋਜਨਾਵਾਂ ਅਤੇ ਬੱਚਿਆਂ ਦੀ ਭਲਾਈ ਲਈ ਬਣੇ ਕਨੂੰਨਾ ਦੀ ਸੱਖਤੀ ਨਾਲ ਪਾਲਣਾ ਕੀਤੀ ਜਾਵੇ ਤੇ ਇਸ ਵਿੱਚ ਅਣਗਹਿਲੀ ਵਰਤਣ ਵਾਲੇ ਅਧਿਕਾਰੀਆਂ ਖਿਲਾਫ ਸੱਖਤ ਕਰਵਾਈ ਕੀਤੀ ਜਾਵੇ ਨਹੀਂ ਤਾਂ ਇਹ 12 ਜੂਨ ਦਾ ਦਿਨ ਵੀ ਇੱਕ ਖਾਨਾਪੂਰਤੀ ਬਣਕੇ ਹੀ ਰਹਿ ਜਾਵੇਗਾ ਅਤੇ ਦੇਸ਼ ਦਾ ਭਵਿੱਖ ਬੱਚੇ ਮਜਦੂਰੀ ਦੀ ਦਲਦੱਲ ਵਿੱਚ ਫਸੇ ਰਹਿਣਗੇ।




**ਸਰਕਾਰ ਵਲੋਂ ਬੱਚਿਆਂ ਦੇ ਅਧਿਕਾਰਾਂ ਲਈ ਬਾਲ ਆਯੋਗ ਬਣਾਇਆ ਗਿਆ ਹੈ ਪਰੰਤੂ ਇਹ ਆਯੋਗ ਵੀ ਅਕਸਰ ਬੱਚਿਆਂ ਦੀਆਂ ਸਮੱਸਿਆਵਾਂ ਪ੍ਰਤੀ ਚੁੱਪੀ ਧਾਰਕੇ ਰੱਖਦਾ ਹੈ। ਸਰਕਾਰ ਵਲੋਂ ਬੱਚਿਆਂ ਦੀ ਸੁਰੱਖਿਆ ਅਤੇ ਮੱਦਦ ਲਈ ਚਾਇਲਡ ਹੈਲਪਲਾਇਨ 1098 ਸ਼ੁਰੂ ਕੀਤੀ ਗਈ ਹੈ ਜਿਸ ਅਧੀਨ ਵੱਖ ਵੱਖ ਰਾਜਾਂ ਦੇ ਵੱਖ ਵੱਖ ਜਿਲ੍ਹਿਆਂ ਵਿੱਚ ਦੱਫਤਰ ਖੋਲੇ ਗਏ ਹਨ ਅਤੇ ਇਨ੍ਹਾਂ ਦੇ ਰੱਖ ਰਖਾਵ ਲਈ ਹਰ ਮਹੀਨੇ ਲੱਖਾ ਰੁਪਏ ਖਰਚੇ ਜਾਂਦੇ ਹਨ। ਇਸ ਨੰਬਰ ਤੇ ਬੱਚਿਆਂ ਨਾਲ ਵਾਪਰਨ ਵਾਲੀਆਂ ਅਪਰਾਧਿਕ ਘਟਨਾਵਾ ਸਬੰਧੀ ਬੇਸ਼ੱਕ ਰੋਜਾਨਾਂ ਹਜਾਰਾਂ ਸ਼ਿਕਾਇਤਾਂ ਦਰਜ਼ ਹੁੰਦੀਆਂ ਹਨ ਪ੍ਰੰਤੂ ਅਕਸਰ ਹੀ ਇਨ੍ਹਾਂ ਸ਼ਿਕਾਇਤਾਂ ਤੇ ਕੋਈ ਠੋਸ ਕਾਰਵਾਈ ਨਹੀਂ ਹੁੰਦੀ ਹੈ। ਬੱਚਿਆ ਦੀਆਂ ਸ਼ਿਕਾਇਤਾਂ ਲਈ ਕਾਰਵਾਈ ਕਰਨ ਨੂੰ ਕੋਈ ਵੀ ਅਧਿਕਾਰੀ ਪਹਿਲ ਨਹੀਂ ਕਰਦਾ ਹੈ ਅਤੇ ਬਹੁਤੀਆਂ ਸ਼ਿਕਾਇਤਾਂ ਦਾ ਅਕਸਰ ਹੀ ਰਾਜਨੀਤੀਕਰਣ ਕੀਤਾ ਜਾਂਦਾ ਹੈ ਜਿਸ ਕਾਰਨ ਬੱਚਿਆਂ ਦੀਆਂ ਸਮਸਿਆਵਾਂ ਅਤੇ ਸ਼ਿਕਾਇਤਾਂ ਦਾ ਕੋਈ ਠੋਸ ਹੱਲ ਨਹੀਂ ਹੁੰਦਾ ਹੈ ਅਤੇ ਬੱਚਿਆਂ ਦੀਆਂ ਸਮਸਿਆਵਾਂ ਅਤੇ ਸ਼ਿਕਾਇਤਾ ਵਿੱਚ ਵਾਧਾ ਹੁੰਦਾ ਜਾ ਰਿਹਾ ਹੈ। ਕੇਂਦਰ ਸਰਕਾਰ ਨੇ ਬਾਲ ਮਜਦੂਰੀ ਦੇ ਖਾਤਮੇ ਲਈ ਬਣਾਏ ਗਏ ਕਨੂੰਨ ਵਿੱਚ ਸੋਧ ਕਰਕੇ 14 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਬਿਨਾਂ ਖਤਰੇ ਵਾਲੇ ਘਰੇਲੂ ਕਾਰੋਬਾਰ ਵਿੱਚ ਕੰਮ ਕਰਨ ਦੀ ਮੰਜ਼ੂਰੀ ਦੇ ਦਿੱਤੀ ਹੈ।**

## ਪੰਜਾਬੀ ਯੂਨੀਵਰਸਿਟੀ ਦੇ ਡਾ.ਤਿਆਗੀ ਨੂੰ ਮਿਲਿਆ 23 ਲੱਖ ਰੁਪਏ ਦਾ ਪ੍ਰਾਜੈਕਟ

**ਪਟਿਆਲਾ-** ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਪੰਜਾਬੀ ਸਾਹਿਤ ਅਧਿਐਨ ਵਿਭਾਗ ਦੇ ਅਧਿਆਪਕ ਡਾ. ਮੋਹਨ ਤਿਆਗੀ ਨੂੰ ਭਾਰਤ ਸਰਕਾਰ ਦੇ ਵਿਗਿਆਨ ਅਤੇ ਤਕਨਾਲੋਜੀ ਮੰਤਰਾਲੇ ਵੱਲੋਂ 23 ਲੱਖ ਰੁਪਏ ਦਾ ਇਕ ਪ੍ਰਾਜੈਕਟ ਮਿਲਿਆ ਹੈ। ਇਹ ਪ੍ਰਾਜੈਕਟ ਕਬੀਲਿਆਂ ਦੀ ਸਭਿਆਚਾਰਕ ਵਿਰਾਸਤ ਦੇ ਦਸਤਾਵੇਜ਼ੀ ਫਿਲਮਾਂਕਣ ਅਤੇ ਸਾਂਭ ਸੰਭਾਲ ਦੇ ਸਬੰਧ ਵਿਚ ਹੈ।



ਯੂਨੀਵਰਸਿਟੀ ਦੇ ਉਪ ਕੁਲਪਤੀ ਡਾ. ਬੀ. ਐਸ. ਘੁੰਮਣ ਵੱਲੋਂ ਡਾ. ਤਿਆਗੀ ਨੂੰ ਵਿਸ਼ੇਸ਼ ਰੂਪ 'ਚ ਵਧਾਈ ਦਿੱਤੀ ਗਈ। ਉਹਨਾਂ ਕਿਹਾ ਕਿ ਇੰਝ ਰਾਸ਼ਟਰੀ ਪੱਧਰ ਦੇ ਪ੍ਰਾਜੈਕਟ ਪ੍ਰਾਪਤ ਹੋਣਾ ਪੰਜਾਬੀ ਯੂਨੀਵਰਸਿਟੀ ਲਈ ਮਾਣ ਵਾਲੀ ਗੱਲ ਹੈ। ਡਾ. ਮੋਹਨ ਤਿਆਗੀ ਨੇ ਦੱਸਿਆ ਕਿ ਇਹ ਪ੍ਰਾਜੈਕਟ ਵਿਗਿਆਨ ਤਕੇ ਤਕਨ-ਾਲੋਜੀ ਵਿਭਾਗ ਵੱਲੋਂ 'ਸ੍ਰੀ' ਯੋਜਨਾ ਰਾਹੀਂ ਦਿੱਤਾ ਗਿਆ ਹੈ, ਜਿਸ ਤਹਿਤ ਕੁੱਲ 23 ਲੱਖ ਰੁਪਏ ਮਿਲਣਾ ਹੈ, ਜਿਸ 'ਚੋਂ ਸਾਢੇ 11 ਲੱਖ ਰੁਪਏ ਮਿਲ ਵੀ ਚੁੱਕੇ ਹਨ।

## ਮਿੰਨੀ ਕਹਾਣੀਆਂ

### ਖ਼ਤਰੇ ਦੀ ਘੰਟੀ

''ਨਿਰੰਜਣ ਸਿਹਾਂ, ਜਦੋਂ ਅਸੀਂ ਆਪਣੇ ਘਰੇ ਨਵਾਂ ਨਵਾਂ ਫੋਨ ਲਗਵਾਇਆ ਤਾਂ ਸਾਡੇ ਸਾਰੇ ਪਰਿਵਾਰ ਨੂੰ ਐਨਾ ਚਾਅ ਚੜ੍ਹਿਆ ਕਿ ਉਸ ਦਿਨ ਸਾਰਿਆਂ ਨੇ ਰੋਟੀ ਵੀ ਉਹਦੇ ਕੋਲ ਬੈਠ ਕੇ ਖਾਂਦੀ, ਕਈ ਦਿਨ ਤਾਂ ਸਾਰਾ ਟੱਬਰ ਹੀ ਕਮਲਾ ਹੋਇਆ ਉਸ ਪੁਰਜੇ ਦੁਆਲੇ ਹੀ ਘੁੰਮਦਾ ਰਿਹਾ ਕਿ ਕਦੋਂ ਘੰਟੀ ਵੱਜੇ ਤੇ ਫੋਨ ਚੁੱਕੀਏ, ਜਦ ਪਹਿਲੀ ਟਰਨ-ਟਰਨ ਹੋਈ ਤਾਂ ਇੱਕ ਦੂਜੇ ਤੋਂ ਅਗਾਂਹ ਵਧ ਕੇ ਪਹਿਲ ਕਦਮੀ ਦੀ ਕੋਸ਼ਿਸ਼ ਕਰਨ ਲੱਗੇ।'' ''ਓਹ ਤਾਂ ਗੱਲਾਂ ਪੁਰਾਣੀਆਂ ਹੋ ਗਈਆਂ ਮੁਖਤਿਆਰ ਸਿਹਾਂ,'' ਨਿਰੰਜਣ ਨੇ ਫ਼ਿਕਰਮੰਦ ਹੁੰਦੇ ਹੋਏ ਹਾਉਂਕਾ ਜੇਹਾ ਲੈਂਦੇ ਨੇ ਕਿਹਾ ।

''ਆਹ ਜੇਹੜੀ ਖ਼ਤਰੇ ਦੀ ਘੰਟੀ ਪੰਜਾਬੀ ਨੌਜਵਾਨਾਂ ਦਾ ਵਿਦੇਸ਼ ਜਾਣਾ, ਨਸ਼ੇੜੀ ਹੋਣਾ, ਕਿਸਾਨ ਤੇ ਮਜ਼ਦੂਰ ਵੱਲੋਂ ਖੁਦਕੁਸ਼ੀਆਂ ਦਾ ਵਧਦਾ ਰੁਝਾਨ, ਨਿੱਤ ਦਿਨ ਕੁੱਖਾਂ 'ਚ ਤੇ ਦਾਜ ਖ਼ਾਤਰ ਕੰਨਿਆਵਾਂ ਦੇ ਹੋ ਰਹੇ ਕਤਲੇਆਮ ਦੀ ਵੱਜ ਰਹੀ ਹੈ, ਮਨੁੱਖਤਾ ਨੂੰ ਇਸ ਬਾਰੇ ਸੋਚਣਾ ਚਾਹੀਦਾ ਹੈ।''

### ਫ਼ਰਕ

'ਵੇ ਪੁੱਤ, ਆਹ ਮੇਰਾ ਥੈਲਾ ਸੜਕ ਦੇ ਪਰਲੇ ਪਾਸੇ ਤਾਂ ਧਰਿਆ, ਮੈਥੋਂ ਚੁੱਕ ਕੇ ਸੜਕ ਪਾਰ ਨ੍ਹੀ ਹੁੰਦੀ।' ਆਪਣੇ ਕੋਲੋਂ ਲੰਘ ਰਹੇ ਇੱਕ ਨੌਜਵਾਨ ਮੁੰਡੇ ਨੂੰ ਬਜ਼ੁਰਗ ਔਰਤ ਨੇ ਤਰਲੇ ਨਾਲ ਕਿਹਾ। 'ਨਹੀਂ ਬੇਬੇ ਮੈਂ ਤਾਂ ਕੰਮ ਤੇ ਚੱਲਿਆਂ, ਮੇਰਾ ਦਫ਼ਤਰ ਖੁੱਲਣ ਦਾ ਟਾਇਮ ਹੋ ਗਿਆ ਏ।' ਮੁੰਡਾ ਏਨਾ ਕਹਿ ਕੇ ਛੇਤੀ ਦੇਣੇ ਅੱਗੇ ਚਲਾ ਗਿਆ। ਥੋੜ੍ਹੀ ਹੀ ਦੂਰੀ ਤੇ ਉਹੀ ਮੁੰਡਾ ਹੁਣ ਇੱਕ ਕਾਲਜ ਦੀ ਕੁੜੀ ਦੀ ਸਕੂਟਰੀ ਦਾ ਪੈਂਚਰ ਹੋਇਆ ਟਾਇਰ ਬਦਲ ਰਿਹਾ ਸੀ।



ਤਸਵਿੰਦਰ ਸਿੰਘ ਬੜੈਚ
91-98763-22677

## ਸ.ਜਸਵੰਤ ਸਿੰਘ ਮਾਨ ਜੀ ਦੀ ਸੁਪਤਨੀ ਸਰਦਾਰਨੀ ਗੁਰਦੀਪ ਕੌਰ ਮਾਨ ਦਾ ਦਿਹਾਂਤ

ਇਹ ਦੁੱਖਦਾਈ ਖ਼ਬਰ, ਖਾਸ ਕਰਕੇ ਪੰਜਾਬੀ ਭਾਈਚਾਰੇ ਨੂੰ, ਬੜੇ ਭਾਰੀ ਮਨ ਨਾਲ ਦਿੱਤੀ ਜਾ ਰਹੀ ਹੈ ਕਿ ਮਾਤਾ ਸਰਦਾਰਨੀ ਗੁਰਦੀਪ ਕੌਰ ਮਾਨ, ਧਰਮ-ਪਤਨੀ ਸ੍ਰ. ਜਸਵੰਤ ਸਿੰਘ ਮਾਨ (ਪਿੱਛੋਂ ਪਿੰਡ ਦਿਉਣਖੇੜਾ, ਤਹਿ ,ਮਲੋਟ ਜ਼ਿਲਾ ਸ੍ਰੀ ਮੁਕਤਸਰ ਸਹਿਬ) ਜੂਨ 7-2019,ਨੂੰ ਆਪਣੀ ਜੀਵਨ-ਯਾਤਰਾ ਸੰਪੂਰਨ ਕਰ ਗਏ ਹਨ। ਸ੍ਰ. ਜਸਵੰਤ ਸਿੰਘ ਮਾਨ ਨਾ ਸਿਰਫ ਇੰਡੋ-ਅਮੈਰੀਕਨ ਹੈਰੀਟੇਜ ਫੋਰਮ ਫਰਿਜਨੋ ਦੇ ਮੋਹਰੀਆਂ ਵਿਚ ਰਹੇ ਹਨ, ਅਤੇ ਸਗੋਂ ਪੰਜਾਬ ਵਿੱਚ ਭਾਈਚਾਰੇ ਦੀਆਂ ਸਮਾਜਿਕ ਤੇ ਰਾਜਨੀਤਕ ਸਰਗਰਮੀਆਂ ਵਿਚ ਵੀ ਸਦਾ ਹੀ ਮਹੱਤਵਪੂਰਨ ਹਿੱਸਾ ਪਾਉਂਦੇ ਆਏ ਹਨ। ਉਹਨਾਂ ਵਾਸਤੇ ਇਹਨਾਂ ਭਾਈਚਾਰਕ ਕੰਮਾਂ ਲਈ ਏਨਾ ਸਮਾਂ ਦੇ ਸਕਣਾ ਇਸੇ ਕਰਕੇ ਸੰਭਵ ਹੋ ਸਕਿਆ ਕਿਉਂਕਿ ਘਰ-ਪਰਿਵਾਰ ਦੀ ਵੱਡੀ ਜ਼ਿੰਮੇਵਾਰੀ ਮਾਤਾ ਗੁਰਦੀਪ ਕੌਰ ਨੇ ਆਪਣੇ ਮੋਢਿਆਂ ਉਤੇ ਲਈ ਹੋਈ ਸੀ।



ਮਾਨ-ਜੋੜੀ ਦਾ ਇਕ ਪੁੱਤਰ ਤੇ ਚਾਰ ਧੀਆਂ ਦੇ ਰੂਪ ਵਿਚ ਵਧਦਾ-ਫੁਲਦਾ ਖ਼ੁਸ਼ਹਾਲ ਪਰਿਵਾਰ ਭਾਰਤ, ਅਮਰੀਕਾ ਤੇ ਕੈਨੇਡਾ ਵਿਚ ਵਸਿਆ ਹੋਇਆ ਹੈ। ਬੱਚਿਆਂ ਦੀਆਂ ਪਰਾਪਤੀਆਂ ਵਿਚ ਵੀ ਵੱਡਾ ਯੋਗਦਾਨ ਮਾਤਾ ਗੁਰਦੀਪ ਕੌਰ ਮਾਨ ਦੀ ਸਿੱਖਿਆ ਤੇ ਪਰਵਰਿਸ਼ ਦਾ ਰਿਹਾ। ਜੋ ਕੋਈ ਸੱਜਨ ਇਕ ਵਾਰ ਵੀ ਮਾਨ ਪਰਿਵਾਰ ਦੇ ਘਰ ਗਿਆ ਹੈ, ਉਸ ਨੂੰ ਮਾਤਾ ਗੁਰਦੀਪ ਕੌਰ ਦੀ ਸਵਾਗਤੀ ਮਹਿਮਾਨ-ਨਿਵਾਜ਼ੀ ਕਦੀ ਵੀ ਭੁੱਲ ਨਹੀਂ ਸਕਦੀ। ਅਜਿਹੀਆਂ ਪਵਿੱਤਰ ਰੂਹਾਂ ਕੁਦਰਤ ਦੇ ਨੇਮ ਅਨੁਸਾਰ ਇਸ ਸੰਸਾਰ ਤੋਂ ਚਲੀਆਂ ਤਾਂ ਜਾਂਦੀਆਂ ਹਨ, ਪਰ ਉਹਨਾਂ ਦੀਆਂ ਕਰਨੀਆਂ ਦਾ ਜਸ ਪਿੱਛੇ ਰਹਿ ਜਾਂਦਾ ਹੈ। ਮਾਤਾ ਗੁਰਦੀਪ ਕੌਰ ਮਾਨ ਵੀ ਚਿਰਾਂ ਤੱਕ ਸਾਡੇ ਚੇਤਿਆਂ ਵਿਚ ਵਸੇ ਰਹਿਣਗੇ। ਉਹਨਾਂ ਦਾ ਅੰਤਮ ਸੰਸਕਾਰ 15 ਜੂਨ ਦਿਨ ਸਨਿੱਚਰਵਾਰ ਨੂੰ ਸ਼ਾਤ ਭਵਨ 4800 ਈਸਟ ਕਲੈਟਨ ਏਵਨਿਊ ਫਾਊਲਰ ਕੈਲੇਫੋਰਨੀਆ ਵਿਖੇ 11 ਤੋ 1 ਵਜੇ ਤੀਕ ਕੀਤਾ ਜਾਵੇਗਾ ਅਤੇ ਰੱਖੇ ਗਏ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਦਾ ਭੋਗ15 ਜੂਨ 2019, ਉਸੇ ਦਿਨ ਸਨੀਚਰਵਾਰ ਸਾਮ 2 ਤੋ 4 ਵਜੇ ਤੀਕ ਗੁਰਦੁਆਰਾ ਸਾਹਿਬ ਸਿੱਖ ਸੈਟਰ ਆਫ ਪੇਸੈਫਿਕ ਕੋਸਟ ਸੈਲਮਾਂ ਵਿਖੇ ਪਵੇਗਾ।

# ਟੁੱਟ ਜਾਏ ਵਿਸ਼ਵਾਸ ਤਾਂ ਕੁਝ ਵੀ ਰਹਿੰਦਾ ਨਹੀਂ

ਅੰਗ-ਸੰਗ



ਸ਼ਾਮ ਸਿੰਘ
98141-13338

ਵਿਸ਼ਵਾਸ ਅਜਿਹੀ ਕਿਰਿਆ ਹੈ ਜਿਸ ਦਾ ਸੰਬੰਧ ਦਿਲ ਨਾਲ ਵੀ ਹੈ ਅਤੇ ਸੋਚ ਨਾਲ ਵੀ। ਬਚਪਨ ਤੋਂ ਹੀ ਵਿਸ਼ਵਾਸ ਦਾ ਬੀਜ ਅਜਿਹਾ ਬੀਜਿਆ ਜਾਂਦਾ ਹੈ, ਜੋ ਸਦਾ ਪੁੰਗਰਦਾ ਤਾਂ ਰਹਿੰਦਾ ਹੈ, ਕਦੇ ਮੁਰਝਾਂਦਾ ਨਹੀਂ। ਜੇ ਕੋਈ ਸ਼ੱਕ ਵੀ ਪੈ ਜਾਵੇ ਤਾਂ ਵੀ ਵਿਸ਼ਵਾਸ਼ ਦੀਆਂ ਜੜ੍ਹਾਂ ਨੂੰ ਨੁਕਸਾਨ ਨਹੀਂ ਪਹੁੰਚਦਾ, ਕਿਉਂਕਿ ਇਹ ਡੂੰਘੀਆਂ ਵੀ ਹੁੰਦੀਆਂ ਹਨ ਅਤੇ ਮਜ਼ਬੂਤ ਵੀ। ਭੋਲੇਪਨ ਦੀ ਉਮਰ ਵਿੱਚ ਬੱਚੇ ਨੂੰ ਮਾਤਾ-ਪਿਤਾ ਓਹੀ ਮੰਨਣੇ ਪੈਂਦੇ ਹਨ, ਜੋ ਉਸ ਨੂੰ ਦੱਸੇ ਜਾਂਦੇ ਹਨ, ਭਾਵੇਂ ਉਹ ਅਸਲੀ ਹੋਣ ਜਾਂ ਨਾ ਹੋਣ। ਅਜਿਹਾ ਕੁਝ ਵਿਸ਼ਵਾਸ ਹੀ ਹੁੰਦਾ ਹੈ, ਹੋਰ ਕੁਝ ਵੀ ਤਾਂ ਨਹੀਂ।

ਰੱਬ ਪਤਾ ਨਹੀਂ ਕਿਸੇ ਨੇ ਦੇਖਿਆ ਜਾਂ ਨਹੀਂ, ਪਰ ਦੱਸੇ-ਦਸਾਏ 'ਤੇ ਹੀ ਉਸ ਨੂੰ ਮੰਨਣਾ ਪੈ ਜਾਂਦਾ ਹੈ, ਕਿਉਂਕਿ ਦੱਸਣ ਵਾਲੇ ਦਾ ਵਿਸ਼ਵਾਸ ਹੀ ਬੋਲ ਰਿਹਾ ਹੁੰਦਾ ਹੈ, ਉਹ ਖ਼ੁਦ ਨਹੀਂ ਬੋਲ ਰਿਹਾ ਹੁੰਦਾ। ਜਿਨ੍ਹਾਂ ਗੁਰੂਆਂ, ਪੀਰਾਂ ਅਤੇ ਪੈਗੰਬਰਾਂ ਨੇ ਰੱਬ ਨੂੰ ਦੇਖਿਆ ਵੀ ਹੈ, ਉਹ ਵੀ ਉਸ ਦੀ ਜਾਣ-ਪਛਾਣ ਦੱਸਣ ਨੂੰ ਕਰੜੀ ਸਾਰ ਵੀ ਕਹਿੰਦੇ ਹਨ, ਅਕੱਥ ਵੀ। ਅੱਲ੍ਹਾ, ਖ਼ੁਦਾ, ਗੌਡ, ਈਸ਼ਵਰ ਅਤੇ ਕਰਤਾ ਜਿਹੇ ਨਾਵਾਂ ਨਾਲ ਜਾਣੇ ਜਾਂਦੇ ਪ੍ਰਮੇਸ਼ਰ ਦੀ ਹੋਂਦ (ਅਣਹੋਂਦ) ਵਿਸ਼ਵਾਸ 'ਤੇ ਆਧਾਰਤ ਹੈ, ਕਿਸੇ ਹਕੀਕਤ 'ਤੇ ਨਹੀਂ।

ਜੇ ਵਿਸ਼ਵਾਸ ਤਿੜਕ ਜਾਵੇ, ਵਿਸ਼ਵਾਸ ਦਾ ਸੁਫ਼ਨਾ ਟੁੱਟ ਜਾਵੇ ਤਾਂ ਪੱਲੇ ਕੁਝ ਨਹੀਂ ਰਹਿੰਦਾ। ਮਨੁੱਖਤਾ ਇੱਕ ਦੂਜੇ ਦੇ ਵਿਸ਼ਵਾਸ 'ਤੇ ਹੀ ਤੁਰੀ ਫਿਰਦੀ ਅਤੇ ਵਿਚਰਦੀ ਹੈ, ਨਹੀਂ ਤਾਂ ਇਹ ਬੇਸਿਰ-ਪੈਰ ਹੋ ਕੇ ਰਹਿ ਜਾਵੇ। ਇਸ ਲਈ ਜ਼ਰੂਰੀ ਹੈ ਕਿ ਸਮਾਜ ਦੇ ਰਹਿਬਰ ਉਨ੍ਹਾਂ ਗੱਲਾਂ ਵੱਲ ਸੰਜੀਦਾ ਹੋ ਕੇ ਧਿਆਨ ਦੇਣ, ਜੋ ਵਿਸ਼ਵਾਸ ਤੋਂ ਬਗ਼ੈਰ ਤੁਰ ਹੀ ਨਹੀਂ ਸਕਦੇ। ਜੇ ਧਾਰਮਿਕਤਾ ਦੇ ਖੇਤਰ ਵਿਚਲੇ ਅਗਵਾਈ ਦੇਣ ਵਾਲੇ ਪੀਰ-ਪੈਗੰਬਰ ਵਿਸ਼ਵਾਸ ਦੀ ਜ਼ਮੀਨ ਨੂੰ ਉੱਤਮ ਨਾ ਬਣਾਈ ਰੱਖਣ ਤਾਂ ਰੱਬ ਦੀ ਹੋਂਦ ਨੂੰ ਕਿਰਨ ਤੋਂ ਦੇਰ ਨਹੀਂ ਲੱਗਣ ਲੱਗੀ।

ਰਾਜਨੀਤਕ ਖੇਤਰ ਵਿੱਚ ਸਿਆਸਤਦਾਨਾਂ ਦਾ ਅਹਿਮ ਫ਼ਰਜ਼ ਹੈ ਕਿ ਉਹ ਜਨਤਾ ਦੇ ਵਿਸ਼ਵਾਸ ਨੂੰ ਹਰ ਹੀਲੇ ਕਾਇਮ ਰੱਖਣ ਤਾਂ ਜੋ ਸਿਆਸੀ ਤਾਣਾ-ਬਾਣਾ ਕਿਸੇ ਉਲਝਣ ਵਿੱਚ ਨਾ ਉਲਝੇ। ਜੇ ਕਿਸੇ ਮਾੜੀ ਨੀਤ ਨਾਲ ਰਾਜ ਭਾਗ ਕਾਇਮ ਰੱਖਣ ਲਈ ਇੱਕ ਕਦਮ ਵੀ ਗ਼ਲਤ ਪੁੱਟਿਆ ਜਾਏ ਤਾਂ ਸਾਰੇ ਦਾ ਸਾਰਾ ਦੇਸ਼ ਖ਼ਤਰਿਆਂ ਤੋਂ ਬਚ ਕੇ ਨਹੀਂ ਰਹਿ ਸਕਦਾ ।

ਅਸਲ ਵਿੱਚ ਵਿਸ਼ਵਾਸ ਦਾ ਬੂਟਾ ਅਜਿਹਾ ਹੁੰਦਾ ਹੈ, ਜਿਸ 'ਤੇ ਨਿਰੰਤਰ ਧਿਆਨ ਵੀ ਦੇਣਾ ਪੈਂਦਾ ਹੈ ਅਤੇ ਪਹਿਰਾ ਵੀ। ਰੱਬ 'ਚੋਂ ਵਿਸ਼ਵਾਸ ਹਟ ਵੀ ਜਾਵੇ ਤਾਂ ਨਾਸਤਕ ਹੋ ਕੇ ਵੀ ਕਾਰਜ ਚੱਲਦਾ ਰਹਿੰਦਾ ਹੈ, ਪਰ ਰਾਜਨੀਤੀ ਵਿੱਚ ਨੁਕਸ ਪੈ ਜਾਣ ਤਾਂ ਮਨੁੱਖਤਾ ਦਾ ਘਾਣ ਹੋਣ ਤੋਂ ਨਹੀਂ ਬਚਦਾ, ਜੋ ਕਿਸੇ ਤਰ੍ਹਾਂ ਵੀ ਠੀਕ ਨਹੀਂ। ਕਿਸੇ ਠੱਗੀ, ਹੇਰਾਫੇਰੀ, ਧੋਖੇਬਾਜ਼ੀ ਅਤੇ ਚਲਾਕੀ ਨਾਲ ਰਾਜ-ਭਾਗ ਹਥਿਆਉਣਾ ਥੋੜ੍ਹੇ ਸਮੇਂ ਲਈ ਤਾਂ ਠੀਕ ਹੋ ਸਕਦਾ ਹੈ, ਪਰ ਚਿਰ ਸਥਾਈ ਨਹੀਂ, ਇਸ ਲਈ ਜ਼ਰੂਰੀ ਹੈ ਕਿ ਰਾਜਨੀਤੀ ਦੇ ਖੇਤਰ ਵਿੱਚ ਸਾਫ਼-ਸੁਥਰਾ ਰਹਿ ਕੇ ਹੀ ਕੰਮ ਕੀਤੇ ਜਾਣ।

ਜੇ ਰਾਜਨੀਤੀ ਦੇ ਵਿਹਾਰ 'ਤੇ ਦੇਸ਼ ਦੇ ਲੋਕਾਂ ਨੂੰ ਸ਼ੱਕ ਪੈ ਜਾਵੇ ਤਾਂ ਉਸ ਨੂੰ ਹਰੇਕ ਹਾਲਤ ਵਿੱਚ ਖ਼ਤਮ ਕਰਨ ਲਈ ਕਦਮ ਉਠਾਏ ਜਾਣ ਤਾਂ ਕਿ ਲੋਕ-ਮਨਾਂ ਵਿੱਚੋਂ ਕਲੇਸ਼ ਮੁੱਕ ਸਕੇ। ਜਨਤਾ ਦੀ ਮੰਗ ਉਡੀਕੇ ਬਗੈਰ ਹੀ ਰਾਜਨੀਤੀਵਾਨਾਂ ਨੂੰ ਸ਼ੱਕ ਖ਼ਤਮ ਕਰਨ ਲਈ ਤੁਰਤ ਵਸੀਲੇ ਕੀਤੇ ਜਾਣ ਤਾਂ ਕਿ ਲੋਕ ਸ਼ਾਂਤੀ ਨਾਲ ਰਹਿ ਕੇ ਮੁਲਕ ਦੇ ਵਿਕਾਸ ਲਈ ਜੁਟ ਜਾਣ।

ਵਿਸ਼ਵਾਸ ਚੰਗੇ ਸੰਬੰਧਾਂ 'ਤੇ ਵੀ ਆਧਾਰਤ ਹੁੰਦਾ ਹੈ ਅਤੇ ਮੋਹ-ਮੁਹੱਬਤ 'ਤੇ ਵੀ। ਮੇਰੇ ਬਜ਼ੁਰਗ ਮਿੱਤਰ ਸੋਹਨ ਸਿੰਘ ਜੋਸ਼ ਨੇ ਜਦ 'ਟੁੱਟੇ ਦਿਲ ਨਹੀਂ ਜੁੜਦੇ ਵੇਖੀਂ ਤੋੜੀਂ ਨਾ, ਕਲੀਆਂ ਤੋਂ ਵੱਧ ਕੋਮਲ ਦੇਖ ਮਰੋੜੀਂ ਨਾ' ਇਹ ਲਿਖਿਆ ਤਾਂ ਇਸ ਪਿੱਛੇ ਛੁਪੇ ਵਿਸ਼ਵਾਸ ਦੀ ਵੀ ਗਵਾਹੀ ਹੈ, ਜਿਸ ਨੂੰ ਸਹਿਜੇ ਕੀਤੇ ਮੁਕਾਇਆ ਜਾਣਾ ਸੰਭਵ ਹੀ ਨਹੀਂ। ਦਿਲ ਤੋੜਨਾ ਵਿਸ਼ਵਾਸ ਤੋੜਨ ਵਰਗੀ ਹੀ ਗੱਲ ਹੈ, ਜਿਸ ਵੱਲ ਧਾਰਮਿਕ, ਸਮਾਜਿਕ ਅਤੇ ਰਾਜਨੀਤਕ ਰਹਿਬਰਾਂ ਨੂੰ ਸੁਹਿਰਦਤਾ ਨਾਲ ਧਿਆਨ ਰੱਖਣਾ ਚਾਹੀਦਾ ਹੈ ਤਾਂ ਜੋ ਤਰੇੜਾਂ ਪੈਣ ਦੀ ਸੰਭਾਵਨਾ ਹੀ ਪੈਦਾ ਨਾ ਹੋ ਸਕੇ।

ਜੇ ਵਿਸ਼ਵਾਸ ਟੁੱਟ ਜਾਏ ਤਾਂ ਪੱਲੇ ਵਿੱਚ ਕੁਝ ਵੀ ਨਹੀਂ ਰਹਿੰਦਾ। ਕਹਿੰਦੇ ਨੇ ਵਿਸ਼ਵਾਸ ਅੰਨ੍ਹਾ ਹੁੰਦਾ ਹੈ, ਪਰ ਅੱਖਾਂ ਵਾਲਾ ਵੀ ਹੁੰਦਾ ਹੈ, ਜਿਸ ਨੂੰ ਸਿਆਣੇ ਲੋਕਾਂ ਨੇ ਹੀ ਪਾਲਿਆ ਪੋਸਿਆ ਹੈ, ਜੋ ਸਹੀ ਰਾਹ ਵੀ ਹੈ ਤੇ ਮੰਜ਼ਿਲ ਵੀ। ਜਿੰਨਾ ਕਿਸ ਦਾ ਅਨੁਭਵ ਗਹਿਰਾ, ਓਨਾ ਹੀ ਉਸ ਦਾ ਵਿਸ਼ਵਾਸ ਮਜ਼ਬੂਤ। ਇਸ ਲਈ ਵਿਸ਼ਵਾਸ ਨਾ ਟੁੱਟਣ ਦੇਈਏ ਤੇ ਸਭ ਕੁਝ ਬਚਿਆ ਰਹੇ।

### ਕਥਾ ਹੌਲੈਂਡ ਦੀ

ਹੌਲੈਂਡ ਅਜਿਹਾ ਅਦਭੁੱਤ ਦੇਸ਼ ਹੈ, ਕੁਦਰਤ ਦੇ ਨਿਯਮਾਂ ਮੁਤਾਬਕ ਸਾਫ਼-ਸੁਥਰਾ ਜੀਵਨ ਗੁਜ਼ਾਰਦਾ ਹੈ ਜਿਸ ਕਾਰਨ ਉੱਥੇ ਅਪਰਾਧ ਹੁੰਦੇ ਹੀ ਨਹੀਂ। ਜਦ ਅਪਰਾਧੀ ਹੀ ਨਹੀਂ ਤਾਂ ਉੱਥੋਂ ਦੀ ਸਰਕਾਰ ਨੇ ਸਾਰੀਆਂ ਦੀਆਂ ਸਾਰੀਆਂ ਜੇਲ੍ਹਾਂ ਬੰਦ ਕਰ ਦਿੱਤੀਆਂ। ਕੇਵਲ ਮੁਲਕ ਭਰ ਵਿੱਚ ਇੱਕ ਅਪਰਾਧੀ ਹੀ ਰਹਿ ਗਿਆ ਸੀ ਜਿਸ 'ਤੇ ਹੁੰਦਾ ਖਰਚਾ ਬਚਾਉਣ ਲਈ ਉਸ ਨੂੰ ਵੀ ਰਿਹਾਅ ਕਰ ਦਿੱਤਾ ਗਿਆ।

ਹੁਣ ਆ ਜਾਓ ਭਾਰਤ ਦੇਸ਼ ਮਹਾਨ ਵੱਲ, ਜਿੱਥੇ ਹਰ ਅਪਰਾਧ ਹੋਈ ਜਾ ਰਿਹਾ, ਜਿਸ ਕਰਕੇ ਰੱਬ ਦੇ ਨਾਂ 'ਤੇ ਭਗਤੀ ਕਰਨ ਵਾਲੇ ਵੀ ਜੇਲ੍ਹਾਂ ਵਿੱਚ ਜਾ ਬਿਰਾਜੇ, ਕਿਉਂਕਿ 84 ਲੱਖ ਜੂਨਾਂ ਦੇ ਡਰ, ਨਰਕਾਂ ਦੇ ਤਸੀਹੇ ਅਤੇ ਸਵਰਗਾਂ ਦੇ ਵੱਡੇ ਲਾਲਚ ਦੇਣ ਵਾਲੇ ਸੰਤਾਂ, ਬਾਬਿਆਂ ਦੇ ਪਿੱਛੇ ਲੱਗ ਕੇ ਮੁਲਕ ਬਰਬਾਦ ਹੋ ਰਿਹੈ।

ਉਨ੍ਹਾਂ ਨੇ ਵਿਸ਼ਵਾਸ ਤੋੜ ਕੇ ਰੱਖ ਦਿੱਤਾ, ਜਿਸ ਕਾਰਨ ਨਾ ਹੀ ਉਨ੍ਹਾਂ ਦੇ ਪੱਲੇ ਵਿੱਚ ਕੁਝ ਰਿਹਾ, ਨਾ ਉਨ੍ਹਾਂ ਮਗਰ ਲੱਗੀ ਭੋਲੀ ਜਨਤਾ ਦੇ। ਹੌਲੈਂਡ ਮਗਰ ਲੱਗੀਏ ਤਾਂ ਕਿ ਅਪਰਾਧ-ਮੁਕਤ ਹੋਈਏ।

### ਗਹਿਰੇ ਭੇਤ ਵਿਲੱਖਣ ਜਾਣਕਾਰੀ

ਜੀਵਨ ਤੇ ਬ੍ਰਹਿਮੰਡ ਦੀਆਂ ਪਰਤਾਂ ਵਿੱਚ ਨਜ਼ਰ ਫੇਰਦਿਆਂ ਅਤੇ ਕਲਪਨਾ ਵਿੱਚ ਉਡਦਿਆਂ ਡਾਕਟਰ ਵਿਦਵਾਨ ਸਿੰਘ ਸੋਨੀ ਨੇ ਵਿਸ਼ਾਲ ਜਾਣਕਾਰੀਆਂ ਦਾ ਖੁਲਾਸਾ ਵੀ ਕੀਤਾ ਹੈ ਅਤੇ ਏਧਰੋਂ ਓਧਰੋਂ ਪ੍ਰਾਪਤ ਹੋਏ ਗਿਆਨ ਦਾ ਵੀ। ਇਨ੍ਹਾਂ ਜਾਣਕਾਰੀਆਂ ਅਤੇ ਗਿਆਨ ਨਾਲ ਲੇਖਕ ਹੀ ਨਹੀਂ, ਸਗੋਂ ਪਾਠਕ ਵੀ ਉਨ੍ਹਾਂ ਭੇਤਾਂ ਤੋਂ ਜਾਣੂ ਹੋਣਗੇ, ਜਿਹੜਾ ਉਨ੍ਹਾਂ ਦੇ ਚਿੱਤ-ਚੇਤਿਆਂ ਵਿੱਚ ਵੀ ਨਹੀਂ ਸੀ ਆ ਸਕਣਾ।

'ਕਈ ਕੋਟਿ ਅਕਾਸ਼ ਬ੍ਰਹਿਮੰਡ' ਪੁਸਤਕ ਦਾ ਮਨੋਰਥ ਜਿੱਥੇ ਧਰਤੀ ਅਤੇ ਇਸ ਉੱਤੇ ਵਿਚਰਦੇ ਜੀਵਨ ਬਾਰੇ ਵੱਖ-ਵੱਖ ਰੰਗਾਂ ਨੂੰ ਦਰਸਾਉਣਾ ਵੀ ਹੈ, ਸੂਰਜ, ਚੰਨ ਅਤੇ ਤਾਰਿਆਂ ਦੇ ਪਰਵਾਰ ਬਾਰੇ ਭਰਪੂਰ ਜਾਣਕਾਰੀ ਕਰਾਉਣਾ ਵੀ। ਭਾਵੇਂ ਸੂਰਜ ਅਤੇ ਚੰਨ ਕੋਲ ਆਪ ਪਹੁੰਚਣਾ ਤਾਂ ਬਹੁਤ ਮੁਸ਼ਕਲ ਹੈ, ਪਰ ਉਨ੍ਹਾਂ ਬਾਰੇ ਅੱਜ ਤੱਕ ਦੀ ਮਿਲਦੀ ਜਾਣਕਾਰੀ ਦੇ ਵੇਰਵਿਆਂ ਦੇ ਵਿਸਤਾਰ ਸੰਬੰਧੀ ਗੱਲਾਂ ਕਰਨੀਆਂ ਵੀ ਕ੍ਰਿਸ਼ਮਿਆਂ ਤੋਂ ਘੱਟ ਨਹੀਂ। ਅਕਾਸ਼ ਵਿੱਚ ਤਾਰਿਆਂ ਅਤੇ ਗਲੇਸ਼ੀਅਰਾਂ ਬਾਰੇ ਜਾਣਨਾ ਅਤੇ ਫੇਰ ਉਨ੍ਹਾਂ ਦੀ ਵਿਸ਼ਾਲਤਾ ਬਾਰੇ ਗਿਆਤ ਕਰਾਉਣਾ ਲੇਖਕ ਦੀ ਮਿਹਨਤ ਵੀ ਹੈ, ਹਾਸਲ ਵੀ।

ਵਿਗਿਆਨਕ ਨਜ਼ਰੀਏ ਨਾਲ ਡਾ. ਸੋਨੀ ਨੇ ਧਰਤੀ ਦੇ ਸਾਜੇ ਜਾਣ ਅਤੇ ਬ੍ਰਹਿਮੰਡ ਦੀ ਬਣਤਰ ਬਾਰੇ ਸੱਚ ਦੇ ਨੇੜਲੇ ਸਪੱਸ਼ਟ ਨੁਕਤੇ ਵੀ ਦੱਸੇ ਹਨ ਅਤੇ ਪੁਲਾੜ ਵਿਚਲੇ ਅਦਭੁੱਤ ਗਹਿਰੇ ਭੇਤਾਂ ਬਾਰੇ ਵੀ।

ਅੰਬਰ ਵੱਲ ਇੱਕ ਝਾਤ, ਕਿਹ ਬਿਧਿ ਸਜਾ ਪ੍ਰਥਮ ਸੰਸਾਰਾ, ਸੂਰਜਾਂ ਦੀ ਮੌਤ, ਮੰਗਲ ਗ੍ਰਹਿ 'ਤੇ ਪਾਣੀ ਵਗਦਾ ਹੈ, ਸਾਗਰ ਦੀ ਹਿੱਕ 'ਚੋਂ ਉੱਠਿਆ ਹਿਮਾਲਾ ਅਤੇ ਹੋਰ ਕਈ ਲੇਖਾਂ ਦੇ ਨਾਂਅ ਵੀ ਇਵੇਂ ਹੀ ਨਵੇਂ ਵਿਲੱਖਣ ਜਿਹੇ ਵੀ ਹਨ ਅਤੇ ਹਰੇਕ ਵਾਸਤੇ ਹੀ ਹੈਰਾਨਕੁੰਨ ਵੀ।

ਕਿਤਾਬ ਵਿਚਲੇ ਲੇਖਾਂ ਬਾਰੇ ਜਿੰਨੀਆਂ ਮਰਜ਼ੀ ਟਿੱਪਣੀਆਂ ਕਰਦਾ ਰਹਾਂ, ਫੇਰ ਵੀ ਇਸ ਵਿਚਲੀ ਜਾਣਕਾਰੀ ਅਤੇ ਗਿਆਨ ਪਕੜ ਵਿੱਚ ਨਹੀਂ ਆਉਣ ਲੱਗੇ। ਨਾਲੇ ਜਿਹੜਾ ਅਨੰਦ ਲੇਖਾਂ ਨੂੰ ਖ਼ੁਦ ਪੜ੍ਹ ਕੇ ਆ ਸਕਦਾ ਹੈ, ਉਹ ਮੇਰੇ ਸਮੇਤ ਕਿਸੇ ਦੀਆਂ ਟਿੱਪਣੀਆਂ ਵਿੱਚੋਂ ਹਰਗਿਜ਼ ਨਹੀਂ ਆ ਸਕਦਾ।

ਆਖਰ 'ਚ ਮੈਂ ਤਾਂ ਡਾ. ਵਿਦਵਾਨ ਸਿੰਘ ਸੋਨੀ ਨੂੰ ਇਸ ਲਈ ਮੁਬਾਰਕ ਪੇਸ਼ ਕਰਦਾ ਹਾਂ ਕਿ ਇਹੋ ਜਿਹੀ ਕਿਤਾਬ ਲਿਖ ਕੇ ਮਨੁੱਖਾਂ ਲਈ ਅਚੰਭੇ ਦੇ ਦਰ ਵੀ ਖੋਲ੍ਹੇ ਹਨ ਅਤੇ ਗਹਿਰੇ ਭੇਤਾਂ ਦੇ ਵੀ। ਨਾਲ ਦੀ ਨਾਲ ਨੈਸ਼ਨਲ ਬੁੱਕ ਟਰੱਸਟ ਨੂੰ ਵੀ ਵਧਾਈ ਕਿ ਇਹੋ ਜਿਹੀ ਦੁਰਲੱਭ ਅਤੇ ਅਮੁੱਲੀ ਜਾਣਕਾਰੀ ਵਾਲੀ ਕਿਤਾਬ ਛਾਪਣ ਲਈ ਤਿਆਰ ਹੋ ਗਿਆ।

### ਪੂਰਨ ਸਿੰਘ ਨਹੀਂ ਰਹੇ

ਇੰਗਲੈਂਡ ਵਿੱਚ ਵਸਦੇ ਪੂਰਨ ਸਿੰਘ ਪਿਛਲੇ ਦਿਨੀਂ ਅਕਾਲ ਚਲਾਣਾ ਕਰ ਗਏ। ਉਹ ਬੜੇ ਦੂਰ-ਦਰਸ਼ੀ ਅਤੇ ਦਾਰਸ਼ਨਿਕ ਸੋਚ ਰੱਖਣ ਵਾਲੇ ਸਨ। ਉਹ ਕਈ ਪੁਸਤਕਾਂ ਦੇ ਰਚੇਤਾ ਸਨ ਅਤੇ ਆਪਣੀ ਗੱਲ ਨੂੰ ਬੜੀ ਹੀ ਦਲੀਲ ਅਤੇ ਠਰ੍ਹੰਮੇ ਨਾਲ ਆਖਦੇ।

ਲੰਦਨ ਦੇ ਇੱਕ ਸਮਾਗਮ ਵਿੱਚ ਉਹ ਕਵਿਤਾ ਬਾਰੇ ਬੋਲੇ ਤਾਂ ਮੈਨੂੰ ਵੀ ਉੱਥੇ ਸੁਣਨ ਦਾ ਸੁਭਾਗ ਮਿਲਿਆ। ਮੈਂ ਉਨ੍ਹਾਂ ਦੀ ਗੱਲ ਦੇ ਉਲਟ ਬੋਲਿਆ, ਪਰ ਉਹ ਗੁੱਸੇ 'ਚ ਆਣ ਦੀ ਬਜਾਏ ਬਹੁਤ ਹੀ ਪ੍ਰਸੰਨ-ਚਿੱਤ ਹੋਏ। ਉਨ੍ਹਾਂ ਦੇ ਚਲਾਣੇ ਨਾਲ ਘਾਟਾ ਪੈ ਗਿਆ, ਜੋ ਹੁਣ ਪੂਰਾ ਹੋ ਸਕਣਾ ਆਸਾਨ ਨਹੀਂ।

### ਲਤੀਫ਼ੇ ਦਾ ਚਿਹਰਾ ਮੋਹਰਾ

"ਗਵਰਨਰ ਸਾਹਿਬ ਕੀ ਤੁਸੀਂ ਮੈਨੂੰ ਮੁੱਖ ਮੰਤਰੀ ਬਣਾ ਸਕਦੇ ਹੋ, ਅੱਜ ਹੀ।"

"ਬਈ ਤੂੰ ਕੌਣ ਤੇ ਕਿਉਂ ਅਜਿਹਾ ਕਹਿ ਰਿਹਾਂ?"

"ਮੇਰੇ ਕੋਲ 95 ਵਿਧਾਇਕ ਹਨ ਅਤੇ ਮੈਂ ਉਸ ਤਬੇਲੇ ਦਾ ਮਾਲਕ ਹਾਂ ਜਿੱਥੇ ਇਹ ਸਾਰੇ ਦੇ ਸਾਰੇ ਵਿਧਾਇਕ ਐਸ਼ ਵਿੱਚ ਰੱਖੇ ਹੋਏ ਹਨ।"

ਇਸ 'ਤੇ ਗਵਰਨਰ ਜੀ ਚੁੱਪ ਹੀ ਰਹੇ, ਕੀ ਕਹਿੰਦੇ।

# ਦੁਰਘਟਨਾ ਦੇ ਬਾਅਦ ਕਰੇਂਦੇ ਇੰਤਜ਼ਾਮ

ਸ਼ਾਮ ਸਿੰਘ ਅੰਗ-ਸੰਗ

**ਦੇਸ਼ ਦੀਆਂ ਇਤਿਹਾਸਕ ਅਤੇ ਵੱਡੀਆਂ ਇਮਾਰਤਾਂ ਬਾਰੇ ਵੀ ਵੇਲੇ ਸਿਰ ਜਾਗਦੇ ਰਹਿਣ ਦੀ ਜ਼ਰੂਰਤ ਹੈ ਤਾਂ ਜੋ ਕਿਸੇ ਵੀ ਸੰਭਾਵੀ ਦੁਰਘਟਨਾ ਤੋਂ ਬਚਿਆ ਜਾ ਸਕੇ। ਬਹੁਤ ਸਾਰੀਆਂ ਇਮਾਰਤਾਂ 'ਤੇ ਉਨ੍ਹਾਂ ਦਾ ਇਤਿਹਾਸ ਵੀ ਲਿਖਿਆ ਹੋਇਆ ਹੈ, ਜਿਸ ਨੂੰ ਪੜ੍ਹ ਕੇ ਉਨ੍ਹਾਂ ਇਮਾਰਤਾਂ ਦੀ ਮਿਆਦ ਦਾ ਅੰਦਾਜ਼ਾ ਵੀ ਲਾਇਆ ਜਾ ਸਕਦਾ, ਜਿਨ੍ਹਾਂ ਨੂੰ ਢਾਹੁਣ ਵਿੱਚ ਦੇਰੀ ਨਹੀਂ ਲਾਉਣੀ ਚਾਹੀਦੀ ਅਤੇ ਨਵੇਂ ਤਰ੍ਹਾਂ ਦੀ ਉਸਾਰੀ ਕੀਤੀ ਜਾਵੇ। ਇਤਿਹਾਸਕ ਇਮਾਰਤ ਵਿੱਚ ਜੇ ਆਦਮੀ ਨਾ ਵੀ ਰਹਿੰਦੇ ਹੋਣ ਤਾਂ ਵੀ ਉਸ ਵਿੱਚ ਇਤਿਹਾਸਕ ਵਸਤਾਂ ਪਈਆਂ ਹੁੰਦੀਆਂ ਹਨ, ਜੋ ਵਿਲੱਖਣ ਵੀ ਹੁੰਦੀਆਂ ਹਨ ਅਤੇ ਅਮੁੱਲੀਆਂ ਵੀ। ਇਸ ਤਰ੍ਹਾਂ ਦੀ ਵਿਰਾਸਤ ਦੇਸ਼ ਦਾ ਸਰਮਾਇਆ ਹੁੰਦੀ ਹੈ, ਜਿਸ ਨੂੰ ਸੰਭਾਲ ਕੇ ਰੱਖਣਾ ਦੇਸ਼ ਦੇ ਹਾਕਮਾਂ ਅਤੇ ਲੋਕਾਂ ਦਾ ਫ਼ਰਜ਼ ਹੁੰਦਾ ਹੈ, ਕਿਉਂਕਿ ਵਿਰਾਸਤ ਦੀ ਵੱਡੀ ਅਮੀਰੀ ਕਾਰਨ ਦੇਸ਼ ਦਾ ਉੱਚਾ ਮਾਣ ਵੀ ਹੁੰਦਾ ਹੈ ਅਤੇ ਉੱਤਮ ਸਨਮਾਨ ਵੀ। ਅਜਿਹੀਆਂ ਇਮਾਰਤਾਂ ਮਿਆਦ ਪੁੱਗਣੋਂ ਪਹਿਲਾਂ ਢਾਹ ਕੇ ਮੁੜ ਉਸਾਰੀਆਂ ਜਾਣ ਤਾਂ ਚੰਗਾ ਹੋਵੇਗਾ।**

ਦੁਰਘਟਨਾ ਕਿਸੇ ਤਰ੍ਹਾਂ ਦੀ ਵੀ ਹੋਵੇ, ਮਾੜੀ ਹੀ ਹੁੰਦੀ ਹੈ ਨੁਕਸਾਨ-ਦੇਹ ਅਤੇ ਜਾਨਲੇਵਾ। ਕੁਦਰਤੀ ਆਫ਼ਤ ਅੱਗੇ ਤਾਂ ਕਿਸੇ ਦਾ ਜ਼ੋਰ ਨਹੀਂ ਚੱਲਦਾ, ਪਰ ਮਨੁੱਖੀ ਗ਼ਲਤੀ ਨਾਲ ਹੋਣ ਵਾਲੀ ਦੁਰਘਟਨਾ ਸਮੇਂ ਸਿਰ ਉਠਾਏ ਕਦਮਾਂ ਨਾਲ ਟਾਲੀ ਵੀ ਜਾ ਸਕਦੀ ਹੈ ਅਤੇ ਰੋਕੀ ਵੀ। ਮੁਗਲਾਂ ਅਤੇ ਦੇਸੀ ਰਾਜਿਆਂ ਬਾਅਦ ਅੰਗਰੇਜ਼ ਰਾਜ ਕਰਦੇ ਰਹੇ। ਭਾਰਤੀ ਲੋਕ ਅੰਗਰੇਜ਼ਾਂ ਦੀ ਈਸਟ ਇੰਡੀਆ ਵਾਲੀ ਦੁਰਘਟਨਾ ਤਾਂ ਰੋਕ ਨਹੀਂ ਸਕੇ ਕਿਉਂਕਿ ਉਨ੍ਹਾਂ ਦੀ ਇਸ ਈਸਟ ਇੰਡੀਆ ਕੰਪਨੀ ਦੀ ਚਲਾਕੀ ਸਮਝੀ ਨਾ ਜਾ ਸਕੀ। ਜਦ ਉਹ ਹੌਲੀ-ਹੌਲੀ ਭਾਰਤ 'ਤੇ ਰਾਜ ਕਰਨ ਲੱਗ ਪਏ ਤਾਂ ਸਮਝ ਪਈ, ਪਰ ਉਸ ਵਕਤ ਕੁਝ ਨਾ ਕੀਤਾ ਜਾ ਸਕਿਆ। ਜੇ ਕਿਤੇ ਉਨ੍ਹਾਂ ਦੀ ਮਨਸ਼ਾ ਕੋਈ ਭਾਰਤੀ ਪਹਿਲਾਂ ਸਮਝ ਲੈਂਦਾ ਤਾਂ ਦੋ ਸੌ ਸਾਲ ਪਹਿਲਾਂ ਮੁਲਕ ਬਚ ਰਹਿੰਦਾ। ਏਨਾ ਲੰਮਾ ਸਮਾਂ ਬਿਨਾਂ ਅਰਥਾਂ ਦੇ ਹੀ ਨਾ ਗੁਜ਼ਰਦਾ। ਭਾਰਤੀਆਂ ਨੂੰ ਖਾਹਮਖਾਹ ਅੰਗਰੇਜ਼ਾਂ ਨੂੰ ਮੁਲਕ ਤੋਂ ਬਾਹਰ ਕੱਢਣ ਲਈ ਸੰਘਰਸ਼ ਨਾ ਕਰਨਾ ਪੈਂਦਾ ਅਤੇ ਬੇਲੋੜੇ ਤਸੀਹੇ ਨਾ ਸਹਾਰਨੇ ਪੈਂਦੇ। ਅਜਿਹਾ ਈਸਟ ਇੰਡੀਆ ਕੰਪਨੀ ਦੇ ਦਾਖ਼ਲੇ ਦੀ ਦੁਰਘਟਨਾ ਨੂੰ ਰੋਕ ਨਾ ਸਕਣ ਕਾਰਨ ਵਾਪਰਿਆ, ਜਿਸ ਨਾਲ ਦੇਸ਼ ਦੇ ਕਰੋੜਾਂ ਲੋਕਾਂ ਦਾ ਵੱਡਾ ਨੁਕਸਾਨ ਹੋਇਆ।

ਦੇਸ਼ ਭਰ ਵਿੱਚ ਕਿੰਨੇ ਪੁਲ ਹਨ, ਜਿਹੜੇ ਬਹੁਤ ਵਰ੍ਹੇ ਪਹਿਲਾਂ ਬਣਾਏ ਗਏ ਹੋਣਗੇ ਅਤੇ ਉਨ੍ਹਾਂ ਦੀ ਮਿਆਦ ਪੂਰੀ ਹੋ ਗਈ ਹੋਵੇਗੀ, ਪਰ ਉਨ੍ਹਾਂ ਵੱਲ ਸੰਬੰਧਤ ਅਧਿਕਾਰੀਆਂ ਦਾ ਧਿਆਨ ਨਹੀਂ। ਜਦ ਕਦੇ ਉਨ੍ਹਾਂ 'ਚੋਂ ਕੋਈ ਟੁੱਟ ਕੇ ਡਿੱਗ ਪੈਂਦਾ ਹੈ, ਫੇਰ ਮੀਡੀਆ ਵੀ ਚੀਕਦਾ ਹੈ ਅਤੇ ਲੋਕ ਵੀ, ਤਾਂ ਜਾ ਕੇ ਹਾਕਮਾਂ ਦੇ ਧਿਆਨ ਵਿੱਚ ਆਉਂਦਾ ਹੈ। ਜਦ ਬਾਅਦ ਵਿੱਚ ਬਚਾਅ ਦੇ ਇੰਤਜ਼ਾਮ ਵੀ ਕੀਤੇ ਜਾਂਦੇ ਹਨ ਅਤੇ ਟੁੱਟੇ ਪੁਲ ਨੂੰ ਦੁਬਾਰਾ ਉਸਾਰਨ ਦੇ ਚੰਗੇ ਪ੍ਰਬੰਧ ਵੀ। ਇਹ ਸਿਆਣਪ ਦੀ ਗੱਲ ਨਹੀਂ। ਸੂਝਬੂਝ ਏਸ ਵਿੱਚ ਹੈ ਕਿ ਦੇਸ਼-ਭਰ ਦੇ ਪੁਲਾਂ 'ਤੇ ਚੋਖੀ ਨਿਗਰਾਨੀ ਰੱਖੀ ਜਾਵੇ। ਹਰ ਪੁਲ 'ਤੇ ਉਸਾਰਨKਬਣਾਉਣ ਦੀ ਤਾਰੀਖ ਲਿਖੀ ਜਾਵੇ ਅਤੇ ਮਿਆਦ ਵੀ, ਤਾਂ ਕਿ ਪੁੱਗੀ ਮਿਆਦ ਤੋਂ ਪਹਿਲਾਂ ਹੀ ਉਸ ਬਾਰੇ ਸੋਚ-ਵਿਚਾਰ ਕਰਕੇ ਉਸ ਨੂੰ ਫੇਰ ਬਣਾਇਆ ਜਾਵੇ ਤਾਂ ਕਿ ਹੋਣ ਵਾਲੇ ਨੁਕਸਾਨ ਤੋਂ ਬਚਿਆ ਜਾ ਸਕੇ। ਅਜਿਹਾ ਬਚਾਅ ਤਾਂ ਹੀ ਹੋ ਸਕਦਾ ਹੈ ਜੇ ਵੇਲੇ ਸਿਰ ਜਾਗਦਾ ਰਿਹਾ ਜਾ ਸਕੇ। ਹਾਕਮਾਂ ਅਤੇ ਅਧਿਕਾਰੀਆਂ ਨੂੰ ਅਜਿਹੀਆਂ ਗੱਲਾਂ 'ਤੇ ਧਿਆਨ ਵੀ ਦੇਣਾ ਚਾਹੀਦਾ ਹੈ, ਪਹਿਰਾ ਵੀ, ਤਾਂ ਕਿ ਲੋਕਾਂ ਦੀਆਂ ਜਾਨਾਂ ਦੀ ਚੌਕੀਦਾਰੀ ਹੋ ਸਕੇ।

ਦੇਸ਼ ਦੀਆਂ ਇਤਿਹਾਸਕ ਅਤੇ ਵੱਡੀਆਂ ਇਮਾਰਤਾਂ ਬਾਰੇ ਵੀ ਵੇਲੇ ਸਿਰ ਜਾਗਦੇ ਰਹਿਣ ਦੀ ਜ਼ਰੂਰਤ ਹੈ ਤਾਂ ਜੋ ਕਿਸੇ ਵੀ ਸੰਭਾਵੀ ਦੁਰਘਟਨਾ ਤੋਂ ਬਚਿਆ ਜਾ ਸਕੇ। ਬਹੁਤ ਸਾਰੀਆਂ ਇਮਾਰਤਾਂ 'ਤੇ ਉਨ੍ਹਾਂ ਦਾ ਇਤਿਹਾਸ ਵੀ ਲਿਖਿਆ ਹੋਇਆ ਹੈ, ਜਿਸ ਨੂੰ ਪੜ੍ਹ ਕੇ ਉਨ੍ਹਾਂ ਇਮਾਰਤਾਂ ਦੀ ਮਿਆਦ ਦਾ ਅੰਦਾਜ਼ਾ ਵੀ ਲਾਇਆ ਜਾ ਸਕਦਾ, ਜਿਨ੍ਹਾਂ ਨੂੰ ਢਾਹੁਣ ਵਿੱਚ ਦੇਰੀ ਨਹੀਂ ਲਾਉਣੀ ਚਾਹੀਦੀ ਅਤੇ ਨਵੇਂ ਤਰ੍ਹਾਂ ਦੀ ਉਸਾਰੀ ਕੀਤੀ ਜਾਵੇ। ਇਤਿਹਾਸਕ ਇਮਾਰਤ ਵਿੱਚ ਜੇ ਆਦਮੀ ਨਾ ਵੀ ਰਹਿੰਦੇ ਹੋਣ ਤਾਂ ਵੀ ਉਸ ਵਿੱਚ ਇਤਿਹਾਸਕ ਵਸਤਾਂ ਪਈਆਂ ਹੁੰਦੀਆਂ ਹਨ, ਜੋ ਵਿਲੱਖਣ ਵੀ ਹੁੰਦੀਆਂ ਹਨ ਅਤੇ ਅਮੁੱਲੀਆਂ ਵੀ। ਇਸ ਤਰ੍ਹਾਂ ਦੀ ਵਿਰਾਸਤ ਦੇਸ਼ ਦਾ ਸਰਮਾਇਆ ਹੁੰਦੀ ਹੈ, ਜਿਸ ਨੂੰ ਸੰਭਾਲ ਕੇ ਰੱਖਣਾ ਦੇਸ਼ ਦੇ ਹਾਕਮਾਂ ਅਤੇ ਲੋਕਾਂ ਦਾ ਫ਼ਰਜ਼ ਹੁੰਦਾ ਹੈ, ਕਿਉਂਕਿ ਵਿਰਾਸਤ ਦੀ ਵੱਡੀ ਅਮੀਰੀ ਕਾਰਨ ਦੇਸ਼ ਦਾ ਉੱਚਾ ਮਾਣ ਵੀ ਹੁੰਦਾ ਹੈ ਅਤੇ ਉੱਤਮ ਸਨਮਾਨ ਵੀ। ਅਜਿਹੀਆਂ ਇਮਾਰਤਾਂ ਮਿਆਦ ਪੁੱਗਣੋਂ ਪਹਿਲਾਂ ਢਾਹ ਕੇ ਮੁੜ ਉਸਾਰੀਆਂ ਜਾਣ ਤਾਂ ਚੰਗਾ ਹੋਵੇਗਾ।

ਤਾਰ 'ਤੇ ਚੱਲਣ ਵਾਲੀ ਟਰਾਲੀ ਦੇਖਣ ਨੂੰ ਹੀ ਬੜੀ ਭਿਆਨਕ ਲੱਗਦੀ ਹੈ, ਕਿਉਂਕਿ ਇੱਕ ਪਹਾੜ ਤੋਂ ਦੂਜੇ ਪਹਾੜ ਤੱਕ ਪਹੁੰਚਣ ਸਮੇਂ ਹੇਠ ਬਹੁਤ ਹੀ ਖ਼ਤਰਨਾਕ ਡੂੰਘੀ ਖੱਡ ਹੁੰਦੀ ਹੈ, ਜਿਸ ਅੰਦਰ ਡਿਗਿਆ ਬਚਣਾ ਆਸਾਨ ਨਹੀਂ। ਇਸ ਵਾਸਤੇ ਜ਼ਰੂਰੀ ਹੈ ਕਿ ਬਿਜਲੀ ਦੀ ਅਜਿਹੀ ਤਾਰ ਦੀ ਨਿਰੰਤਰ ਚੈਕਿੰਗ ਹੁੰਦੀ ਰਹਿਣੀ ਚਾਹੀਦੀ ਹੈ ਤਾਂ ਜੋ ਖਤਰਿਆਂ ਦੀ ਅਣਹੋਣੀ ਤੋਂ ਬਚਿਆ ਜਾ ਸਕੇ। ਚੰਡੀਗੜ੍ਹ ਨੇੜੇ ਟਿੰਬਰ ਟਰੇਲ ਦੀ ਇੱਕ ਟਰਾਲੀ ਰਾਹ ਵਿੱਚ ਹੀ ਫਸ ਗਈ ਸੀ ਤਾਂ ਸਾਰੇ ਲੋਕਾਂ ਦੇ ਸਾਹ ਸੁੱਕੇ ਰਹੇ, ਪਰ ਭਲਾ ਹੋਵੇ ਉਸ ਇਨਸਾਨ ਦਾ, ਜਿਸ ਨੇ ਸਾਰੇ ਸਵਾਰਾਂ ਨੂੰ ਬਚਾਅ ਲਿਆ, ਜਿਸ ਕਾਰਨ ਸਭ ਨੇ ਸੁੱਖ ਦੇ ਸਾਹ ਲਏ। ਵੇਲਾ ਸੰਭਾਲਿਆ ਗਿਆ ਤਾਂ ਜਾਨਾਂ ਵੀ ਬਚ ਗਈਆਂ ਅਤੇ ਭਵਿੱਖ ਵਿੱਚ ਉਨ੍ਹਾਂ ਟਰਾਲੀਆਂ 'ਤੇ ਚੜ੍ਹਨ ਵਾਲਿਆਂ ਦਾ ਡਰ-ਭੈਅ ਵੀ ਜਾਂਦਾ ਰਿਹਾ। ਜ਼ਰੂਰੀ ਹੈ ਕਿ ਦੁਰਘਟਨਾ ਤੋਂ ਬਾਅਦ ਇੰਤਜ਼ਾਮ ਕੀਤੇ ਜਾਣ।

ਇਹ ਸਾਰੀਆਂ ਕਹਾਣੀਆਂ ਇਸ ਵਾਸਤੇ ਪਾਈਆਂ ਹਨ ਤਾਂ ਜੋ ਦੇਸ਼ਵਾਸੀਆਂ ਦੇ ਧਿਆਨ ਵਿੱਚ ਗੁਜਰਾਤ ਦੇ ਸ਼ਹਿਰ ਸੂਰਤ ਦੀ ਦੁਰਘਟਨਾ ਲਿਆਂਦੀ ਜਾ ਸਕੇ, ਜਿੱਥੇ ਕੋਚਿੰਗ ਸੈਂਟਰ ਦੇ ਉਹ ਬੱਚੇ (ਜੁਆਨ) ਜਾਨ ਗੁਆ ਬੈਠੇ, ਜਿਨ੍ਹਾਂ ਦੇਸ਼ ਦੇ ਵਿਕਾਸ ਵਿੱਚ ਵੀ ਯੋਗਦਾਨ ਪਾਉਣਾ ਸੀ ਅਤੇ ਆਪਣੇ ਸੁਪਨੇ ਵੀ ਸਾਕਾਰ ਕਰਨੇ ਸਨ, ਜਿਹੜੇ ਅਧਿਕਾਰੀਆਂ ਦੀ ਅਣਗਹਿਲੀ ਕਾਰਨ ਆਪਣੇ ਸੱਜਰੇ ਸੁਫ਼ਨਿਆਂ ਸਮੇਤ ਫਨਾਹ ਹੋ ਕੇ ਰਹਿ ਗਏ। ਇਸ ਨੂੰ ਕੁਦਰਤੀ ਆਫ਼ਤ ਨਹੀਂ ਕਿਹਾ ਜਾ ਸਕਦਾ। ਇਹ ਤਾਂ ਸਰਾਸਰ ਮਨੁੱਖੀ ਗਲਤੀ ਹੈ, ਜਿੱਥੇ ਇਮਾਰਤ ਜਿੰਨੀ ਉੱਚੀ ਪਉੜੀ ਹੀ ਨਸੀਬ ਨਾ ਹੋ ਸਕੀ। ਉਸੇ ਹੀ ਸੂਬੇ ਵਿੱਚ 92 ਫੁੱਟ ਉੱਚਾ ਬੁੱਤ ਤਾਂ ਲਗਾਇਆ ਗਿਆ, ਪਰ ਇੱਕ ਕੋਚਿੰਗ ਸੈਂਟਰ ਵਾਸਤੇ ਪਉੜੀ ਦਾ ਇੰਤਜ਼ਾਮ ਨਾ ਕੀਤਾ ਜਾ ਸਕਿਆ। ਇਹ ਦੁਰਘਟਨਾ ਰੋਕੀ ਜਾ ਸਕਦੀ ਸੀ, ਜੇ ਇੰਤਜ਼ਾਮ ਪਹਿਲਾਂ ਕੀਤੇ ਜਾਂਦੇ। ਹੁਣ ਤਾਂ ਹਰੇਕ ਕੋਚਿੰਗ ਸੈਂਟਰ 'ਚ ਹੋਣ ਲੱਗ ਪਏ। ਚੰਗਾ ਹੋਵੇ ਜੇ ਹਰ ਥਾਂ ਹੀ ਪਹਿਲਾਂ ਕੀਤੇ ਜਾਣ।

### ਚਾਬਾ ਪਾਵਰ ਹਾਊਸ

ਸ਼ਿਮਲੇ ਤੋਂ 50 ਕਿਲੋਮੀਟਰ ਅੱਗੇ ਬਸੰਤਪੁਰ ਦੇ ਨੇੜੇ ਸੁਨੀ 'ਚੋਂ ਲੰਘਦਿਆਂ ਪੰਜ-ਛੇ ਕਿਲੋਮੀਟਰ ਕੱਚੇ ਰਸਤੇ 'ਤੇ ਚੱਲਦਿਆਂ ਚਾਬਾ ਪਾਵਰ ਹਾਊਸ ਦਾ ਰੈਸਟ ਹਾਊਸ ਹੈ ਜਿਸ ਵਿੱਚ ਠਹਿਰਿਆ ਕਰਦੇ ਸਨ ਬਾਸਿਲ ਬੈਟੀ ਕਰਨਲ ਸਾਹਿਬ ਜਿਨ੍ਹਾਂ ਦੇ ਕਾਰਨਾਮੇ ਸਦਕਾ 1914 ਵਿੱਚ ਸਤਲੁਜ ਦੇ ਪਾਣੀ 'ਚੋਂ ਬਿਜਲੀ ਪੈਦਾ ਕੀਤੀ ਗਈ। ਚਾਬਾ ਪ੍ਰੋਜੈਕਟ 1900 ਵਿੱਚ ਸ਼ੁਰੂ ਕੀਤਾ ਗਿਆ ਸੀ ਜੋ 1914 ਵਿੱਚ ਮੁਕੰਮਲ ਹੋਇਆ। ਕਰਨਲ ਬੈਟੀ ਨੇ ਉੱਥੋਂ ਦਾ ਚੀਫ਼ ਇੰਜੀਨੀਅਰ ਹੁੰਦਿਆਂ ਇਸ ਪਾਵਰ ਹਾਊਸ ਦੀ ਉਸਾਰੀ ਦਾ ਕੰਮ ਨੇਪਰੇ ਚਾੜ੍ਹਿਆ। ਉਸ ਵੇਲੇ ਇਸ ਪ੍ਰੋਜੈਕਟ 'ਤੇ 13 ਲੱਖ ਰੁਪਏ ਖਰਚ ਆਏ ਜਿਹੜੇ ਘੱਟ ਨਹੀਂ। ਬਹੁਤ ਹੀ ਘਣੇ ਜੰਗਲ ਵਿੱਚ ਰੈਸਟ ਹਾਊਸ ਹੈ ਜਿਹੜਾ ਹਰਿਆਲੀ ਵਿੱਚ ਘਿਰਿਆ ਹੋਇਆ ਇੰਜ ਲੱਗਦਾ ਹੈ ਜਿਵੇਂ ਕੁਦਰਤ ਦਾ ਵਾਸਾ ਹੋਵੇ। ਆਪਣੇ ਮਿੱਤਰ ਹਰਪ੍ਰੀਤ ਔਲਖ ਦੀ ਅਗਵਾਈ 'ਚ ਅਸੀਂ ਡਾ. ਦਿਆਲ, ਬਲਵਿੰਦਰ ਉੱਤਮ, ਸਿੱਧੂ ਝਾੜੋਂ ਨੇ ਅਜਿਹਾ ਅਨੰਦ ਮਾਣਿਆਂ ਜੋ ਸਦਾ ਚੇਤੇ ਰਹੇਗਾ।

### ਕਿਤਾਬਾਂ ਪੰਜਾਬੀ ਸਾਹਿਤ ਅਕਾਦਮੀ ਨੂੰ

ਕਰਤਾਰ ਸਿੰਘ ਸੁਮੇਰ ਦੇ ਪਰਵਾਰ ਵੱਲੋਂ ਉਨ੍ਹਾਂ ਦੀ ਪੁੱਤਰੀ ਸੁਨਿੰਦਰ ਕੌਰ ਅਤੇ ਸਪੁੱਤਰ ਅਮਰਜੀਤ ਸਿੰਘ ਨੇ ਆਪਣੇ ਸਤਿਕਾਰਤ ਲੇਖਕ ਪਿਤਾ ਜੀ ਦੀਆਂ ਮੁੱਲਵਾਨ ਕਿਤਾਬਾਂ ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਨੂੰ ਭੇਟ ਕੀਤੀਆਂ। ਕਿਤਾਬਾਂ 251 ਜਿਹੜੀਆਂ ਪਾਠਕਾਂ ਦੇ ਕੰਮ ਆਉਣਗੀਆਂ। ਹਰਿਆਣਾ 'ਚ ਵਸਦੇ ਰਹੇ ਸੁਬੇਰ, ਬਾਵਾ ਬਲਵੰਤ, ਪ੍ਰਿੰਸੀ. ਸੁਜਾਨ ਸਿੰਘ, ਡਾ. ਹਰਿਭਜਨ ਸਿੰਘ ਅਤੇ ਪਾਲ ਸਿੰਘ ਦੇ ਚੰਗੇ ਮਿੱਤਰ ਸਨ, ਜਿਨ੍ਹਾਂ ਸਾਰਿਆਂ ਨੂੰ ਪੰਜ ਪਾਂਡੋ ਵੀ ਕਿਹਾ ਜਾਂਦੈ। ਕਿਤਾਬਾਂ ਅਰਥ ਲੱਗਣਗੀਆਂ। 'ਅੰਗ ਸੰਗ ਪੰਜਾਬ' ਦਾ 15ਵਾਂ ਅੰਕ ਛਪ ਕੇ ਆ ਗਿਆ। ਚੰਡੀਗੜ੍ਹ ਦੇ 22 ਸੈਕਟਰ ਵਿਚਲੇ ਪੰਜਾਬ ਬੁੱਕ ਸੈਂਟਰ ਤੋਂ ਬਿਨਾਂ ਹੋਰ ਕਿਸੇ 'ਚੋਂ ਇਹ ਨਹੀਂ ਮਿਲੇਗਾ। ਕਦੇ-ਕਦੇ ਨਿਕਲਦਾ ਹੈ, ਪਰ ਚੰਗੇ ਸਾਹਿਤ ਦੇ ਪ੍ਰਸਾਰ ਲਈ ਹੀ ਹੈ, ਜਿਸ ਦਾ ਹੋਰ ਕੋਈ ਮਕਸਦ ਨਹੀਂ। ਉਸਾਰੂ ਰਚਨਾਵਾਂ ਭੇਜਣ ਲਈ ਚਾਹਵਾਨ ਸੱਜਣਾਂ ਦੇ ਯੋਗਦਾਨ 'ਤੇ ਕੋਈ ਰੋਕ ਨਹੀਂ। ਇਹ 68 ਸਫ਼ਿਆਂ ਦਾ ਅੰਕ 50 ਰੁਪਏ ਦਾ ਮਿਲੇਗਾ। ਕਈ ਕੁੱਝ ਪੜ੍ਹਨ ਨੂੰ ਮਿਲੇਗਾ।

### ਲਤੀਫ਼ੇ ਦਾ ਚਿਹਰਾ-ਮੋਹਰਾ

ਮਿੱਤਰ : ਮਿੱਤਰੋ ਸ਼ਰਾਬ ਸਲੀਕੇ ਨਾਲ ਪੀਆ ਕਰੋ, ਮੈਂ ਘੜੀ ਕੋਲ ਰੱਖ ਕੇ ਪੀਂਦਾ ਹਾਂ।

ਦੂਜਾ : ਮੇਰਾ ਵੱਸ ਚੱਲੇ ਤਾਂ ਘੜਾ ਕੋਲ ਰੱਖ ਪੀਆਂ।

*****

ਉੱਚੇ ਉੱਚੇ ਖੰਭਿਆਂ 'ਤੇ
ਸ਼ੱਕ ਵਾਲੇ ਦੀਵੇ ਜਗੇ
ਕਦੋਂ ਆਣ ਬੱਝੂ ਵਿਸ਼ਵਾਸ
ਸਾਰੇ ਪਾਸੇ ਧੁੰਦ ਪਈ
ਦਿਸਦਾ ਨਾ ਕਿਸੇ ਪਾਸੇ
ਚੰਗੇ ਦੀ ਨਾ ਰਹੀ ਹੁਣ ਆਸ

# 'ਗੁਰਗੱਦੀ ਸ੍ਰੀ ਗੁਰੂ ਹਰਿਗੋਬਿੰਦ ਜੀ' 'ਤੇ ਵਿਸ਼ੇਸ਼




ਗੁਰੂ ਨਾਨਕ ਦੇਵ ਸਾਹਿਬ ਜੀ ਦੇ ਲੋਕ ਭਲਾਈ ਦੇ ਸੰਕਲਪ ਵਿਚ ਸਿੱਖ ਗੁਰੂਆਂ ਨੇ ਧਰਮ-ਪ੍ਰਚਾਰ ਦੇ ਦੌਰੇ ਕੀਤੇ। ਇਸੇ ਤਰ੍ਹਾਂ ਹੀ ਗੁਰੂ ਅਰਜਨ ਦੇਵ ਸਾਹਿਬ ਜੀ ਨੇ ਕਾਫੀ ਲੰਮਾ ਸਮਾਂ ਪ੍ਰਚਾਰਕ ਦੌਰੇ ਕੀਤੇ। ਪ੍ਰਿਥੀ ਚੰਦ ਦੀ ਗੁਰਗੱਦੀ ਤੋਂ ਵਾਂਝੇ ਰਹਿਣ ਦੀ ਈਰਖਾ ਵੀ ਬਰਾਬਰ ਚਲਦੀ ਰਹੀ। ਅੰਮ੍ਰਿਤਸਰ ਤੋਂ ਦੌਰਾ ਸ਼ੁਰੂ ਕਰਦੇ ਗੋਇੰਦਵਾਲ ਕਰਤਾਰਪੁਰ ਤੋਂ ਹੁੰਦੇ ਹੋਏ ਵਾਪਸ ਅੰਮ੍ਰਿਤਸਰ ਪਰਤੇ। ਉਥੇ ਨੇੜਲੇ ਪਿੰਡ ਵਡਾਲੀ ਵਿਖੇ ਗੁਰੂ ਹਰਿਗੋਬਿੰਦ ਜੀ ਦਾ ਆਗਮਨ ਹੋਇਆ।



ਪ੍ਰਮਿੰਦਰ ਸਿੰਘ ਪ੍ਰਵਾਨਾ
510-781-0487

ਪ੍ਰਿਥੀ ਚੰਦ ਨੂੰ ਵੱਡੀ ਸੱਟ ਵੱਜੀ ਕਿ ਉਹ ਗੁਰਗੱਦੀ 'ਤੇ ਆਪਣੇ ਪੁੱਤਰ ਮਿਹਵਾਨ ਨੂੰ ਬਿਠਾਉਣਾ ਚਾਹੁੰਦਾ ਸੀ। ਜਦ ਗੁਰੂ ਅਰਜਨ ਦੇਵ ਸਾਹਿਬ ਜੀ ਦੇ ਗ੍ਰਹਿ ਵਿਖੇ ਹਰਿਗੋਬਿੰਦ ਜੀ ਦਾ ਆਗਮਨ ਹੋਇਆ। ਫਿਰ ਉਸਨੇ ਆਪਣੀ ਪਤਨੀ ਨਾਲ ਮਿਲ ਕੇ ਬਾਲ-ਗੁਰੂ ਹਰਿਗੋਬਿੰਦ ਜੀ ਨੂੰ ਮੁਕਾਉਣ ਦੀਆਂ ਅਸਫਲ ਕੋਸ਼ਿਸ਼ਾਂ ਕੀਤੀਆਂ। ਗੁਰ-ਪਿਤਾ ਗੁਰੂ ਅਰਜਨ ਦੇਵ ਸਾਹਿਬ ਜੀ ਨੇ ਉਹਨਾਂ ਦੀ ਵਿੱਦਿਆ ਦਾ ਸੁਚੱਜਾ ਪ੍ਰਬੰਧ ਕੀਤਾ। ਬਾਬਾ ਬੁੱਢਾ ਜੀ ਦੀ ਦੇਖ-ਰੇਖ ਵਿਚ ਦੁਨਿਆਵੀ ਵਿੱਦਿਆ ਤੋਂ ਇਲਾਵਾ ਘੋੜ ਸਵਾਰੀ, ਨੇਜ਼ਾਬਾਜ਼ੀ, ਬੰਦੂਕ ਆਦਿ ਪ੍ਰਚੱਲਿਤ ਸ਼ਸ਼ਤਰਾਂ ਨੂੰ ਚਲਾਉਣ ਵਿਚ ਪੱਕਿਆਂ ਕੀਤਾ।

ਜਦੋਂ ਗੁਰੂ ਹਰਿਗੋਬਿੰਦ ਜੀ ਦੀ ਉਮਰ 11 ਕੁ ਵਰ੍ਹੇ ਦੀ ਸੀ, ਤਦ ਹੀ ਬਾਦਸ਼ਾਹ ਜਹਾਂਗੀਰ ਨੇ ਗੁਰੂ ਅਰਜਨ ਦੇਵ ਸਾਹਿਬ ਜੀ ਨੂੰ ਲਾਹੌਰ ਵਿਚ ਤਲਬ ਕੀਤਾ। ਸਮਰੱਥ ਗੁਰੂ ਜਾਣ ਗਏ ਸਨ ਕਿ ਉਨ੍ਹਾਂ ਮੁੜ ਨਹੀਂ ਪਰਤਣਾ। ਇਸ ਲਈ ਹੁਣ ਕੌਮ ਨੂੰ ਜ਼ੁਲਮ ਵਿਰੁੱਧ ਸ਼ਸ਼ਤਰ ਚੁੱਕਣੇ ਪੈਣਗੇ। ਉਹਨਾਂ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਸੁਚੇਤ ਕਰ ਦਿੱਤਾ ਕਿ ਗੁਰਗੱਦੀ ਤੇ ਸ਼ਸ਼ਤਰਧਾਰੀ ਹੋ ਕੇ ਬੈਠਣਾ ਹੈ। ਦੁਸ਼ਮਣ ਖਿਲਾਫ ਫੌਜ ਵੀ ਰੱਖਣੀ ਹੈ। ਇਹੀ ਫੌਜ ਨੂੰ ਅੱਗੇ ਜਾ ਕੇ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹੀਦੀ ਤੋਂ ਬਾਅਦ ਗੁਰੂ ਗੋਬਿੰਦ ਸਿੰਘ ਜੀ ਨੇ ਫੌਜੀ ਖਾਲਸੇ ਦਾ ਰੂਪ ਦਿੱਤਾ।

ਗੁਰੂ ਹਰਿਗੋਬਿੰਦ ਸਾਹਿਬ ਜੀ 25 ਮਈ 1606 ਈ: ਨੂੰ ਗੁਰਗੱਦੀ ਤੇ ਬਿਰਾਜਮਾਨ ਹੋਏ। ਪ੍ਰਚੱਲਿਤ ਪ੍ਰੰਪਰਾ ਵਿਚ ਆਪ ਜੀ ਨੂੰ ਸੇਲੀ ਟੋਪੀ ਪੇਸ਼ ਕੀਤੀ ਗਈ। ਜਿਸਦਾ ਤਿਆਗ ਕਰਕੇ ਗੁਰਾਂ ਨੇ ਦੋ ਤਲਵਾਰਾਂ ਬੱਧੀਆਂ- ਇਕ ਪੀਰੀ ਦੀ ਇਕ ਮੀਰੀ ਦੀ। ਇਕ ਰੂਹਾਨੀ ਅਗਵਾਈ ਵਾਸਤੇ ਦੂਜੀ ਸੰਸਾਰੀ ਅਗਵਾਈ ਵਾਸਤੇ। ਉਹਨਾਂ ਮਰਹੱਟਾ ਗੁਰੂ ਸਮਰੱਥ ਰਾਮਦਾਸ ਨੂੰ ਸਪਸ਼ਟ ਕੀਤਾ ਕਿ ਸ਼ਸ਼ਤਰ ਧਾਰਨ ਕਰਨ 'ਤੇ ਵੀ ਅੰਤਰਮੁਖੀ ਸਾਧੂ ਤੇ ਬਾਹਰਮੁਖੀ ਰਾਜੇ ਹਾਂ। ਸ਼ਸ਼ਤਰ ਗਰੀਬ ਦੀ ਰਾਖੀ ਅੱਤਿਆਚਾਰੀਆਂ ਦੇ ਅੱਤਿਆਚਾਰ ਨੂੰ ਨਾਸ਼ ਕਰਨ ਲਈ ਹਨ। ਹਥਿਆਰਬੰਦ ਹੋਣਾ ਗਰੀਬ ਦੀ ਰੱਖਿਆ ਲਈ ਹੀ ਤਾਂ ਹੈ। ਗੁਰੂ ਜੀ ਨੇ ਪੰਥ ਨੂੰ ਹਥਿਆਰਬੰਦ ਹੋਣ ਦਾ ਐਲਾਨ ਕੀਤਾ। ਉਹਨਾਂ ਨੇ ਸੰਗਤਾਂ ਨੂੰ ਹਦਾਇਤ ਕਰ ਦਿੱਤੀ ਕਿ ਭੇਟਾ ਵਿਚ ਚੰਗੇ ਸ਼ਸ਼ਤਰ, ਚੰਗੇ ਘੋੜੇ ਅਤੇ ਜੁਆਨੀਆਂ ਸ਼ਾਮਲ ਹੋਣ। ਜੁਆਨੀਆਂ ਕਾਇਮ ਰੱਖਣ ਲਈ ਵਰਜਿਸ਼, ਕੁਸ਼ਤੀਆਂ ਅਤੇ ਘੋੜ ਸਵਾਰੀ ਕਰੋ ਗੱਤਕਾ ਅਤੇ ਸ਼ਿਕਾਰ ਵੀ ਖੇਡੋ। ਆਜ਼ਾਦ ਦਿੱਖ ਬਣਾ ਕੇ ਰੱਖੋ। ਚੰਗੇ ਘੋੜਿਆਂ ਦਾ ਵਪਾਰ ਹੋਣ ਲੱਗਾ। ਸਿੱਖ ਚੰਗੇ ਘੋੜਿਆਂ ਦੇ ਪਾਰਖੂ ਬਣ ਗਏ। ਆਰਥਿਕ ਉਨਤੀ ਹੋਣ ਲੱਗੀ। ਜ਼ੁਲਮ ਦਾ ਨਾਸ਼ ਕਰਨ ਲਈ ਕੌਮ ਵਿਚ ਬੀਰ ਰਸ ਭਰ ਦਿੰਤਾ। ਕੌਮ ਨੂੰ ਬਕਾਇਦਾ ਫੌਜੀ ਸਿਖਲਾਈ ਦੇਣ ਦਾ ਪ੍ਰਬੰਧ ਹੋਇਆ। ਚੜ੍ਹਦੀ ਕਲਾ ਦਾ ਦੌਰ ਸ਼ੁਰੂ ਹੋਇਆ। ਸੰਤ ਸਿਪਾਹੀ ਅਤੇ ਸੂਰਬੀਰ ਧਰਮੀ ਯੋਧਿਆਂ ਦੀ ਕੌਮ ਹੋਂਦ ਵਿਚ ਆਉਣ ਲੱਗੀ।

ਸੂਰਬੀਰਾਂ ਦੀ ਕੌਮ ਦੇ ਵਿਕਾਸ ਅਤੇ ਉਤਸ਼ਾਹ ਲਈ ਲੋਹਗੜ੍ਹ ਦਾ ਕਿਲਾ ਬਣਾਇਆ। ਅੰਮ੍ਰਿਤਸਰ ਸ਼ਹਿਰ ਨੂੰ ਜਿੱਥੇ ਵਪਾਰਕ ਕੇਂਦਰ ਬਣਾਇਆ, ਉਥੇ ਖੁਦਮੁਖਤਿਆਰ ਵੀ ਬਣਾਇਆ ਕਿ ਸਿੰਧ ਕਿਸੇ ਬਾਹਰਲੇ ਦਾ ਦਾਬਾ ਸਹਿਣ ਨਹੀਂ ਕਰਨਗੇ। ਸ੍ਰੀ ਅਕਾਲ ਤਖਤ ਸਾਹਿਬ ਦੀ ਸਿਰਜਣਾ ਕੀਤੀ। ਸ੍ਰੀ ਅਕਾਲ ਤਖਤ, ਸਾਹਿਬ ਗੁਰੂ ਸਾਹਿਬ ਦੀ ਸੰਸਾਰਕ ਗੱਦੀ ਸੀ। ਸੰਗਤਾਂ ਹਮੇਸ਼ਾ ਦੀ ਤਰ੍ਹਾਂ ਦਰਬਾਰ ਸਾਹਿਬ ਜੁੜਦੀਆਂ। ਗੁਰਬਾਣੀ, ਕਥਾ, ਕੀਰਤਨ ਹੁੰਦਾ, ਢਾਡੀ ਵਾਰਾਂ ਗਾਈਆਂ ਜਾਂਦੀਆਂ। ਦੁਪਹਿਰ ਤੋਂ ਬਾਅਦ ਸੰਗਤਾਂ ਦਾ ਰੁਖ ਸ੍ਰੀ ਅਕਾਲ ਤਖਤ ਸਾਹਿਬ ਵੱਲ ਹੁੰਦਾ। ਸਰੀਰਕ ਕਸਰਤਾਂ ਦੇ ਢੰਗ ਸਿਖਾਏ ਜਾਂਦੇ। ਸੂਰਮਿਆਂ ਦੀਆਂ ਵਾਰਾਂ ਸਿੱਖਾਂ ਦੇ ਮਨਾਂ ਵਿਚ ਬੀਰਤਾ ਭਰਦੀਆਂ। ਬੀਰ ਨਗਾਰੇ ਵੱਜਣ ਲੱਗੇ। ਨਿਸ਼ਾਨ ਸਾਹਿਬ ਝੂਠਣ ਲੱਗੇ। ਯੋਧੇ ਇਕੰਠੇ ਹੋਣ ਲੱਗੇ। ਹਥਿਆਰਬੰਦ ਦਸਤੇ ਰਾਤ ਨੂੰ ਮਿਸ਼ਾਲਾਂ ਬਾਲ ਕੇ ਗਸ਼ਤ ਕਰਨ ਲੱਗੇ। ਸਿੱਖ ਮਸਲੇ ਸ੍ਰੀ ਅਕਾਲ ਤਖਤ ਸਾਹਿਬ 'ਤੇ ਨਜਿੱਠ ਹੋਣ ਲੱਗੇ। ਗੁਰੂ ਜੀ ਨੇ ਕਿਹਾ ਕਿ ਆਪਸੀ ਮਸਲਿਆਂ ਲਈ ਸਰਕਾਰੇ-ਦਰਬਾਰੇ ਜਾਣ ਦੀ ਜ਼ਰੂਰਤ ਨਹੀਂ ਹੈ।

ਗੁਰੂ ਜੀ ਨੇ 52 ਯੋਧਿਆਂ ਨੂੰ ਨਿੱਜੀ ਤੌਰ 'ਤੇ ਆਪਣੇ ਨਾਲ ਰੱਖ ਲਿਆ। ਜਿਸ ਨਾਲ ਅੱਗੇ ਜਾ ਕੇ ਖਾਲਸਾ ਫੌਜ ਬਣਨ ਦਾ ਮੁੱਢ ਬੱਝਾ। ਮਾਝੇ, ਮਾਲਵੇ ਅਤੇ ਦੁਆਬੇ ਵਿਚੋਂ 500 ਯੋਧੇ ਗੁਰੂ ਜੀ ਨਾਲ ਆਣ ਰਲੇ। ਜਿਹਨਾਂ ਨੇ ਮਰ ਮਿਟਣੇ ਦਾ ਪ੍ਰਣ ਲਿਆ। ਚੰਦੂ ਵਰਗੇ ਰਾਜ ਪ੍ਰਬੰਧਕਾਂ ਨੇ ਮੁਗਲ ਬਾਦਸ਼ਾਹ ਜਹਾਂਗੀਰ ਦੇ ਕੰਨ ਭਰਨੇ ਸ਼ੁਰੂ ਕਰ ਦਿੱਤੇ ਕਿ ਗੁਰੂ ਜੀ ਨੇ ਆਪਣਾ ਤਖਤ ਬਣਾ ਲਿਆ ਹੈ। ਉਹ ਰਾਜਸੀ ਸ਼ਕਤੀ ਦੀ ਨੀਂਹ ਰੱਖ ਰਹੇ ਹਨ। ਉਹ ਫੈਸਲੇ ਆਪ ਕਰਨ ਲੱਗ ਪਏ ਹਨ। ਲੋਕ ਉਹਨਾਂ ਨੂੰ ਸੱਚਾ ਪਾਤਸ਼ਾਹ ਕਹਿੰਦੇ ਹਨ। ਉਹ ਗੁਰੂ ਅਰਜਨ ਦੇਵ ਸਾਹਿਬ ਜੀ ਦੀ ਸ਼ਹੀਦੀ ਦਾ ਬਦਲਾ ਜ਼ਰੂਰ ਲੈਣਗੇ। ਇਹ ਸਭ ਕਾਰਵਾਈਆਂ ਮੁਗਲ ਹਕੂਮਤ ਲਈ ਵੱਡਾ ਖਤਰਾ ਹੈ। ਇਨ੍ਹਾਂ ਨੂੰ ਸਮੇਂ ਸਿਰ ਦਬਾਅ ਦੇਣਾ ਚਾਹੀਦਾ ਹੈ। ਸ਼ਹਿਨਸ਼ਾਹ ਜਹਾਂਗੀਰ ਨੇ ਗੁਰੂ ਜੀ ਨੂੰ ਦਿੱਲੀ ਬੁਲਾਉਣ ਦਾ ਹੁਕਮ ਭੇਜ ਦਿੱਤਾ। ਗੁਰੂ ਜੀ 300 ਯੋਧਿਆਂ ਨਾਲ ਦਿੱਲੀ ਚਲੇ ਗਏ।

ਬਾਦਸ਼ਾਹ ਨੇ ਗੱਲਬਾਤ ਵਿਚੋਂ ਇਹ ਜਾਨਣ ਦੀ ਕੋਸ਼ਿਸ਼ ਕੀਤੀ ਕਿ ਚੱਲ ਰਹੀਆਂ ਸਿੱਖਾਂ ਦੀਆਂ ਕਾਰਵਾਈਆਂ ਮੁਗਲ ਰਾਜ ਲਈ ਖਤਰਾ ਤਾਂ ਨਹੀਂ ਹਨ। ਵਕਤੀ ਤੌਰ ਤੇ ਉਸ ਦੀ ਤਸੱਲੀ ਹੋ ਗਈ ਕਿ ਅਜਿਹੀ ਕੋਈ ਖਤਰੇ ਵਾਲੀ ਗੱਲ ਨਹੀਂ ਜਾਪਦੀ। ਪਰ ਦੋਸਤਾਨਾ ਮਾਹੌਲ ਬਣਾ ਕੇ ਉਹ ਹੋਰ ਪਰਖ ਕਰਨੀ ਚਾਹੁੰਦਾ ਸੀ। ਬਾਦਸ਼ਾਹ ਇਕ ਦਿਨ ਗੁਰੂ ਜੀ ਨੂੰ ਆਪਣੇ ਨਾਲ ਸ਼ਿਕਾਰ 'ਤੇ ਲੈ ਗਿਆ। ਰਸਤੇ ਵਿਚ ਸ਼ਿਕਾਰ ਦੀ ਤਾਕ ਵਿਚ ਬੈਠੇ ਸ਼ੇਰ ਨੇ ਬਾਦਸ਼ਾਹ 'ਤੇ ਹਮਲਾ ਕਰ ਦਿੱਤਾ। ਤਦ ਹੀ ਗੁਰੂ ਜੀ ਨੇ ਢਾਲ ਤਲਵਾਰ ਨਾਲ ਸ਼ੇਰ ਨੂੰ ਮਾਰ ਮੁਕਾਇਆ। ਬਾਦਸ਼ਾਹ ਗੁਰੂ ਜੀ ਦਾ ਸ਼ੁਕਰਗੁਜ਼ਾਰ ਤਾਂ ਹੋ ਗਿਆ ਪਰ ਉਸਨੇ ਭਾਂਪ ਲਿਆ ਕਿ ਗੁਰੂ ਅਰਜਨ ਦੇਵ ਸਾਹਿਬ ਜੀ ਦੀ ਸ਼ਹੀਦੀ ਨੇ ਸਿੱਖਾਂ ਨੂੰ ਮਾਯੂਸ ਨਹੀਂ ਕੀਤਾ। ਸਿੱਖ ਹੋਰ ਤਿਆਰੀ ਕਰਕੇ ਨਿਡਰ ਹੁੰਦੇ ਜਾ ਰਹੇ ਹਨ। ਇਹ ਸੱਚਮੁਚ ਹੀ ਮੁਗਲ ਹਕੂਮਤ ਲਈ ਖਤਰਾ ਹਨ। ਇਹਨਾਂ ਨੂੰ ਦਬਾਅ ਦੇਣਾ ਚਾਹੀਦਾ ਹੈ। ਉਸਨੇ ਗੁਰੂ ਜੀ ਨੂੰ ਬਹਾਨੇ ਨਾਲ ਗਵਾਲੀਅਰ ਦੇ ਕਿਲੇ ਵਿਚ ਕੈਦ ਕਰ ਲਿਆ। ਗਵਾਲੀਅਰ ਦੇ ਕਿਲੇ ਵਿਚ ਪਹਿਲਾਂ ਵੀ 52 ਰਾਜੇ ਕੈਦ ਸਨ ਜੋ ਕਿ ਬਹੁਤ ਹੀ ਮਾੜਾ ਜੀਵਨ ਬਿਤਾਅ ਰਹੇ ਸਨ। ਉਹ ਗੁਰੂ ਜੀ ਦੇ ਸ਼ਰਧਾਲੂ ਬਣ ਗਏ। ਗੁਰੂ ਜੀ ਨੇ ਉਹਨਾਂ ਲਈ ਚੰਗੀ ਖੁਰਾਕ ਅਤੇ ਪੁਸ਼ਾਕ ਦਾ ਪ੍ਰਬੰਧ ਕਰਵਾ ਦਿੱਤਾ। ਸਿੱਖ ਸੰਗਤਾਂ ਵਿਚ ਗੁਰੂ ਜੀ ਦੀ ਲੰਮੇਰੀ ਕੈਦ ਕਰਕੇ ਰੋਹ ਜਾਗ ਪਿਆ। ਗੁਰੂ ਜੀ ਦੀ ਰਿਹਾਈ ਲਈ ਵਿਦਰੋਹ ਸ਼ੁਰੂ ਕਰ ਦਿੱਤਾ। ਇਹ ਵੇਖ ਕੇ ਜਹਾਂਗੀਰ ਨੇ ਵਕਤ ਸੰਭਾਲਦਿਆਂ ਗੁਰੂ ਜੀ ਨੂੰ ਰਿਹਾਅ ਕਰਨ ਦਾ ਮਨ ਬਣਾ ਲਿਆ। ਪਰ ਗੁਰੂ ਜੀ ਨੇ ਆਪਣੇ ਨਾਲ 52 ਰਾਜਿਆਂ ਨੂੰ ਵੀ ਰਿਹਾਅ ਕਰਵਾ ਲਿਆ। ਗੁਰੂ ਜੀ ਰਿਹਾਅ ਹੋ ਕੇ ਜਦੋਂ ਅੰਮ੍ਰਿਤਸਰ ਪਹੁੰਚੇ ਤਾਂ ਸੰਗਤਾਂ ਨੇ ਦੀਪਮਾਲਾ ਕੀਤੀ। ਗੁਰੂ ਜੀ ਦੀ ਵ੍ਰਪਮਾ 'ਬੰਦੀ ਛੋੜ' ਕਹਿ ਕੇ ਕੀਤਾ। ਗੁਰੂ ਜੀ ਗਵਾਲੀਅਰ ਤੋਂ ਜਦ ਦਿੱਲੀ ਪਹੁੰਚੇ ਤਾਂ ਜਹਾਂਗੀਰ ਦਰਸ਼ਨਾਂ ਲਈ ਆਇਆ। ਬਾਦਸ਼ਾਹ ਗੁਰੂ ਜੀ ਦੇ ਦਰਸ਼ਨਾਂ ਲਈ ਅੰਮ੍ਰਿਤਸਰ ਵੀ ਆਇਆ। ਇਸ ਤੋਂ ਬਾਅਦ ਗੁਰੂ ਜੀ ਨੇ ਮਾਝੇ ਅਤੇ ਦੁਆਬੇ ਦਾ ਦੌਰਾ ਕੀਤਾ। ਫਿਰ ਆਪ ਕਸ਼ਮੀਰ, ਸਿਆਲਕੋਟ, ਸ਼੍ਰੀਨਗਰ ਤੇ ਬਾਰਾਂਮੁੱਲਾ ਦੇ ਰਸਤੇ ਪੰਜਾ ਸਾਹਿਬ, ਰੋਹਤਾਸ। ਜੇਹਲਮ ਹੁੰਦੇ ਹੋਏ ਗੁਜਰਾਤ ਗਏ। ਉਥੇ ਫਕੀਰ ਦੌਲਾ-ਸ਼ਾਹ ਨਾਲ ਭੇਂਟ ਹੋਈ। ਉਸਦੇ ਸ਼ੰਕੇ ਦੂਰ ਕੀਤੇ ਕਿ- ਪੀਰ ਨਾ ਹਿੰਦੂ ਨਾ ਮੁਸਲਮਾਨ, ਪੀਰੀ ਫਕੀਰੀ ਰੱਬ ਦਾ ਦਾਨ, ਔਰਤ ਇਮਾਨ, ਦੌਲਤ ਗੁਜਰਾਨ, ਪੁੱਤਰ ਨਿਸ਼ਾਨ, ਆਰਫ ਵਿਚਾਰ, ਮਜ਼ਹਬ ਸੁਧਾਰ, ਪੁਜਾਰੀ ਆਚਾਰ, ਮਾਰੂਥਲ ਮੇ ਜਲ, ਕੁਦਰਤ ਕਰਤਾਰ ਹੈ।

ਗੁਰੂ ਜੀ ਜਹਾਂਗੀਰ ਦੇ ਰਾਜ ਵਿਚ ਅਮਨ ਨਾਲ ਰਹੇ। ਪਰ 1626 ਈ: ਵਿਚ ਉਸਦੀ ਮੌਤ ਤੋਂ ਬਾਅਦ ਸ਼ਾਹ ਜਹਾਨ ਤਖਤ 'ਤੇ ਬੈਠਾ। ਉਸਨੇ ਗੁਰੂ ਜੀ ਨੂੰ ਫਿਰ ਪ੍ਰੇਸ਼ਾਨ ਕਰਨਾ ਸ਼ੁਰੂ ਕਰ ਦਿੱਤਾ। ਇਸ ਲਈ ਗੁਰੂ ਜੀ ਨੂੰ ਚਾਰ ਲੜਾਈਆਂ ਸਹੇੜਨੀਆਂ ਪਈਆਂ। ਜਿਸ ਵਿਚ ਗੁਰੂ ਜੀ ਦੀ ਜਿੱਤ ਹੋਈ। ਚਾਰ ਲੜਾਈਆਂ ਵਿਚ ਮੁਗਲ ਫੌਜ ਦੇ ਸੈਨਾਪਤੀਆਂ ਨਾਲ ਕੱਲੇ-ਕੱਲੇ ਨਾਲ ਯੁੱਧ ਕਰਕੇ ਗੁਰੂ ਜੀ ਨੇ ਉਹਨਾਂ ਨੂੰ ਮਾਰ ਮੁਕਾਇਆ।

1. ਪਹਿਲੀ ਲੜਾਈ ਮਈ 1628 ਈ: ਵਿਚ ਅੰਮ੍ਰਿਤਸਰ ਵਿਖੇ ਹੋਈ, ਜਿਸ ਵਿਚ ਮੁਖਲਿਸ ਖਾਨ ਤੇ ਉਸਦੇ ਮੋਹਰੀ ਫੌਜੀ ਮਾਰੇ ਗਏ।
2. ਦੂਜੀ ਲੜਾਈ ਸਤੰਬਰ 1629ਈ: ਹਰਿਗੋਬਿੰਦਪੁਰ ਵਿਖੇ ਹੋਈ। ਜਿਸ ਵਿਚ ਮੁਗਲ ਫੌਜ ਦਾ ਮੁਖੀ ਅਬਦੁੱਲਾ ਖਾਨ, ਕਰਮਚੰਦ ਤੇ ਰਤਨ ਚੰਦ ਮਾਰੇ ਗਏ।
3. ਤੀਜੀ ਲੜਾਈ 1631ਈ: ਮਹਿਰਾਜ ਵਿਖੇ ਹੋਈ, ਜਿਸ ਵਿਚ ਮੁਗਲ ਫੌਜ ਦੇ ਮੁਖੀ ਲਲਾ ਬੇਗ ਅਤੇ ਕਮਰ ਬੇਗ ਮਾਰੇ ਗਏ।
4. ਚੌਥੀ ਲੜਾਈ 1634 ਈ: ਕਰਤਾਰਪੁਰ ਵਿਖੇ ਹੋਈ, ਜਿਸ ਵਿਚ ਮੁਗਲ ਫੌਜ ਦੇ ਮੁਖੀ ਕਾਲੇ ਖਾਂ ਅਤੇ ਪੈਂਦੇ ਖਾਂ ਮਾਰੇ ਗਏ।

ਉਪਰੰਤ ਗੁਰੂ ਜੀ ਨੇ ਸ਼ਾਂਤਮਈ ਜਗ੍ਹਾ ਦੀ ਤਲਾਸ਼ ਵਿਚ 'ਕੀਰਤਪੁਰ' ਦੀ ਉਸਾਰੀ ਕੀਤੀ ਤੇ ਧਾਰਮਿਕ ਜੀਵਨ ਬਤੀਤ ਕੀਤਾ। ਗੁਰੂ ਜੀ ਨੇ ਸਿੱਖੀ ਦੇ ਪ੍ਰਚਾਰ ਦੀ ਪ੍ਰੰਪਰਾ ਨੂੰ ਕਾਇਮ ਰੱਖਿਆ ਅਤੇ ਸਿੱਖੀ ਨੂੰ ਪ੍ਰਫੁੱਲਿਤ ਕੀਤਾ। ਆਪਣੇ ਛੋਟੇ ਪੋਤਰੇ ਹਰਿਰਾਏ ਜੀ ਨੂੰ ਮਾਰਚ, 1644 ਨੂੰ ਗੁਰਗੱਦੀ ਸੌਂਪੀ। ਆਪ 3 ਮਾਰਚ, 1644 ਈ: ਨੂੰ ਜੋਤੀ ਜੋਤ ਸਮਾ ਗਏ। ਆਪ ਜੀ ਦੇ ਸਮਕਾਲੀ ਮੁਗਲ ਬਾਦਸ਼ਾਹ ਸਨ- ਜਹਾਂਗੀਰ ਤੇ ਸ਼ਾਹਜਹਾਨ।

# ਵਾਸ਼ਿੰਗਟਨ 'ਚ ਸਿੱਖਾਂ ਨਾਲ ਹਰਵਿੰਦਰ ਸਿੰਘ ਫੂਲਕਾ - 84 ਦੇ ਸਿੱਖਾਂ ਦੇ ਕਤਲੇਆਮ ਦੇ ਕੇਸਾਂ ਲਈ ਜੂਝਣ ਵਾਲ਼ੇ ਨਾਲ ਮੁਲਾਕਾਤ!

**ਵਾਸ਼ਿੰਗਟਨ ਡੀ.ਸੀ (ਰਾਜ ਗੋਗਨਾ)—** ਪੰਥਕ ਮੁੱਦਿਆਂ, 84 ਦੇ ਸਿੱਖਾਂ ਦੇ ਦੋਸ਼ੀਆਂ ਨੂੰ ਸਜ਼ਾ ਦਿਵਾਉਣ ਬਾਰੇ ਫੂਲਕਾ ਜੀ ਨੇ ਆਪਣੇ ਸਫਰ ਦੀ ਵਿਥਿਆ ਨਾਲ ਜਾਣੂ ਕਰਵਾਇਆ। 28ਸਾਲ ਦੀ ਉਮਰ ਤੋਂ ਇਹ ਲੜਾਈ ਸ਼ੁਰੂ ਕੀਤੀ ਅਤੇ ਕਿਸ ਤਰਾਂ ਤਾਕਤਵਰ ਰਾਜੀਵ ਸਰਕਾਰ ਦੇ ਡਰਾਵੇ ਅਤੇ ਸਜੱਣ ਕੁਮਾਰ, ਟਾਇਟਲਰ, ਅਤੇ ਐਚ ਕੇ ਐਲ ਭਗਤ ਦੀਆਂ ਧਮਕੀਆਂ ਤੋਂ ਨਾਂ ਡਰਦਿਆਂ ਇਹਨਾਂ ਨਾਲ ਕੰਮ ਕਰਨ ਵਾਲ਼ਿਆਂ ਸਿੱਖ ਅਤੇ ਗ਼ੈਰ ਸਿੱਖ ਨੌਜਵਾਨਾਂ ਨੇ ਕੰਮ ਕੀਤਾ ਅਤੇ ਇੰਡੀਆਂ ਦੇ ਨਾਮਵਰ ਵਕੀਲਾਂ ਸੋਲੀ ਸੋਹਰਾਬਜੀ, ਜਸਟਿਸ ਤਾਰਕੁੰਡੇ, ਜਸਟਿਸ ਸਿਨਹਾ, ਵਕੀਲ ਮੱਲਿਕ, ਰਜਨੀ ਕੋਠਾਰੀ, ਜਨਰਲ ਜਗਜੀਤ ਸਿੰਘ ਅਰੋੜਾ, ਬ੍ਰਿਗੇਡੀਅਰ ਛਟਵਾਲ, ਲੇਖਕ ਖੁਸ਼ਵੰਤ ਸਿੰਘ ਦੀ ਮਦਦ ਨਾਲ ਇਹਨਾਂ ਕੇਸਾਂ ਤੇ ਲੜਾਈ ਲੜੀ ਗਈ। ਇਕ ਪ੍ਰਭਾਅਸ਼ਾਲੀ ੩੦ ਬੰਦਿਆਂ ਦੀ ਨਿਆਂ ਕਮੇਟੀ ਬਣਾਈ ਗਈ ਸੀ ਅਤੇ ਮੇਰੇ ਵਰਗੇ ਨੌਜਵਾਨ ਵਕੀਲ ਨੂੰ ਇਸਦਾ ਸਕੱਤਰ ਲਾ ਦਿਤਾ ਗਿਆ ਸੀ। ਇਸ ਵਿੱਚ ਅਣਗਿਣਤ ਗ਼ੈਰ ਸਿੱਖਾਂ ਨੇ ਵੀ ਨਿਆਂ ਦੀ ਇਸ ਜਦੋ ਜਹਿਦ ਚ ਸਾਥ ਦਿੱਤਾ। ਗ਼ੈਰ ਕਾਂਗਰਸ ਸਰਕਾਰਾਂ ਵਿੱਚ ਵੀ ਮਦਦ ਮਿਲਦੀ ਰਹੀ ਪਰ ਪੁਲਿਸ ਦੀ ਅਤੇ ਸੀ ਬੀ ਆਈ ਚ ਰਾਜਨੀਤਿਕ ਦਖ਼ਲ ਅੰਦਾਜ਼ੀ ਕਾਰਨ ਵੀ ਕਈ ਵਾਰ ਕੋਰਟਾਂ ਤੋਂ ਗਲਤ ਫ਼ੈਸਲੇ ਕਰਵਾਏ ਗਏ। ਅਣਗਿਣਤ ਕਮੀਸ਼ਣਾਂ ਰਾਹੀਂ ਨਿਆਂ ਮਿਲਣ ਦੇ ਰਾਹ ਨੂੰ ਹੋਰ ਲੰਮੇਰਾ ਰਖਿਆ ਗਿਆ ਅਤੇ ਅਣਗਿਣਤ ਗਵਾਹ ਅਤੇ ਗਰੀਬ ਸਿੱਖ ਪਰਵਾਰਾਂ ਤੋਂ ਲਾਲਚ ਅਤੇ ਸਿਆਸੀ ਡਰਾਵੇ ਨਾਲ ਗਵਾਹੀਆਂ ਵੀ ਬਦਲਵਾਈਆਂ ਗਈਆਂ। ਕਈ ਗਵਾਹ ਵੀ ਇਸ ਦੁਨਿਆਂ ਤੋ ਜਾਂਦੇ ਰਹੇ ਅਤੇ ਕਈ ਦੋਸ਼ੀਆਂ ਦੀ ਵੀ ਮੌਤ ਹੋ ਗਈ। ਉਹਨਾਂ ਇਹੀ ਕਿਹਾ ਕਿ ਅਖੀਰ ਵਿੱਚ ਮੈਨੂੰ ਇਸ ਲੜਾਈ ਨੂੰ ਅਖੀਰੀ ਅੰਜਾਮ ਤਕ ਲਿਜਾਣ ਲਈ ਫੈਸਲਾ ਕਰਨਾ ਪਿਆ ਅਤੇ ਮੈਨੂੰ ਪੂਰਨ ਤੌਰ ਤੇ ਸਿਆਸਤ ਤੋਂ ਕਿਨਾਰਾ ਕਰਨਾ ਪਿਆ। ਉਹਨਾਂ ਇਹ ਵੀ ਕਿਹਾ ਕਿ ਇਹ ਲੜਾਈ ਸਿੱਖਾਂ ਨੂੰ ਨਿਆਂ ਦਿਵਾਉਣ ਨਾਲੋਂ ਵੀ ਵਧ ਸਮਾਜਿਕ ਨਿਆਂ ਪ੍ਰਣਾਲੀ ਨੂੰ ਮਜ਼ਬੂਤ ਕਰਨ ਦੀ ਲੜਾਈ ਸੀ ਤਾਕਿ ਅਜਿਹੇ ਜ਼ੁਲਮ ਦੁਬਾਰਾ ਨਾ ਹੋਣ ਅਤੇ ਇਸੇ ਕਰਕੇ ਕਈ ਸਾਥੀ ਨਾਲ ਜੁੜੇ। ਉਹਨਾਂ ਇਹ ਵੀ ਦਸਿਆ ਕਿ ਕਈ ਵਕੀਲ ਅਤੇ ਵਡੇ ਜੱਜ ਮੈਨੂੰ ਅੱਤਵਾਦੀ ਅਤੇ ਆਤੰਕਵਾਦੀ ਗਰਦਾਨਦੇ ਸਨ ਅਤੇ ਕੇਸ ਭੇਜਣ ਤੋ ਕਤਰਾਉਦੇ







ਸਨ। ਉਹਨਾਂ ਦਸਿਆ ਕਿ ਉਹਨਾਂ ਨੋਬਲ ਅਵਾਰਡ ਜੇਤੂ ਕੈਲ਼ਾਸ਼ ਸਤਿਆਰਥੀ ਅਤੇ ਉਸ ਦੀ ਜਥੇਬੰਦੀ ਨਾਲ ਰਲਕੇ ਬੱਚਿਆਂ ਦੇ ਹਕਾਂ ਲਈ ਕਾਨੂਨੀ ਲੜਾਈ ਲੜੀ ਅਤੇ ਐਵਾਰਡ ਪ੍ਰਾਪਤ ਕਰਨ ਸਮੇ ਉਹ ਵੀ ਓਸਲੋ ਹਾਜ਼ਿਰ ਸਨ। ਉਹਨੀ ਕਿਹਾ ਕਿ ਉਸ ਕਾਰਨ ਦਿੱਲੀ ਦੀਆਂ ਕੋਰਟਾਂ ਚ ਲੋਕਾਂ ਦਾ ਵਤੀਰਾ ਮੇਰੇ ਪ੍ਰਤੀ ਬਦਲਿਆ ਅਤੇ ਨਵੰਬਰ ੮੪ ਦੇ ਸਿੱਖਾਂ ਦੇ ਕਤਲੇਆਮ ਕੇਸਾਂ ਨੂੰ ਸਹੀ ਤਰੀਕੇ ਨਾਲ ਫੈਸਲੇ ਕਰਵਾਉਣ ਚ ਮਦਦ ਮਿਲੀ। ਉਹਨਾਂ ਇਹ ਵੀ ਕਿਹਾ ਕਿ ਇਹਨਾਂ ਕੇਸਾਂ ਤੇ ਨਿਆਂ ਦਿਵਾਉਣ ਲਈ ਮੈਨੂੰ ਵਾਜਪਈ ਸਰਕਾਰ ਅਤੇ ਮੋਦੀ ਸਰਕਾਰ ਤੋਂ ਮਦਦ ਲੈਣ ਤੋਂ ਕੋਈ ਝਿਝਕ ਨਹੀਂ ਸੀ ਅਤੇ ਮਦਦ ਮਿਲੀ। ਅਤੇ ਇਸੇ ਤਰਾਂ ਸ਼੍ਰੋਮਣੀ ਕਮੇਟੀ ਦੀਆਂ ਇਲੈਕਸ਼ਨਾਂ ਕਰਵਾਉਣ ਲਈ ਅੰਮਰਿੰਦਰ ਸਿੰਘ ਦੀ ਕਾਂਗਰਸ ਸਰਕਾਰ ਤੋਂ ਮਦਦ ਲੈਣ ਚ ਕੋਈ ਝਿਝੱਕ ਨਹੀਂ। ਸਵਾਲ ਜਵਾਬ ਚਲੇ ਅਤੇ ਸਾਰਿਆਂ ਨੇ ਫੂਲਕਾ ਜੀ ਦਾ ਧੰਨਵਾਦ ਕੀਤਾ। ਉਹਨਾਂ ਨੇ ਅਖੀਰ ਚ ਬਾਦਲਾਂ ਤੋਂ ਸ਼੍ਰੋਮਣੀ ਕਮੇਟੀ ਦਾ ਕਬਜ਼ਾ ਛੁਡਾਉਣ ਲਈ ਸਾਰਿਆਂ ਨੂੰ ਇੱਕਮੁੱਠ ਹੋਣ ਲਈ ਅਪੀਲ ਕੀਤੀ ਅਤੇ ਕਿਹਾ ਕਿ ਸ਼੍ਰੋਮਣੀ ਕਮੇਟੀ ਵਧਿਆ ਢੰਗ ਨਾਲ ਚਲਾਉਣ ਲਈ ਅਤੇ ਸਿੱਖੀ ਅਤੇ ਸਿੱਖਾਂ ਨੂੰ ਅੱਗੇ ਲਿਜਾਉਣ ਲਈ ਹਰ ਕਿਸਮ ਦੇ ਸਿਆਸੀ ਦਖ਼ਲ ਅੰਦਾਜ਼ੀ ਤੋਂ ਦੂਰ ਕਰਨਾ ਪੈਣਾ ਹੈ ਅਤੇ ਕੋਈ ਵੀ ਰਾਜਨਿਤਿਕ ਪਾਰਟੀ ਇਸ ਵਿੱਚ ਚੋਣਾਂ ਨਾ ਲੜੇ ਇਹ ਜ਼ਰੂਰੀ ਬਣਾਉਣਾ ਪੈਣਾ ਹੈ ਭਵਾਂ ਅਕਾਲੀ ਦਲ, ਕਾਂਗਰਸ ਜਾਂ ਆਪ ਪਾਰਟੀ। ਉਹਨਾਂ ਇਹ ਕਿਹਾ ਕਿ ਇਹ ਲਾਜ਼ਮੀ ਕੀਤਾ ਜਾਵੇ ਕਿ ਜਿਹੜਾ ਸ਼੍ਰੋਮਣੀ ਕਮੇਟੀ ਦੀ ਚੋਣ ਲੜ ਰਿਹਾ ਹੋਵੇ ਉਹ ਕਿਸੇ ਵੀ ਰਾਜਨੀਤਕ ਅਹੁਦੇ ਤੇ ਨਾਂ ਹੋਵੇ ਤਾਂ ਹੀ ਉਹ ਸਿੱਖ ਧਾਰਮਿਕ ਕਾਰਜਾਂ ਚ ਬਿਨਾਂ ਕਿਸੇ ਸਿਆਸੀ ਜਾਂ ਨਿੱਜੀ ਲਾਭ ਦੇ ਸੇਵਾ ਕਰ ਸਕੇਗਾ। ਇਸ ਲਈ ਸਮੂਹ ਸਿੱਖ ਜਥੇਬੰਦੀਆਂ ਧੜਿਆਂ ਲੇਖਕਾਂ ਅਤੇ ਚਿੰਤਕਾਂ ਦਾ ਏਕਾ ਚਾਹੀਦਾ ਹੈ।

ਫੂਲਕਾ ਨੇ ਵਾਸ਼ਿੰਗਟਨ ਚ ਸਥਿਤ ਸਿੱਖ ਹਿਯੂਮਨ ਡੇਵਲਪਮੈਂਟ ਫਾਉਂਡੇਸ਼ਣ ਦੇ ਕਾਰਜਾਂ ਨੂੰ ਸਲਾਹਿਆ ਜਿਸ ਰਾਹੀਂ ਪੰਜਾਬ ਦੇ ਗਰੀਬ ਸਿੱਖ ਨੌਜਵਾਨਾਂ ਨੂੰ ਡਿਗਰੀ ਕੋਰਸਾਂ ਲਈ ਮਾਲੀ ਮਦਦ ਭੇਜੀ ਜਾਂਦੀ ਹੈ। ਉਹਨਾਂ ਡਾ. ਰਾਜਵੰਤ ਸਿੰਘ ਦਾ ਧੰਨਵਾਦ ਕੀਤਾ ਉਹਨਾਂ ਈਕੋਸਿੱਖ ਰਾਹੀਂ ਪੰਜਾਬ ਅਤੇ ਸੰਸਾਰ ਪਧੱਰ ਤੇ ਗੁਰੂ ਨਾਨਕ ਸਾਹਿਬ ਦੇ 550ਵੇਂ ਗੁਰਪੁਰਬ ਤੇ ਰੁੱਖ ਲਗਾਉਣ ਦੇ ਕੰਮ ਨੂੰ ਵੀ ਸਰਾਹਿਆ।

ਅਤੇ ਇਸ ਤੋਂ ਇਲਾਵਾ ਵਾਸ਼ਿੰਗਟਨ ਚ ਮਨਾਸਸ ਗੁਰਦੁਆਰਾ ਸਾਹਿਬ ਚ ਹਰਵਿੰਦਰ ਸਿੰਘ ਫੂਲਕਾ ਨੇ ਵਿਚਾਰ ਪ੍ਰਗਟ ਕੀਤੇ ਅਤੇ ਸ਼ੁੱਕਰਵਾਰ ਵੀ ਅਮਰਜੀਤ ਸਿੰਘ ਸੰਧੂ ਹੋਰਾਂ ਨੇ ਐਲੀਕਾਟ ਸਿੱਟੀ ਵਿੱਚ ਬਾਲਟੀਮੋਰ ਅਤੇ ਏਰੀਏ ਦੇ ਸਿੱਖਾਂ ਨਾਲ ਮੁਲਾਕਾਤ ਰੱਖੀ ਸੀ।

**16 ਜੂਨ ਪਿਤਾ ਦਿਵਸ 'ਤੇ ਵਿਸ਼ੇਸ਼**

# ਭਗਵਾਨ ਦਾ ਰੂਪ ਹੈ 'ਪਿਤਾ'



ਨਵਜੋਤ ਬਜਾਜ (ਗੱਗੂ)
91-98721-02614

ਪਿਤਾ ਸ਼ਬਦ ਦੋ ਅੱਖਰਾਂ ਦਾ ਸੁਮੇਲ ਹੀ ਨਹੀ ਹੈ ਸਗੋ ਹਰ ਇੱਕ ਮਨੁੱਖ ਦੇ ਜੀਵਨ ਦੀ ਪਰਿਭਾਸ਼ਾ ਹੈ। ਪਿਤਾ ਤੋ ਭਾਵ ਜਨਮ ਦੇਣ ਵਾਲਾ, ਅਧਿਆਤਮਿਕ ਸ਼ਬਦਾਂ ਵਿੱਚ ਪ੍ਰਤੀ ਪਾਲਣਾ ਕਰਨ ਵਾਲਾ ਜਾਂ ਦੇਖ ਭਾਲ ਕਰਨ ਵਾਲੇ ਨੂੰ ਵੀ ਪਿਤਾ ਰੂਪ ਵਿੱਚ ਸਵੀਕਾਰ ਕੀਤਾ ਜਾਦਾ ਹੈ। ਗੁਰਮਤਿ ਫਿਲਾਸਫੀ ਵਿੱਚ ਪ੍ਰਮਾਤਮਾ ਨੂੰ ਵੀ ਪਰਮਪਿਤਾ ਨਾਲ ਸੰਬੋਧਨ ਕੀਤਾ ਜਾਦਾ ਹੈ ਅਰਥਾਤ ਸਭਨਾ ਦਾ ਪਿਤਾ ਜੋ ਸਾਰਿਆਂ ਦੀ ਪ੍ਰਤੀ ਪਾਲਣਾ ਕਰਦਾ ਹੈ। ਸਾਡੀ ਭਾਰਤੀ ਸੰਸਕ੍ਰਿਤੀ ਵਿੱਚ ਪਿਤਾ ਨੂੰ ਪਰਿਵਾਰ ਦਾ ਮੁਖੀ ਮੰਨਿਆ ਜਾਦਾ ਹੈ।ਪਰਿਵਾਰ ਦੀ ਰੋਜੀ ਰੋਟੀ ਦਾ ਆਹਾਰ ਕਰਨਾ ਪਿਤਾ ਦੀ ਜੁਮੇਵਾਰੀ ਹੁੰਦੀ ਹੈ। ਇਕ ਪਾਸੇ ਜਿਥੇ ਮਾਂ ਬੱਚੇ ਨੂੰ ਜਨਮ ਦੇਣ, ਪਾਲਣ ਪੋਸ਼ਣ ਅਤੇ ਪੜਾਉਣ ਲਿਖਾਉਣ ਦੇ ਨਾਲ-ਨਾਲ ਉਸ ਦੀਆ ਸਮੁੱਚੀਆ ਲੋੜਾ ਦਾ ਹੱਲ ਕਰਦੀ ਹੈ, ਉਥੇ ਪਿਤਾ ਪਰਿਵਾਰ ਦੀ ਰੋਜੀ ਰੋਟੀ ਅਤੇ ਬੱਚਿਆ ਦੀ ਪੜਾਈ ਕੱਪੜੇ ਅਤੇ ਰਹਿਣ ਲਈ ਘਰ ਦਾ ਖਰਚ ਜਟਾਉਦਾ ਹੈ। ਮਾਤਾ ਪਿਤਾ ਦੋਵਾ ਦੇ ਸਾਝੇ ਯਤਨਾ ਨਾਲ ਹੀ ਬੱਚਿਆ ਦਾ ਜੀਵਨ ਪਰਵਾਨ ਚੜਦਾ ਹੈ।ਅਸਲ ਵਿੱਚ ਪਿਤਾ ਉਸ ਨਿੰਮ ਦੇ ਦਰੱਖਤ ਸਮਾਨ ਹੁੰਦਾ ਹੈ,ਜਿਸ ਦੇ ਪੱਤੇ ਬੇਸ਼ੱਕ ਕੌੜੇ ਹੁੰਦੇ ਹਨ ਪਰ ਛਾਂ ਹਮੇਸ਼ਾ ਠੰਡੀ ਦਿੰਦਾ ਹੈ। ਜਨਮ ਤੋ ਬਾਅਦ ਪਿਤਾ ਹੀ ਉਗਲ ਫੜ ਕੇ ਬੱਚੇ ਨੂੰ ਤੁਰਨਾ ਸਿਖਾਉਦਾ ਹੈ ਅਤੇ ਮੋਢਿਆ ਤੇ ਬਿਠਾ ਕੇ ਝੂਟੇ ਦਿੰਦਾ ਹੈ। ਸਕੂਲੀ ਪੜਾਈ ਤੋ ਲੈ ਕੇ ਕਾਰੋਬਾਰ ਇਥੋ ਤੱਕ ਬੱਚੇ ਦੇ ਵਿਆਹ ਤੋ ਬਾਅਦ ਵੀ ਪਿਤਾ ਨੂੰ ਫਿਕਰ ਰਹਿੰਦਾ ਹੈ ਕਿ ਮੇਰੇ ਬੱਚੇ ਨੂੰ ਕਿਸੇ ਪ੍ਰਕਾਰ ਦੀ ਤੱਤੀ ਵਾਅ ਨਾ ਲੱਗੇ। ਅਸੀ ਅਕਸਰ ਹੀ ਗੀਤ ਸੁਣਦੇ ਹਾਂ 'ਕੀਤੀਆ ਬਾਪੂ ਨੇ ਸਭ ਰੀਝਾ ਪੂਰੀਆ' ਪਿਤਾ ਦਾ ਸਾਇਆ ਬੱਚੇ ਲਈ ਭਗਵਾਨ ਤੋ ਘੱਟ ਨਹੀ ਹੁੰਦਾ। ਵੈਸਟ ਵਰਜੀਨੀਆ ਦੇਸ ਨੇ ਪਹਿਲੀ ਵਾਰ ਪੰਜ ਜੁਲਾਈ 1908 ਨੂੰ ਫਾਦਰਜ਼ ਡੇਅ (ਪਿਤਾ ਦਿਵਸ) ਮਨਾਉਣ ਦੀ ਸੁਰੂਆਤ ਕੀਤੀ। ਗਰੇਸ ਕਲੇਟਨ ਜੋ ਐਨਾਂ ਜਰਵਿਸ ਤੋ ਬਹੁਤ ਪ੍ਰਭਾਵਿਤ ਸੀ ਐਨਾ ਜਰਵਿਸ ਜਿਸ ਨੇ ਮਾਤਾ ਦਿਵਸ ਮਨਾਉਣਾ ਸੁਰੂ ਕੀਤਾ ਸੀ।ਦਸੰਬਰ 1907 ਵਿੱਚ ਇੱਕ ਦਿਲ ਕੰਬਾਉ ਘਟਨਾ ਵਿੱਚ ਗਰੇਸ ਦੇ ਪਿਤਾ ਦੀ ਮੌਤ ਹੋ ਗਈ ਸੀ। ਉਸ ਦੇ ਨਾਲ 250 ਆਦਮੀ ਵੀ ਆਪਣੇ ਵਿਲਕਦਿਆ ਬੱਚਿਆਂ ਨੂੰ ਛੱਡ ਕੇ ਦੁਨੀਆ ਤੋ ਰੁਖਸਤ ਹੋ ਗਏ ਸਨ। ਗਰੇਸ ਆਪਣੇ ਮਾਰੇ ਗਏ ਪਿਤਾ ਅਤੇ ਲੋਕਾਂ ਦੀ ਯਾਦ ' ਪਿਤਾ ਦਿਵਸ਼ ਮਨਾਂ ਕੇ ਉਹਨਾਂ ਨੂੰ ਸਰਧਾਜਲੀ ਦੇਣਾ ਚਾਹੁੰਦੀ ਸੀ, ਪਰ ਉਸ ਸਮੇ ਆਪਣੇ ਇਲਾਕੇ ਤੋ ਬਿਨਾਂ ਹੋਰ ਲੋਕਾਂ ਨੂੰ ਇਸ ਪ੍ਰਤੀ ਉਤਸ਼ਾਹਿਤ ਨਾ ਕਰ ਸਕੀ। ਉਸ ਤੋ ਬਾਅਦ 19 ਜੂਨ 1910 ਈਸਵੀ ਨੂੰ ਵਾਸਿੰਗਟਨ 'ਚ ਇਹ ਦਿਵਸ ਮਨਾਇਆ ਗਿਆ ਜਿਸ ਤੋ ਪ੍ਰਭਾਵਿਤ ਹੋ ਕੇ ਬਹੁਤ ਸਾਰੇ ਲੋਕਾਂ ਨੇ ਪਿਤਾ ਦਿਵਸ ਮਨਾਉਣਾ ਸੁਰੂ ਕੀਤਾ। ਸੰਨ 1966 ਵਿੱਚ ਰਾਸਟਰਪਤੀ ਲਿੰਡਨ ਬੀ ਜਾਨਸਨ ਨੇ ਪਹਿਲੀ ਵਾਰ ਜੂਨ ਦੇ ਤੀਜੇ ਐਤਵਾਰ ਨੂੰ ਫਾਦਰਜ਼ ਡੇਅ ਮਨਾਉਣ ਦਾ ਫੈਸਲਾ ਕੀਤਾ। ਹੁਣ ਸੰਸਾਰ ਦੇ ਵੱਖ-ਵੱਖ ਦੇਸ਼ਾਂ ਵਿੱਚ ਪਿਤਾ ਦਿਵਸ਼ ਜੂਨ ਮਹੀਨੇ ਦੇ ਤੀਜੇ ਐਤਵਾਰ ਨੂੰ ਮਨਾਇਆ ਜਾਦਾ ਹੈ।

ਅੱਜ ਅਮਰੀਕਾ, ਇੰਗਲੈਂਡ, ਕੈਨੇਡਾ, ਭਾਰਤ, ਪਾਕਿਸ਼ਤਾਨ, ਜਾਪਾਨ, ਮਲੇਸ਼ੀਆ, ਸ੍ਰੀਲੰਕਾ ਅਦਿ ਸਮੇਤ ਵੱਡੀ ਗਿਣਤੀ ਵਿੱਚ ਮੁਲਕ ਜੂਨ ਮਹੀਨੇ ਦੇ ਤੀਸਰੇ ਐਤਵਾਰ ਨੂੰ ਪਿਤਾ ਦਿਵਸ ਵਜੋ ਮਨਾਉਦੇ ਹਨ। ਪਰੰਤੂ ਬਹੁਤ ਸਾਰੇ ਮੁਲਕ ਅਜਿਹੇ ਹਨ, ਜਿਥੇ ਵੱਖਰੇ-ਵੱਖਰੇ ਦਿਨਾਂ ਅਤੇ ਮਹੀਨਿਆਂ ਵਿੱਚ ਪਿਤਾ ਦਿਵਸ ਮਨਾਇਆ ਜਾਂਦਾ ਹੈ। ਜਿਵੇ ਬੀਰਾਨ ਵਿੱਚ 14 ਮਾਰਚ ਨੂੰ, ਬੋਲਵੀਆ, ਇਟਲੀ, ਪੁਰਤਗਾਲ ਅਤੇ ਸਪੇਨ ਵਿੱਚ 19 ਮਾਰਚ ਨੂੰ ਦੱਖਣੀ ਕੋਰੀਆ ਵਿੱਚ 8 ਮਈ ਨੂੰ, ਆਸਟ੍ਰੇਲੀਆ, ਏਕਵਾਡਰ ਅਤੇ ਬੈਲਜੀਅਮ ਵਿੱਚ ਜੂਨ ਦੇ ਦੂਸਰੇ ਐਤਵਾਰ, ਪੋਲੈਂਡ ਅਤੇ ਯੁਗਾਂਡਾ ਵਿੱਚ 23 ਜੂਨ, ਬ੍ਰਾਜ਼ੀਲ ਵਿੱਚ ਅਗਸਤ ਮਹੀਨੇ ਦਾ ਦੂਸਰਾ ਐਤਵਾਰ, ਤਾਈਵਾਨ ਅਤੇ ਚੀਨ ਵਿਚ 8 ਅਗਸਤ, ਅਰਜਨਟੀਨਾ ਵਿੱਚ 24 ਅਗਸਤ ਅਤੇ ਆਸਟ੍ਰੇਲੀਆ-ਨਿਊਜੀਲੈਂਡ ਵਿੱਚ ਸਤੰਬਰ ਮਹੀਨੇ ਦਾ ਪਹਿਲਾ ਐਤਵਾਰ, ਇੰਗਲੈਂਡ, ਨਾਰਵੇ ਅਤੇ ਸਵੀਡਨ ਵਿੱਚ ਨਵੰਬਰ ਦਾ ਦੂਸਰਾ ਐਤਵਾਰ, ਥਾਈਲੈਂਡ ਵਿੱਚ 5 ਦਸੰਬਰ ਅਤੇ ਭਾਰਤ ਵਿਚ ਜੂਨ ਦੇ ਤੀਸਰੇ ਐਤਵਾਰ ਨੂੰ 'ਪਿਤਾ ਦਿਵਸ' ਵਜੋ ਮਨਾਇਆ ਜਾਦਾ ਹੈ।

ਅਸਲ ਵਿੱਚ ਪਿਤਾ ਆਪਣੇ ਪਰਿਵਾਰ ਵਿੱਚ ਸੁਪਰ ਹੀਰੋ ਹੁੰਦਾ ਹੈ।ਪਿਤਾ ਹੀ ਹਮੇਸ਼ਾ ਔਲਾਦ ਦੀ ਸੁਰੱਖਿਆ ਕਰਦਾ ਹੈ। ਇੱਕ ਪਿਤਾ ਹੀ ਤਾਂ ਹੈ ਜੋ ਆਪਣੀ ਮੁਸਕਾਨ ਛੁਪਾ ਕੇ ਬੱਚਿਆਂ ਦੇ ਚਿਹਰ ਤੇ ਇਕ ਮੁਸਕਾਨ ਲਿਆਉਦਾ ਹੈ। ਬੱਚਿਆਂ ਦੀ ਸਫ਼ਲਤਾ ਤੇ ਸਭ ਤੋ ਵੱਧ ਖੁਸ਼ੀ ਪਿਤਾ ਨੂੰ ਹੁੰਦੀ ਹੈ। ਪਿਤਾ ਹਮੇਸ਼ਾ ਆਪਣੇ ਬੱਚਿਆਂ ਨੂੰ ਸਹੀ ਮਾਰਗ ਤੇ ਪਾਉਦਾ ਹੈ। ਇਸੇ ਲਈ ਕਹਿੰਦੇ ਹਨ ਕਿ ਮਾਂ ਘਰ ਦਾ ਗੌਰਵ ਹੈ ਪਿਤਾ ਘਰ ਦਾ ਅਸਤਿਤਵ ਹੁੰਦਾ ਹੈ। ਰੋਜਾਨਾ ਖਾਣਾ ਬਣਾਉਣ ਵਾਲੀ ਮਾਂ ਸਾਨੂੰ ਹਮੇਸ਼ਾ ਯਾਦ ਰਹਿੰਦੀ ਹੈ ਪਰੰਤੂ ਜੀਵਨ ਭਰ ਖਾਣੇ ਦੀ ਵਿਵਸਥਾ ਕਰਨ ਵਾਲੇ ਪਿਓ ਨੂੰ ਅਸੀ ਭੁੱਲ ਜਾਦੇ ਹਾਂ।ਮਾਂ ਦੀ ਸਿਫਤ ਤਾਂ ਹਰ ਕੋਈ ਕਰ ਜਾਂਦਾ, ਪਿਤਾ ਕਿਸੇ ਨੂੰ ਵੀ ਯਾਦ ਨਹੀ ਰਹਿੰਦਾ।ਹੁੰਦਾ ਪਿਓ ਵੀ ਰੱਬ ਦਾ ਰੂਪ ਯਾਰੋ, ਜਿਸ ਦੇ ਸਿਰ ਤੇ ਘਰ ਆਬਾਦ ਰਹਿੰਦਾ। ਉਸ ਦੇ ਸੀਨੇ ਚ ਵੀ ਇੱਕ ਦਿਲ ਹੁੰਦਾ, ਜੋ ਔਲਾਦ ਦੀ ਖੁਸੀ ਲਈ ਸਦਾ ਬੇਤਾਬ ਰਹਿੰਦਾ।ਬੇਹਿਸਾਬ ਪਿਆਰ ਨਹੀ ਵੇਖਦਾ ਕੋਈ, ਉਸ ਦੇ ਗੁੱਸੇ ਦਾ ਹਰ ਕਿਸੇ ਨੂੰ ਹਿਸਾਬ ਰਹਿੰਦਾ।

ਮਾਂ ਰੋਦੀ ਹੈ, ਪਿਤਾ ਰੋ ਨਹੀ ਸਕਦਾ। ਖੁਦ ਦਾ ਪਿਤਾ ਮਰ ਜਾਏ, ਫਿਰ ਵੀ ਰੋ ਨਹੀ ਸਕਦਾ, ਕਿਉਕਿ ਛੋਟੇ ਭੈਣ ਭਰਾਵਾਂ ਨੂੰ ਵੀ ਸੰਭਾਲਣਾ ਹੁੰਦਾ ਹੈ। ਮਾਂ ਦੀ ਮੌਤ ਤੇ ਵੀ ਨਹੀ ਰੋਂਦਾ ਕਿਉਕਿ ਭੈਣਾ ਨੂੰ ਵੀ ਸਹਾਰਾ ਦੇਣਾ ਹੁੰਦਾ ਹੈ। ਪਤਨੀ ਹਮੇਸ਼ਾ ਲਈ ਸਾਥ ਛੱਡ ਜਾਏ, ਫਿਰ ਵੀ ਨਹੀ ਰੋਦਾ ਕਿਉਕਿ ਬੱਚਿਆਂ ਨੂੰ ਹੌਸਲਾ ਦੇਣਾ ਹੁੰਦਾ ਹੈ।ਪਿਤਾ ਕਦੇ ਬਿਮਾਰ ਨਹੀ ਹੁੰਦਾ, ਹੋ ਵੀ ਜਾਏ ਤਾਂ ਹਸਤਪਤਾਲ ਨਹੀ ਜਾਂਦਾ।ਡਾਕਟਰ ਇੱਕ ਅੱਧ ਮਹੀਨੇ ਦਾ ਆਰਾਮ ਦੱਸ ਦੇਵੇ ਤਾਂ ਮੱਥੇ ਦੀਆਂ ਸਿਲਵੱਟਾਂ ਹੋਰ ਗਹਿਰੀਆਂ ਹੋ ਜਾਦੀਆ ਹਨ ਕਿਉਕਿ ਬੇਟੀ ਦੀ ਫੀਸ ਭਰਨ ਦੀ ਚਿੰਤਾ ਹੁੰਦੀ ਹੈ।ਆਮਦਨ ਘੱਟ ਹੋਣ ਦੇ ਬਾਵਜੂਦ ਵੀ ਬੇਟੇ-ਬੇਟੀ ਨੂੰ ਮਹਿੰਗੇ ਕੋਰਸ ਕਰਵਾਉਂਦਾ ਹੈ। ਅਸਲ ਵਿੱਚ ਮਾਤਾ-ਪਿਤਾ ਦਾ ਆਪਸੀ ਸਹਿਯੋਗ ਹੀ ਪਰਿਵਾਰ ਨੂੰ ਅੱਗੇ ਲਿਜਾਣ ਵਿੱਚ ਸਹਾਇਤਾ ਕਰਦਾ ਹੈ।



ਭਾਵੇ ਬੱਚੇ ਨੂੰ 9 ਮਹੀਨੇ ਆਪਣੀ ਕੁੱਖ ਵਿੱਚ ਪਾਲ ਕੇ ਜਨਮ ਦੇਣ ਅਤੇ ਬਚਪਨ ਵਿੱਚ ਉਸ ਦਾ ਪਾਲਣ-ਪੋਸ਼ਣ ਕਰਨ ਕਰ ਕੇ ਵਧੇਰੇ ਪ੍ਰਭਾਵ ਮਾਤਾ ਦਾ ਹੁੰਦਾ ਹੈ, ਪਰੰਤੂ ਇਸ ਸਮੇਂ ਪਿਤਾ ਦੇ ਬਲਿਦਾਨ ਨੂੰ ਵੀ ਛੁਟਿਆ ਕੇ ਨਹੀ ਵੇਖਿਆ ਜਾ ਸਕਦਾ।ਜਦੋ ਬਚਪਨ ਦੇ ਸ਼ੁਰੂਆਤੀ ਮਹੀਨਿਆਂ ਵਿੱਚ ਅਣਬੋਲ ਬੱਚੇ ਸਰੀਰਕ ਕਸ਼ਟ ਕਰ ਕੇ ਬਿਸਤਰ ਉੱਪਰ ਪਿੱਠ ਨਹੀਂ ਲਗਾਉਦੇ ਤਾਂ ਸਿਆਲ ਦੀਆਂ ਲੰਮੀਆਂ ਰਾਤਾਂ ਵਿੱਚ ਬਾਲਾਂ ਨੂੰ ਮੋਢੇ ਨਾਲ ਲਾ ਕੇ ਸਾਰੀ ਸਾਰੀ ਰਾਤ ਘੁੰਮਦੇ ਰਹਿਣਾ ਵੀ ਤਾਂ ਪਿਤਾ ਦੇ ਹਿੱਸੇ ਆਉਦਾਂ ਹੈ। ਇੱਕ ਪਿਤਾ ਹੀ ਤਾਂ ਹੁੰਦਾ ਹੈ ਜਿਹੜਾ ਆਪਣੀਆਂ ਖੁੱਦ ਦੀਆਂ ਖਾਹਿਸਾਂ ਦੀ ਕੁਰਬਾਨੀ ਦੇ ਕੇ ਬੱਚਿਆਂ ਦੀਆਂ ਇੱਛਾਵਾਂ ਦੀ ਪੂਰਤੀ ਕਰਦਾ ਹੈ।

ਪਿਤਾ ਦੇ ਸਬੰਧ ਵਿੱਚ ਲੇਖਕ ਪ੍ਰਮੋਧ ਧੀਰ ਜੈਤੋ ਵੱਲੋ ਲਿਖੀਆ ਪਿਤਾ ਸਮਰਪਿਤ ਲਾਈਨਾ ਇਸ ਪ੍ਰਕਾਰ ਹਨ-

ਪਿਤਾ ਦੀ ਸਖ਼ਤੀ ਬਰਦਾਸ਼ਤ ਕਰੋ ਤਾਂ ਕਿ ਕਾਬਿਲ ਇਨਸਾਨ ਬਣ ਸਕੋ।

ਪਿਤਾ ਦੀਆਂ ਗੱਲਾਂ ਗੋਰ ਨਾਲ ਸੁਣੋ ਤਾਂ ਕਿ ਦੂਸਰਿਆਂ ਦੀ ਨਾ ਸੁਣਨੀ ਪਵੇ।

ਪਿਤਾ ਦੇ ਸਾਹਮਣੇ ਉੱਚਾ ਨਾ ਬੋਲੋ ਵਰਨਾ ਭਗਵਾਨ ਤੁਹਾਨੂੰ ਨੀਵਾ ਕਰ ਦੇਵੇਗਾ।

ਪਿਤਾ ਦਾ ਸਨਮਾਨ ਕਰੋ ਤਾ ਕਿ ਤੁਹਾਡੀ ਸਨਤਾਨ ਤੁਹਾਡਾ ਸਨਮਾਨ ਕਰੇ।

ਪਿਤਾ ਦੀ ਇੱਜ਼ਤ ਕਰੋ, ਤਾਂ ਜੋ ਤੁਹਾਡਾ ਰੁਤਬਾ ਸਮਾਜ 'ਚ ਉੱਚਾ ਹੋ ਸਕੇ।

ਪਿਤਾ ਦਾ ਹੁਕਮ ਮੰਨੋ ਤਾਂ ਕਿ ਤੁਹਾਨੂੰ ਖੁਸ਼ਹਾਲ ਜੀਵਨ ਮਿਲ ਸਕੇ।

ਪਿਤਾ ਇੱਕ ਕਿਤਾਬ ਹੈ, ਜਿਸ ਤੇ ਅਨੁਭਵ ਲਿਖਿਆ ਜਾਂਦਾ ਹੈ।

ਪਿਤਾ ਦੇ ਸਾਹਮਣੇ ਨਜਰਾਂ ਝੁਕਾਕੇ ਰੱਖੋ ਤਾਂ ਜੋ ਤੁਹਾਨੂੰ ਤਰੱਕੀ ਮਿਲ ਸਕੇ।

ਪਿਤਾ ਦੇ ਹੰਝੂ ਤੁਹਾਡੇ ਸਾਹਮਣੇ ਨਾ ਡਿੱਗਣ ਵਰਨਾ ਪਰਮਾਤਮਾ ਤੁਹਾਨੂੰ ਦੁਨੀਆਂ ਤੋ ਗਿਰਾ ਦੇਵੇਗਾ।

ਮਾਂ ਦਾ ਮੁਕਾਮ ਬੇਸ਼ੱਕ ਆਪਣੀ ਜਗਾਂ ਹੈ ਪਰ ਪਿਤਾ ਦਾ ਮੁਕਾਮ ਵੀ ਕੋਈ ਘੱਟ ਨਹੀ ।ਮਾਂ ਦੇ ਕਦਮਾਂ 'ਚ ਸਵਰਗ ਹੈ ਤਾਂ ਪਿਤਾ ਸਵਰਗ ਦਾ ਦਰਵਾਜਾ ਹੈ।ਅਗਰ ਦਰਵਾਜਾ ਨਾ ਖੁਲਿਆ ਤਾਂ ਸਵਰਗ ਅੰਦਰ ਕਿਵੇ ਜਾਉਗੇ। ਗਰਮੀ ਹੋਵੇ ਜਾਂ ਸਰਦੀ ਪਿਤਾ ਆਪਣੇ ਬੱਚਿਆ ਦੀ ਪਰਵਰਿਸ਼ ਲਈ ਹਰ ਮੁਸਕਿਲ ਘੜੀ 'ਚ ਤੱਤਪਰ ਰਹਿੰਦਾ ਹੈ। ਹੋਰ ਕੋਈ ਵੀ ਪਿਤਾ ਦੇ ਵਾਂਗ, ਬੱਚਿਆਂ ਨੂੰ ਪਿਆਰ ਨਹੀ ਦੇ ਸਕਦਾ। ਹਮੇਸ਼ਾ ਯਾਦ ਰੱਖੋ । ਸੂਰਜ ਗਰਮ ਜਰੂਰ ਹੁੰਦਾ ਹੈ ਪਰ ਡੁੱਬ ਜਾਵੇ ਤਾਂ ਹਨੇਰਾ ਛਾ ਜਾਦਾ ਹੈ।

ਕਈ ਪੰਜਾਬੀ ਗਾਇਕਾਂ ਨੇ ਵੀ ਆਪਣੇ ਗੀਤਾਂ ਰਾਹੀਂ ਪਿਤਾ ਨੂੰ ਆਪਣੀ ਤਰੱਕੀ ਦਾ ਦਰਵਾਜਾ ਦੱਸਿਆ ਹੈ।ਜਿਵੇ ਇੱਕ ਗੀਤ ਦੇ ਬੋਲ ਹਨ:

"ਦਿਨ ਰਾਤ ਕੀਤਾ ਜਿਨੇ ਇੱਕ ਮੇਰੇ ਲਈ
ਪਲ ਵੀ ਨਾ ਬੈਠਾ ਜਿਹੜਾ ਟਿਕ ਮੇਰੇ ਲਈ,
ਕਿੰਨ੍ਹੇ ਅਹਿਸਾਨ ਮੇਰੇ ਸਿਰ ਤੇ,
ਸੋਚ -ਸੋਚ ਅੱਖੋ ਹੰਝੂ ਚੋ ਗਿਆ।
ਬਾਪੂ ਤੇਰੇ ਕਰਕੇ, ਮੈ ਪੈਰਾਂ ਤੇ ਖਲੋ ਗਿਆ,
ਤੂੰ ਸੈਕਲਾਂ ਤੇ ਕੱਟੀ ਤੇ ਮੈ ਗੱਡੀ ਜੋਗਾ ਹੋ ਗਿਆ।"

ਪਰ ਅੱਜ ਭੱਜ ਦੋੜ ਵਾਲੀ ਜਿੰਦਗੀ 'ਚ ਲੋਕ ਕਿੱਤੇ ਨਾ ਕਿਤੇ ਆਪਣੀਆ ਸਕਾਰਤਮਿਕ ਪ੍ਰੰਪਰਾਵਾਂ ਤੋ ਮੂੰਹ ਫੇਰ ਰਹੇ ਹਨ।ਸੰਯੁਕਤ ਪਰਿਵਾਰ ਟੁੱਟ ਰਹੇ ਹਨ। ਕਿਸੇ ਕੋਲ ਐਨਾ ਵਕਤ ਹੀ ਨਹੀ ਕਿ ਉਹ ਦੂਜਿਆ ਦੀ ਸੁੱਖ ਸਾਦ ਪੁੱਛ ਸਕੇ।ਇਸ ਸਮੱਸਿਆ ਨਾਲ ਬਜੁਰਗ ਅੱਜ ਜੂਝ ਰਹੇ ਹਨ। ਜਿਆਦਾਤਰ ਘਰਾਂ 'ਚ ਉਹਨਾਂ ਨਾਲ ਸਿੱਧੇ ਮੂੰਹ ਨਾਲ ਗੱਲ ਤਕ ਨਹੀ ਕੀਤੀ ਜਾਦੀ । ਉਹਨਾਂ ਦੀ ਖੁਸੀ ਗਮੀ ਦਾ ਕੋਈ ਧਿਆਨ ਨਹੀ ਰੱਖਿਆ ਜਾਦਾ। ਸਮਾਜ ਦੇ ਮਜਬੂਤ ਥੰਮ ਇਹਨਾਂ ਬਜੁਰਗ ਨੇ ਸਾਰੀ ਉਮਰ ਆਪਣੀ ਔਲਾਦ ਦੇ ਨਾ ਲਗਾਈ ਹੁੰਦੀ ਹੈ। ਜਦ ਉਹੀ ਔਲਾਦ ਆਪਣੇ ਪੈਰਾ ਤੇ ਖੜ੍ਹੀ ਹੁੰਦੀ ਹੈ ਤਾਂ ਬਜੁਰਗ ਮਾਪਿਆ ਨੂੰ ਤ੍ਰਿਸਕਾਰਨ ਲੱਗ ਜਾਦੀ ਹੈ। ਜਦ ਤਕ ਮਾਪੇ ਪੈਸੇ ਦੀ ਮਸ਼ੀਨ ਹੁੰਦੇ ਹਨ ਤਾਂ ਪੁੱਛ ਪੜਤਾਲ ਹੁੰਦੀ ਹੈ ਬਾਅਦ 'ਚ ਬਿਗਾਨਿਆ ਵਾਲਾ ਵਰਤਾਉ ਹੋਣ ਲੱਗ ਜਾਦਾ ਹੈ। ਬਜੁਰਗਾਂ ਦੀ ਸਾਂਭ-ਸੰਭਾਲ ਨੂੰ ਅੱਜ ਦੇ ਪੁੱਤ ਬੋਝ ਸਮਝਨ ਲੱਗ ਪਏ ਹਨ। ਬਜੁਰਗਾਂ ਦੇ ਸਰਮਾਏ ਤੇ ਕਬਜਾਂ ਕਰਕੇ ਔਲਾਦ ਉਹਨਾਂ ਨੂੰ ਫਿਟਕਾਰਾ ਸੁਣਨ ਲਈ ਮਜਬੂਰ ਕਰ ਦਿੰਦੀ ਹੈ। ਅਸੱਭਿਅਕ ਸਬਦਾਂ ਨਾਲ ਸੰਬੋਧਨ ਕੀਤਾ ਜਾਦਾ ਹੈ। ਆਖਰ ਅਜਿਹਾ ਕਿਉ ਹੁੰਦਾ ਹੈ ਜਿਹਨਾ ਦੀ ਖੁਸੀ ਲਈ ਮਾਪਿਆ ਦੇ ਦਿਨ ਰਾਤ ਇਕ ਕੀਤਾ ਹੁੰਦਾ ਹੈ। ਉਹ ਬੱਚੇ ਸਭ ਕੁਝ ਭੁੱਲ ਕੇ ਪੈਸੇ ਦੇ ਪੀਰ ਬਣ ਜਾਂਦੇ ਹਨ।ਮਾਪਿਆ ਨੂੰ ਬਜੁਰਗ ਹੁੰਦੇ ਘਰੋ ਕੱਡਣਾ ਸਾਡੇ ਸਮਾਜ ਦੇ ਚੰਦ ਲੋਕਾਂ ਦੀ ਸੁਰੂ ਤੋ ਹੀ ਪ੍ਰਥਾ ਰਹੀ ਹੈ। ਜਦ ਮਾਪੇ ਸਹਾਰਾ ਲੈਣ ਯੋਗ ਹੁੰਦੇ ਹਨ ਤਾਂ ਉਹਨਾਂ ਦੀ ਅਯੋਗ ਔਲਾਦ ਉਹਨਾਂ ਨੂੰ ਤੀਰਥ ਤੇ ਛੱਡ ਆਉਦੀ ਸੀ। ਅਜੋਕੇ ਦੌਰ ਅੰਦਰ ਬਿਰਧ ਆਸਰਮ ਸਮਾਜ ਦੇ ਮੱਥੇ ਤੇ ਬਹੁਤ ਵੱਡੇ ਕਲੰਕ ਹਨ।ਅੱਜੋਕੇ ਇਨਸਾਨ ਦੀ ਮਤਲਬਪ੍ਰਸਤੀ ਇਸ ਹੱਦ ਤਕ ਗਿਰ ਚੁੱਕੀ ਹੈ ਬਿਰਧ ਮਾਪਿਆ ਨੂੰ ਬਿਰਧ ਆਸ਼ਰਮਾਂ ਵਿੱਚ ਛੱਡ ਕੇ ਆਪ ਦੁਨੀਆ ਦੀਆਂ ਰੰਗੀਨੀਆ 'ਚ ਮਸਤ ਹੋ ਰਿਹਾ ਹੈ।ਜੋ ਆਪਣੇ ਜਨਮ ਦਾਤੇ ਦਾ ਨਹੀ ਹੋਇਆ, ਉਹ ਦੇਸ ਸਮਾਜ ਦਾ ਕੀ ਸੰਵਾਰੇਗਾ। ਸੋਚਣ ਦੀ ਗੱਲ ਹੋ ਅਗਰ ਜਨਮ ਸਮੇ ਸਾਡੇ ਮਾਪੇ ਸਾਡੇ ਵਾਗ ਮਤਲਬੀ ਹੋ ਜਾਦੇ ਤਾਂ ਸਾਡਾ ਭਵਿਖ ਕੀ ਹੁੰਦਾ। ਸ਼ਾਇਦ ਅਸੀ ਵੀ ਅੱਜ ਕਿਸੇ ਅਨਾਥ ਆਸ਼ਰਮ 'ਚ ਹੋਣਾ ਸੀ, ਪਰ ਉਹ ਖੁਦਗਰਜ ਨਹੀ ਬਣੇ। ਉਹਨਾਂ ਦੇ ਇਸ ਨੂੰ ਨੈਤਿਕ ਫਰਜ਼ ਸਮਝ ਕੇ ਨਿਭਾਇਆ ਫਿਰ ਅਸੀ ਅਨੈਤਿਕਤਾ' ਤੇ ਕਿਉ ਉਤਰ ਆਏ ਹਾਂ। ਅਗਰ ਦੇਖਿਆਂ ਜਾਵੇ ਜੇ ਸਮਾਜ' ਚ ਬਿਰਧ ਆਸਰਮ ਮੌਜੂਦ ਹਨ ਤਾਂ ਅਨਾਥ ਆਸਰਮਾ ਦੀ ਵੀ ਕੋਈ ਕਮੀ ਨਹੀ ਹੈ। ਮੰਨਿਆ ਮਸ਼ੀਨੀ ਯੁੱਗ' ਚ ਮਸੀਨ ਬਣੇ ਬਿਨਾਂ ਪੂਰੀ ਨਹੀ ਪੈਂਦੀ ਪਰ ਮਾਪਿਆ ਲਈ ਚੰਦ ਪਲ ਕੱਢਣੇ ਇੰਨੇ ਵੀ ਜਿਆਦਾ ਔਖੇ ਨਹੀ ਹਨ। ਬੱਚਿਆਂ ਨਾਲ ਪਿਕਨਿਕ ਤੇ ਜਾਣ ਲਈ, ਪਾਰਟੀਆਂ ਕਰਨ ਜਾਂ ਹੋਰ ਸਮਾਜਿਕ, ਧਾਰਮਿਕ, ਕੰਮਾਂ ਲਈ ਤਾਂ ਸਮਾਂ ਬਹੁਤ ਹੈ। ਪਰ ਮਾਪਿਆ ਲਈ ਸਮਾ ਕਿਉ ? ਸਾਨੂੰ ਅੱਜ ਇਹ ਜਰੂਰ ਦੇਖਣਾ ਹੋਵੇਗਾ ਕਿ ਅਸੀ ਆਪਣੇ ਬੱਚਿਆਂ ਨੂੰ ਕੀ ਸਿਖਾ ਰਹੇ ਹਾਂ? ਅੱਜ ਜੇ ਅਸੀ ਆਪਣੇ ਮਾਪਿਆ ਦਾ ਕਹਿਣਾ ਨਹੀ ਮੰਨਦੇ ਉਹਨਾਂ ਦੀ ਸੇਵਾ ਸੰਭਾਲ ਨਹੀ ਕਰਦੇ ਤਾਂ ਕੀ ਸਾਡੀ ਆਉਣ ਵਾਲੀ ਪੀੜੀ ਆਗਿਆਕਾਰ ਹੋਵੇਗੀ ਤੇ ਸਾਡੇ ਅਰਮਾਨਾ ਤੇ ਖਰਾ ਉਤਰੇਗੀ? ਇਹ ਪਿਰਤ ਚਾਹੇ ਸਾਡੇ ਲਈ ਨਵੀ ਹੈ । ਪਰ ਸਾਡੇ ਦੇਸ ਵਿੱਚ ਹਮੇਸਾ ਤੋ ਹੀ ਆਪਣੇ ਪੂਰਵਜਾ ਦਾ ਸਤਿਕਾਰ ਕੀਤਾ ਜਾਦਾ ਹੈ ਅਤੇ ਮਾਪਿਆਂ ਨੂੰ ਰੱਬ ਦਾ ਦਰਜਾ ਦਿੱਤਾ ਜਾਦਾ ਹੈ। ਹਰ ਮਾਂ ਬਾਪ ਆਪਣੇ ਬੱਚਿਆਂ ਨੂੰ ਜਿੰਦਗੀ 'ਚ ਸਫਲ ਇਨਸਾਨ ਬਣਾਉਣ ਲਈ ਆਪਾ ਕੁਰਬਾਨ ਕਰਨ ਤੋ ਵੀ ਗੁਰੇਜ ਨਹੀ ਕਰਦੇ ਮਾਂ ਦੀ ਕੁਰਬਾਨੀ ਦੇ ਸੋਹਲੇ ਤਾ ਸਾਰੇ ਗਾਉਦੇ ਹਨ, ਪਰ ਪਿਤਾ ਦੇ ਯੋਗਦਾਨ ਨੂੰ ਅਕਸਰ ਅਣਗੋਲਿਆ ਕੀਤਾ ਜਾਦਾ ਹੈ। ਜਾਂਦੀ ਉਮਰੇ ਮਾਪਿਆ ਦੀ ਸਾਂਭ-ਸੰਭਾਲ ਦੀ ਜਿੰਮੇਵਾਰੀ ਔਲਾਦ ਦੇ ਮੋਢਿਆ ਤੇ ਹੁੰਦੀ ਹੈ। ਜਿਸ ਨੂੰ ਨਿਭਾਇਆ ਜਾਣਾ ਲਾਜਮੀ ਹੈ।ਇਹਨਾਂ ਦਿਵਸਾ ਦਾ ਮਹੱਤਵ ਹੀ ਇਹ ਹੈ ਕਿ ਮਾਪਿਆਂ ਵੱਲੋ ਮੂੰਹ ਫੇਰੀ ਬੈਠੀ ਔਲਾਦ ਨੂੰ ਉਸ ਦੇ ਕਰਤੱਵਾ ਦਾ ਗਿਆਨ ਕਰਾਇਆ ਜਾਵੇ।

ਇਹਨਾਂ ਦਿਵਸਾਂ ਦੀ ਸਾਰਥਿਕਤਾ ਇਸ ਗੱਲ ਚ ਹੈ ਕਿ ਔਲਾਦ ਆਪਣੇ ਮਾਪਿਆ ਦੀ ਦੇਣ, ਸੰਘਰਸ ਤੇ ਉਹਨਾਂ ਲਈ ਕੀਤੀਆਂ ਕੁਰਬਾਨੀਆ ਨੂੰ ਸਦਾ ਯਾਦ ਰੱਖੇ। ਉਦੋ ਦਿਲ ਚੋ ਚੀਸ ਨਿਕਲਦੀ ਹੈ ਜਦ ਲੋਕ ਕਹਿੰਦੇ ਹਨ ਸਾਡੇ ਬੁੜੇ ਨੇ ਸਾਡੇ ਲਈ ਕੀ ਕੀਤਾ। ਜਿਹਨਾਂ ਕੁ ਉਹਨਾਂ ਨੂੰ ਗਿਆਨ ਸੀ, ਸ਼ਕਤੀ ਤੇ ਸਰਮਾਇਆ ਸੀ, ਉਸ ਨਾਲ ਲਾਜਮੀ ਹੀ ਉਹਨਾਂ ਨੇ ਚੰਗੇਰਾ ਕਰਨ ਦੀ ਕੋਸ਼ਿਸ ਕੀਤੀ ਹੋਵੇਗੀ।ਕਿਸੇ ਵਿਦਵਾਨ ਨੇ ਕਿਹਾ ਹੈ ਆਪਣੀ ਜਿੰਦਗੀ 'ਚ ਦੋ ਵਿਅਕਤੀਆ ਨੂੰ ਕਦੇ ਨਾ ਭੁੱਲੋ, ਇੱਕ ਪਿਤਾ ਉਹ ਜੋ ਤੁਹਾਨੂੰ ਕਿਸੇ ਮੁਕਾਮਤੇ ਪਹੁੰਚਾਉਣ ਲਈ ਆਪਣਾ ਸਭ ਕੁਝ ਨਿਸਾਵਰ ਕਰਨ ਨੂੰ ਤਿਆਰ ਰਹਿੰਦਾ ਹੈ। ਦੂਜਾ ਉਹ (ਮਾਤਾ) ਜੋ ਹਰ ਦੁੱਖ ਦਰਦ ਤੇ ਤੁਹਾਡਾ ਸਾਥ ਦਿੰਦੀ ਹੈ। ਇਸ ਲਈ ਇਹ ਬੇਹੱਦ ਜਰੂਰੀ ਹੋ ਲੋਕ ਆਪਣੀ ਜਿੰਮੇਵਾਰੀ ਸਮਝਣ ਤੇ ਮਾਪਿਆ ਨੂੰ ਬਣਦਾ ਮਾਣ ਸਨਮਾਣ ਦੇਣ ਦੀ ਕੋਸ਼ਿਸ ਕਰਨ। ਮਾਪੇ ਸਦਾ ਕੋਲ ਨਹੀ ਰਹਿੰਦੇ ਉਹਨਾਂ ਦਾ ਵਿਛੋੜਾ ਹੀ ਉਹਨਾਂ ਦੀ ਅਹਿਮੀਅਤ ਦਾ ਅਹਿਸਾਸ ਕਰਾਉਦਾ ਹੈ।ਬਜੁਰਗ ਦੁਆਵਾ ਤੇ ਤਜਰਬੇ ਦੇ ਭੰਡਾਰ ਹੁੰਦੇ ਹਨ, ਇਸ ਦਾ ਲਾਹਾ ਲਿਆ ਜਾਦਾ ਹੈ। ਮੇਰੇ ਪਿਤਾ ਜੀ ਇੱਕ ਸੜਕ ਦੁਰਘਟਨਾ ਵਿੱਚ ਸਾਨੂੰ ਹਮੇਸ਼ਾ ਲਈ ਵਿਛੋੜਾ ਦੇ ਗਏ ਸਨ ।ਉਹਨਾਂ ਦੀ ਯਾਦ ਅੱਜ ਵੀ ਝਿੰਜੋੜਕੇ ਰੱਖ ਦਿੰਦੀ ਹੈ ।ਕਰਮਾਂ ਵਾਲੇ ਹਨ ਉਹ ਧੀਆਂ-ਪੁੱਤਰ ਜਿੰਨਾਂ ਦੇ ਸਿਰ ਤੇ ਮਾਂ-ਬਾਪ ਦਾ ਸਾਇਆ ਹਮੇਸ਼ਾ ਬਣਿਆ ਰਹਿੰਦਾ ਹੈ। ਮਾਂ-ਪਿਉ ਦੀ ਸੇਵਾ ਹੀ ਅਸਲ ਵਿੱਚ ਰੱਬ ਦੀ ਸੱਚੀ ਪੂਜਾ ਹੈ।

ਜਿਉਦੇ ਜੀ ਕਦੇ ਵੀ ਪਿਤਾ ਦਾ ਦੇਣ ਨਹੀ ਦਿੱਤਾ ਜਾ ਸਕਦਾ ਸਿਰਫ ਉਹਨਾਂ ਦੀ ਸੇਵਾ ਕਰਕੇ ਉਹਨਾਂ ਨੂੰ ਖੁਸ਼ ਰੱਖਿਆ ਜਾ ਸਕਦਾ ਹੈ। ਪਿਤਾ ਹਰ ਵੇਲੇ ਆਪਣੇ ਬੱਚਿਆਂ ਨੂੰ ਹਸਦੇ-ਵਸਦੇ ਵੇਖਣਾ ਚਾਹੁੰਦਾ ਹੈ। ਪਿਤਾ ਦੇ ਸਾਏ ਹੇਠ ਸਾਰਾ ਸੰਸਾਰ ਆਪਣਾ ਲਗਦਾ ਹੈ ਅਤੇ ਪਿਤਾ ਤੋ ਬਿਨ੍ਹਾਂ ਤਾਂ ਸੰਸਾਰ ਵੀ ਇੱਕ ਸੁਪਨਾ ਮਾਤਰ ਬਣ ਕੇ ਰਹਿ ਜਾਂਦ ਹੈ। ਪਿਤਾ ਦੀ ਹੋਂਦ ਨਾਲ ਹੀ ਪਰਿਵਾਰ 'ਚ ਖੁਸ਼ੀਆਂ ਰਹਿੰਦੀਆਂ ਹਨ ਅਤੇ ਪਿਤਾ ਦੀ ਹੋਂਦ ਮਾਂ ਦੀ ਬਿੰਦੀ ਅਤੇ ਸੁਹਾਗ ਦੀ ਨਿਸ਼ਾਨੀ ਹੁੰਦੀ ਹੈ। ਬੱਚਿਆਂ ਦੇ ਸੁਪਨਿਆਂ ਦੀ ਪੂਰਤੀ ਲਈ ਪਿਤਾ ਦੀ ਹੋਂਦ ਬਹੁਤ ਜਰੂਰੀ ਹੈ। ਸੋ ਅੱਜ ਦੀ ਨੌਜਵਾਨ ਪੀੜੀ ਨੂੰ ਪਿਤਾ ਦੀ ਅਹਿਮੀਅਤ ਸਮਝਣੀ ਚਾਹੀਦੀ ਹੈ ਤਾਂ ਜੋ ਉਹਨਾ ਦੇ ਸਤਿਕਾਰ ਵਿੱਚ ਕਦੇ ਵੀ ਕਮੀ ਨਾ ਆਵੇ।

ਅੱਜ ਸਮੁੱਚੇ ਵਿਸ਼ਵ ਵਿੱਚ "ਪਿਤਾ ਦਿਵਸ਼" ਮਨਾਇਆ ਜਾ ਰਿਹਾ ਹੈ। ਆਉ ਇਸ ਵਿਸੇ ਦਿਨ ਨੂੰ ਸਮਰਪਿਤ ਹੁੰਦੇ ਹੋਏ ਮਾਤਾ-ਪਿਤਾ ਦੀ ਸੇਵਾ ਦਾ ਪ੍ਰਣ ਕਰੀਏ ਤੇ ਆਪਣੇ ਜੀਵਨ ਨੂੰ ਸਵਰਗ ਮਈ ਬਣਾਇਏ।

# ਪੰਜਾਬ ਸਰਕਾਰ ਨੇ ਖੁੱਲ੍ਹੇ ਬੋਰਵੈੱਲਾਂ ਬਾਰੇ 24 ਘੰਟਿਆਂ ਅੰਦਰ ਰਿਪੋਰਟ ਮੰਗੀ

**ਸੰਗਰੂਰ-** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸੂਬੇ ਦੇ ਸਮੂਹ ਜ਼ਿਲ੍ਹਿਆਂ ਦੇ ਡਿਪਟੀ ਕਮਿਸ਼ਨਰਾਂ ਕੋਲੋਂ ਖੁੱਲ੍ਹੇ ਬੋਰਵੈੱਲਾਂ ਬਾਰੇ 24 ਘੰਟਿਆਂ ਦੇ ਅੰਦਰ ਅੰਦਰ ਰਿਪੋਰਟ ਮੰਗੀ ਹੈ। ਸੂਬਾ ਸਰਕਾਰ ਨੇ ਆਮ ਲੋਕਾਂ ਦੀ ਸਹੂਲਤ ਲਈ ਹੈਲਪਲਾਈਨ ਨੰਬਰ ਵੀ ਜਾਰੀ ਕਰ ਦਿੱਤਾ ਹੈ।

ਇਹ ਜਾਣਕਾਰੀ ਦਿੰਦਿਆਂ ਕੈਬਨਿਟ ਮੰਤਰੀ ਵਿਜੈਇੰਦਰ ਸਿੰਗਲਾ ਨੇ ਦੱਸਿਆ ਕਿ ਮੁੱਖ ਮੰਤਰੀ ਨੇ ਰਾਜ ਦੇ ਸਮੂਹ ਜ਼ਿਲ੍ਹਿਆਂ ਦੇ ਡਿਪਟੀ ਕਮਿਸ਼ਨਰਾਂ ਨੂੰ ਹਦਾਇਤ ਜਾਰੀ ਕੀਤੀ ਹੈ ਕਿ ਕਿਸੇ ਵੀ ਥਾਂ 'ਤੇ ਅਜਿਹਾ ਖੁੱਲ੍ਹਾ ਬੋਰਵੈੱਲ ਨਾ ਹੋਵੇ, ਜਿਸ ਨਾਲ ਭਵਿੱਖ ਵਿਚ ਕੋਈ ਦੁਖਾਂਤਕ ਘਟਨਾ ਵਾਪਰੇ। ਮੁੱਖ ਮੰਤਰੀ ਨੇ ਇਸ ਸਬੰਧੀ ਡਿਪਟੀ ਕਮਿਸ਼ਨਰਾਂ ਕੋਲੋਂ 24 ਘੰਟਿਆਂ ਅੰਦਰ ਰਿਪੋਰਟ ਮੰਗੀ ਹੈ। ਇਸ ਤੋਂ ਇਲਾਵਾ ਸਰਕਾਰ ਨੇ ਆਮ ਲੋਕਾਂ ਦੀ ਸਹੂਲਤ ਲਈ ਹੈਲਪਲਾਈਨ ਨੰਬਰ 0172-2740397 ਵੀ ਜਾਰੀ ਕੀਤਾ ਹੈ, ਜਿੱਥੇ ਕੋਈ ਵੀ ਵਿਅਕਤੀ ਆਪਣੇ ਖੇਤਰ ਨਾਲ ਸਬੰਧਿਤ ਕਿਸੇ ਵੀ ਖੁੱਲ੍ਹੇ ਬੋਰਵੈੱਲ ਬਾਰੇ ਸੂਚਨਾ ਦੇ ਸਕਦਾ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਫ਼ਤਹਿਵੀਰ ਸਿੰਘ ਦੇ ਬਚਾਅ ਕਾਰਜਾਂ ਸਬੰਧੀ ਲਗਾਤਾਰ ਜਾਇਜ਼ਾ ਲਿਆ ਜਾ ਰਿਹਾ ਹੈ ਅਤੇ ਜਿਵੇਂ ਹੀ ਬਚਾਅ ਦਲਾਂ ਵੱਲੋਂ ਬੱਚੇ ਨੂੰ ਬੋਰਵੈੱਲ ਵਿੱਚੋਂ ਸੁਰੱਖਿਅਤ ਕੱਢ ਲਿਆ



ਜਾਵੇਗਾ, ਉਸ ਨੂੰ ਹਰ ਕਿਸਮ ਦੀ ਸਹੂਲਤ ਮੁਹੱਈਆ ਕਰਵਾਉਂਦਿਆਂ ਇਲਾਜ ਲਈ ਉਚਿਤ ਪ੍ਰਬੰਧ ਯਕੀਨੀ ਬਣਾਏ ਜਾਣਗੇ। ਉਨ੍ਹਾਂ ਕਿਹਾ ਕਿ ਜੇ ਬੱਚੇ ਨੂੰ ਪੀਜੀਆਈ ਲਿਜਾਣ ਦੀ ਲੋੜ ਪਈ ਤਾਂ ਸਰਕਾਰ ਵੱਲੋਂ ਹੈਲੀਕਾਪਟਰ ਦਾ ਵੀ ਪ੍ਰਬੰਧ ਕਰ ਦਿੱਤਾ ਗਿਆ ਹੈ, ਜੋ ਪਿੰਡ ਭਗਵਾਨਪੁਰਾ ਵਿਚ ਪੁੱਜ ਗਿਆ ਹੈ। ਉਨ੍ਹਾਂ ਕਿਹਾ ਕਿ ਇਸ ਦੁੱਖ ਦੀ ਘੜੀ ਵਿਚ ਪੰਜਾਬ ਸਰਕਾਰ ਪਰਿਵਾਰ ਨੂੰ ਹਰ ਤਰੀਕੇ ਦੀ ਮੱਦਦ ਮੁਹੱਈਆ ਕਰਵਾਉਣ ਵਿਚ ਜੁਟੀ ਹੋਈ ਹੈ।

ਡਿਪਟੀ ਕਮਿਸ਼ਨਰ ਘਨਸ਼ਿਆਮ ਥੋਰੀ ਨੇ ਕਿਹਾ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਹੇਠ ਸਮੁੱਚੇ ਬਚਾਅ ਕਾਰਜ ਨੇਪਰੇ ਚੜ੍ਹਾਉਣ ਵਿਚ ਸਮੂਹ ਅਧਿਕਾਰੀਆਂ ਤੇ ਸਮਾਜ ਸੇਵਕਾਂ ਵੱਲੋਂ ਰਲ ਕੇ ਕੰਮ ਕੀਤਾ ਜਾ ਰਿਹਾ ਹੈ ਅਤੇ ਡਾਕਟਰਾਂ 'ਤੇ ਆਧਾਰਿਤ ਟੀਮਾਂ ਵੀ ਤਿਆਰ ਹਨ। ਉਨ੍ਹਾਂ ਕਿਹਾ ਕਿ ਭਾਵੇਂ ਬਚਾਅ ਕਾਰਜਾਂ ਦੌਰਾਨ ਸਮੂਹ ਟੀਮਾਂ ਨੂੰ ਕਈ ਕਿਸਮਾਂ ਦੀਆਂ ਸਮੱਸਿਆਵਾਂ ਤੇ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਪਰ ਬੱਚੇ ਨੂੰ ਬਾਹਰ ਕੱਢਣ ਦੀ ਪ੍ਰਕਿਰਿਆ ਦੌਰਾਨ ਹਰ ਤਰ੍ਹਾਂ ਦੀ ਸਾਵਧਾਨੀ ਵਰਤਣਾ ਜ਼ਰੂਰੀ ਹੈ ਤਾਂ ਜੋ ਜ਼ਮੀਨ ਹੇਠਲੇ ਅੰਦਰੂਨੀ ਹਿੱਸੇ ਵਿਚ ਕਿਸੇ ਕਿਸਮ ਦੀ ਅਣਸੁਖਾਵੀਂ ਘਟਨਾ ਨਾ ਵਾਪਰੇ।

# ਪਹਿਲੀ ਪਾਤਸ਼ਾਹੀ ਗੁਰਦੁਆਰਾ ਸ੍ਰੀ ਥੇਹ ਸਾਹਿਬ, (ਈਸਰਹੇਲ), ਫਤਹਿਗੜ੍ਹ ਸਾਹਿਬ

ਸ਼ਹੀਦਾਂ ਦੀ ਧਰਤੀ ਫਤਹਿਗੜ੍ਹ ਸਾਹਿਬ ਦੇ ਜਿਲ੍ਹਾ ਮੁਕਾਮ ਤੋਂ ਚੰਡੀਗੜ੍ਹ ਸੜਕ ਤੇ ਕਰੀਬ 10 ਕਿ.ਮੀ. ਦੀ ਦੂਰੀ ਤੇ ਮੁਕਾਰੋਂਪੁਰ ਪਿੰਡ ਦੇ ਅੱਡੇ ਤੋਂ ਸੱਜੇ ਪਾਸੇ ਉੱਚੀ ਜਗ੍ਹਾ ਤੇ ਗੁਰਦੁਆਰਾ ਸਾਹਿਬ ਦੀ ਸੁੰਦਰ ਇਮਾਰਤ ਨਜ਼ਰੀਂ ਪੈਂਦੀ ਹੈ।ਇਹ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਪਵਿੱਤਰ ਚਰਨ ਛੋਹ ਪ੍ਰਾਪਤ ਧਰਤੀ ਹੈ।ਇਸ ਸਥਾਨ 'ਤੇ ਸੁੰਦਰ ਅਤੇ ਰਮਣੀਕ ਪਹਿਲੀ ਪਾਤਸ਼ਾਹੀ ਗੁਰਦੁਆਰਾ ਸ੍ਰੀ ਥੇਹ ਸਾਹਿਬ ਸੁਸ਼ੋਭਿਤ ਹੈ ਅਤੇ ਉੱਚਾ ਝੂਲਦਾ ਕੇਸਰੀ ਨਿਸ਼ਾਨ ਸਾਹਿਬ ਸਾਡੇ ਮਾਣਮੱਤੇ ਇਤਿਹਾਸ ਅਤੇ ਵਿਲੱਖਣਤਾ ਦੀ ਹਾਮੀ ਭਰਦਾ ਹੈ। ਗੁਰੂ ਸਾਹਿਬਾਨਾਂ ਨੇ ਜਿਸ ਥਾਂ ਆਪਣੇ ਪਵਿੱਤਰ ਚਰਨ ਪਾਏ
" ਜਿਥੇ ਬਾਬਾ ਪੈਰੁ ਧਰੇ
ਪੂਜਾ ਆਸਣ ਥਾਪਣ ਹੋਆ।।"
ਅਨੁਸਾਰ ਧੰਨ ਹੋ ਗਈਆਂ।ਇਤਿਹਾਸ ਅਨੁਸਾਰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਗਤ ਜਲੰਦਾ ਨੂੰ ਤਾਰਨ, ਸਮਾਜਿਕ ਕੁਰੀਤੀਆਂ, ਝੂਠੇ ਆਡੰਬਰਾਂ, ਅੰਧਵਿਸ਼ਵਾਸਾਂ ਆਦਿ ਦਾ ਭਾਂਡਾ ਭੰਨਣ, ਦੀਨ ਦੁਨੀਆਂ ਨੂੰ ਸੱਚਾਈ ਅਤੇ ਵਿਗਿਆਨਕ ਦ੍ਰਿਸ਼ਟੀਕੋਣ ਅਪਣਾਉਣ ਅਤੇ ਸੱਚ ਦਾ ਪਾਠ ਪੜ੍ਹਾਉਣ ਲਈ ਚਾਰ ਉਦਾਸੀਆਂ ਭਾਵ ਯਾਤਰਾਵਾਂ ਕੀਤੀਆਂ। ਗੁਰੂ ਜੀ ਭਾਦਰੋਂ ਸੰਮਤ 1564-1572 ਨੂੰ ਜਦੋਂ ਪਹਿਲੀ ਉਦਾਸੀ 'ਤੇ ਗਏ ਸਨ ਤਾਂ ਸੁਲਤਾਨਪੁਰ ਲੋਧੀ ਤੋਂ ਹਰਿਦੁਆਰ ਜਾਂਦੇ ਸਮੇਂ ਮੁਕਾਰੋਂਪੁਰ ਤੋਂ ਈਸਰਹੇਲ ਸੜਕ ਤੇ ਸਥਿਤ ਇੱਕ ਕਰੀਰ ਦੇ ਦਰੱਖਤ ਹੇਠ ਇਸ ਧਰਤੀ ਨੂੰ ਗੁਰੂ ਜੀ ਦੇ ਪਵਿੱਤਰ ਚਰਨ ਛੂਹੇ ਸਨ।

ਇਸ ਸਥਾਨ ਬਾਰੇ ਸਹੀ ਦਿਨ ਅਤੇ ਸਾਲ ਸੰਬੰਧੀ ਇਤਿਹਾਸਕਾਰ ਖੋਜਾਂ ਚ ਰੁੱਝੇ ਹੋਏ ਹਨ।ਪਰ ਇਹ ਸਥਾਨ ਗੁਰੂ ਸਾਹਿਬ ਦੀ 550ਵੀਂ ਜਨਮ ਸਤਾਬਦੀ ਦੀ ਰੋਸ਼ਨੀ 'ਚ ਗੁਰੂ ਦੀ ਚਰਨ ਛੋਹ ਪ੍ਰਾਪਤ ਸਥਾਨ ਵਾਲੇ ਪੰਜਾਬ 41 ਪਿੰਡਾਂ 'ਚ ਪੰਜਾਬ ਸਰਕਾਰ ਵੱਲੋਂ ਵਿਕਾਸ ਕਰਨ ਕਰਕੇ ਉੱਭਰ ਕੇ ਸਾਹਮਣੇ ਆਇਆ ਹੈ।

ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਜਦੋਂ ਹਿੰਦੂ ਧਰਮ ਰੱਖਿਆ ਲਈ ਅਤੇ ਧਰਮ ਪ੍ਰਚਾਰ ਕਰਦੇ ਸ਼ਹਾਦਤ ਦੇਣ ਲਈ ਦਿੱਲੀ ਜਾਣ ਸਮੇਂ ਹਾੜ ਸੂਦੀ 1732 ਸੰਮਤ ਨੂੰ ਇੱਥੇ ਮੁਕਾਰੋਂਪੁਰ ਪਿੰਡ ਚ ਛੱਪੜੀ ਕੰਢੇ ਬੇਰੀ ਦੇ ਦਰੱਖਤ ਥੱਲੇ ਆਸਣ 'ਤੇ ਬਿਰਾਜਮਾਨ ਸਨ, ਪਿੰਡ ਦੀ ਮਾਈ ਮਾੜੀ ਆਪਣੇ ਪਤੀ ਰੂਪ ਚੰਦ ਲਈ ਭੋਜਨ ਲੈਕੇ ਜਾ ਰਹੀ ਸੀ ਤਾਂ ਤੇਜਸਵੀ, ਪਰਉਪਕਾਰੀ, ਸ਼ਾਂਤੀ ਦੇ ਪੁੰਜ ਗੁਰੂ ਦੇ ਦਰਸ਼ਨਾਂ ਨਾਲ ਨਿਹਾਲ ਹੋ ਗਈ।ਪਤੀ ਰੂਪ ਚੰਦ ਨੂੰ ਨਾਲ ਲੈਕੇ ਗੁਰੂ ਜੀ ਦੇ ਚਰਨਾਂ 'ਚ ਆਪਾ ਨਿਸ਼ਾਵਰ ਕਰ ਮੱਥਾ ਟੇਕਿਆ ਅਤੇ ਗੁਰੂ ਜੀ ਲਈ ਪਿਆਰ, ਸਤਿਕਾਰ ਨਾਲ ਨਿੱਜ ਹੱਥੀਂ ਤਿਆਰ ਕੀਤਾ ਭੋਜਨ ਗੁਰੂ ਜੀ ਨੂੰ ਛਕਾਇਆ।ਭੋਜਨ ਛਕਕੇ ਜਾਣੀ ਜਾਣ ਪ੍ਰਸੰਨ ਚਿੱਤ ਗੁਰੂ ਜੀ ਨੇ ਮਾਈ ਮਾੜੀ ਅਤੇ ਹਰੀ ਚੰਦ ਨੂੰ ਮੰਨਤ ਮੰਗਣ ਦਾ ਬਚਨ




ਕੀਤਾ ਤਾਂ ਮਾਈ ਮਾੜੀ ਨੇ ਨਿਮਰਤਾ ਸਹਿਤ ਹੱਥ ਜੋੜ ਬੇਨਤੀ ਕੀਤੀ, "ਗੁਰੂ ਜੀ ਮੇਰੀ ਉਮਰ ਪੰਜਤਾਲੀ ਤੋਂ ਉੱਪਰ ਅਤੇ ਮੇਰੇ ਪਤੀ ਦੀ ਇਸ ਤੋਂ ਵੀ ਜਿਆਦਾ ਹੈ, ਔਲਾਦ ਦੀ ਇੱਛਾ ਹੈ, ਅਗਰ ਆਪਜੀ ਦੀ ਸਵੱਲੀ ਮੇਹਰ ਹੋ ਜਾਵੇ।" ਗੁਰੂ ਜੀ ਨੇ ਨਿਮਰਤਾ ਸਹਿਤ ਬਚਨ ਕੀਤਾ," ਛੱਪੜ ਕੰਢੇ ਸਾਡੇ ਬਡੇ ਹਰਿ ਜੀ ਗੋਬਿੰਦ ਸਾਹਿਬ ਆ ਬਰਾਜੇ ਥੇ, ਇਸੇ ਸਥਾਨ ਤੇ ਸਾਡੇ ਸਾਹਿਬਜਾਦੇ ਗੋਬਿੰਦ ਹਰੀ ਪਟਨੇ ਤੇ ਅਨੰਦਪੁਰ ਆਉਂਦਿਆਂ ਦੋ ਦਿਨ ਬਰਾਜ ਭਇ।" ਉਹਨਾਂ ਅੱਗੇ ਬਚਨ ਫੁਰਮਾਇਆ, "ਉਥੇ ਥੇਹ ਦੇ ਉਪਰ ਬਡੇ ਗੁਰੂ ਨਾਨਕ ਨਿਰੰਕਾਰੀ ਚਰਨ ਪਾਇ ਸਤ ਦਿਨ ਰਹੇ ਪਰ ਲੋਕੀ ਕਠੋਰ ਹੀ ਰਹੇ। ਹੁਨ ਅਰਦਾਸ ਕਰਿਓ ਗੁਰੂ ਘਰ ਤੇ ਭਰੋਸਾ ਰਖੋ ਮਨ ਬਾਂਛਤ ਫਲ ਪਾਵੇਗਾ।" ਗੁਰੂ ਜੀ ਨੇ ਉਹਨਾਂ ਆਸ਼ੀਰਵਾਦ ਦਿੱਤਾ," ਹੁਕਮ ਹੋਇਆ ਥਾਨੂ ਸਾਤ ਪੁਤ ਨਾਨਕ ਬਖਸ਼ੇ ਆਇ ਸਿਖ ਸਾਧੂ ਦੀ ਸੇਵਾ ਕਰੋ।" ਇਸ ਤਰ੍ਹਾਂ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਮੁਖਾਰਬਿੰਦ ਤੋਂ ਇਸ ਸਥਾਨ ਦੀ ਉਤਪਤੀ ਹੋਈ। ਹਰੀ ਚੰਦ ਨੇ ਇਸ ਸਥਾਨ ਦੇ ਨਾਮ 700 ਵਿੱਘੇ ਜਮੀਨ ਅਰਦਾਸ ਕਰਵਾਈ।

ਸੋ ਇਸ ਪਿੰਡ ਦੀ ਸੁਭਾਗੀ ਧਰਤੀ ਨੂੰ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ, ਛੇਵੀਂ ਪਾਤਸ਼ਾਹੀ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ, ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਅਤੇ ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਪਵਿੱਤਰ ਚਰਨ ਛੋਹ ਪ੍ਰਾਪਤ ਹੈ। ਤਿੰਨ ਗੁਰੂ ਘਰ ਪਿੰਡ ਮੁਕਾਰੋਂਪੁਰ ਚ ਬਣੇ ਹੋਏ ਹਨ ਅਤੇ ਚੌਥਾ ਪਹਿਲੀ ਪਾਤਸ਼ਾਹੀ ਗੁਰਦੁਆਰਾ ਥੇਹ ਸਾਹਿਬ ਈਸਰਹੇਲ ਪਿੰਡ ਵੱਲ ਉੱਚੀ ਥੇਹ ਤੇ ਸੁਸ਼ੋਭਿਤ ਹੈ। ਜਿਸ ਕਰੀਰ ਦੇ ਦਰੱਖਤ ਹੇਠ ਗੁਰੂ ਨਾਨਕ ਦੇਵ ਜੀ ਬਿਰਾਜਮਾਨ ਹੋਏ ਸਨ, ਉਹ ਅੱਜ ਵੀ ਹਰਿਆ ਭਰਿਆ ਮੌਜੂਦ ਹੈ।



ਇੰਜੀਨੀਅਰ ਸਤਨਾਮ ਸਿੰਘ ਮੱਟੂ
91-97797-08257

ਪਿੰਡ ਦੇ ਇੱਕ ਬਜੁਰਗ ਦੇ ਦੱਸਣ ਮੁਤਾਬਿਕ 100 ਕੁ ਸਾਲ ਪਹਿਲਾਂ ਇੱਥੇ ਥੇਹ ਦੇ ਉੱਪਰ ਗੁਰੂ ਸਾਹਿਬ ਦੀ ਯਾਦ ਚ ਬਾਬਾ ਰਾਮ ਸਿੰਘ ਜੀ ਨੇ ਨੇੜਲੇ ਪਿੰਡਾਂ ਦੇ ਸਹਿਯੋਗ ਨਾਲ ਦੋ ਕੁ ਕਮਰਿਆਂ ਦਾ ਗੁਰੂ ਘਰ ਉਸਾਰਿਆ ਸੀ। ਉੱਦੋਂ ਤੋਂ ਇੱਥੇ ਸੰਗਤਾਂ ਮੱਸਿਆ ਦੇ ਦਿਨ ਨਤਮਸਤਕ ਹੁੰਦੀਆਂ ਅਤੇ ਲੰਗਰ ਲਗਾਉਂਦੀਆਂ ਆ ਰਹੀਆਂ ਹਨ। ਸਿੱਖ ਧਰਮ ਨਾਲ ਸੰਬੰਧਿਤ ਦਿਨ, ਤਿਉਹਾਰ ਇੱਥੇ ਸ਼ਰਧਾ ਅਤੇ ਧੂਮਧਾਮ ਨਾਲ ਮਨਾਏ ਜਾਂਦੇ ਹਨ।

ਇਹ ਵੀ ਜਿਕਰਯੋਗ ਹੈ ਕਿ ਇਤਿਹਾਸ ਦੇ ਪੰਨਿਆਂ ਮੁਤਾਬਕ ਸਰਹੰਦ ਫਤਹਿ ਕਰਨ ਸਮੇਂ ਬਾਬਾ ਬੰਦਾ ਸਿੰਘ ਬਹਾਦਰ ਨੇ ਇਸ ਸਥਾਨ (ਥੇਹ) ਤੋਂ ਜ਼ਾਲਮਾਂ ਵੱਲ੍ਹ ਤੀਰਾਂ ਦੀ ਬੁਛਾੜ ਕੀਤੀ ਸੀ ਅਤੇ ਦੁਸ਼ਮਣ ਤੀਰਾਂ ਨਾਲ ਵਿੰਨ ਦਿੱਤੇ ਸੀ।ਉਸ ਅੰਦਰ ਇਸ ਸਥਾਨ 'ਤੇ ਅਥਾਹ ਸ਼ਕਤੀ ਦਾ ਤੂਫਾਨ ਖੜ੍ਹਾ ਹੋ ਗਿਆ ਸੀ।

ਕਾਰ ਸੇਵਾ ਵਾਲੇ ਬਾਬਾ ਹਰਬੰਸ ਸਿੰਘ ਜੀ ਦਿੱਲੀ ਵਾਲਿਆਂ ਨੇ ਗੁਰੂ ਸਾਹਿਬ ਦੀ ਯਾਦ ਚ ਸੁੰਦਰ ਅਤੇ ਰਣਮੀਕ ਗੁਰੂ ਘਰ ਦੀ ਇਮਾਰਤ ਉਸਾਰ ਦਿੱਤੀ ਹੈ। ਇਸ ਗੁਰੂ ਘਰ ਦੀ ਸਾਂਭ ਸੰਭਾਲ ਸੇਵਾਦਾਰ ਗੁਰਮੇਲ ਸਿੰਘ ਗ੍ਰੰਥੀ ਸਿੰਘ ਅਤੇ ਸੇਵਾਦਾਰ ਹਰਚੰਦ ਸਿੰਘ ਕਰਦੇ ਹਨ। ਇਹ ਗੁਰਦੁਆਰਾ ਥੇਹ ਸਾਹਿਬ, ਈਸਰਹੇਲ-ਮੁਕਾਰੋਂਪੁਰ ਹੁਣ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਅਧੀਨ ਹੈ। ਇੱਥੇ ਪੀਣ ਦਾ ਪਾਣੀ, ਲੰਗਰ, ਰਿਹਾਇਸ਼ ਅਤੇ ਪਖਾਨਿਆਂ ਦਾ ਸੁਚੱਜਾ ਪ੍ਰਬੰਧ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੀਂ ਪ੍ਰਕਾਸ਼ ਸਤਾਬਦੀ ਦੇ ਸੰਬੰਧ ਚ ਇੱਥੇ ਸਮਾਗਮ ਸ਼ੁਰੂ ਹੋ ਗਏ ਹਨ ਅਤੇ ਸਰਕਾਰ ਵੱਲੋਂ ਪੰਜਾਬ 'ਚ ਗੁਰੂ ਜੀ ਦੀ ਚਰਨ ਛੋਹ ਪ੍ਰਾਪਤ ਸਥਾਨਾਂ ਵਾਲੇ ਪਿੰਡਾਂ ਚ ਵਿਕਾਸ ਕਾਰਜਾਂ ਦੇ ਉਲੀਕੇ ਪ੍ਰੋਗਰਾਮ ਮੁਤਾਬਿਕ ਵਿਕਾਸ ਦੇ ਕੰਮਾਂ ਨੂੰ ਪੂਰਾ ਕਰਨ ਨੇ ਤੇਜ਼ੀ ਫੜ੍ਹ ਲਈ ਹੈ, ਜਲਦੀ ਸੰਪੂਰਨ ਹੋਣ ਦੀ ਸੰਭਾਵਨਾ ਹੈ।

# ਅਧਿਆਪਕ ਬਦਲੀਆਂ ਨਵੇਂ ਸਿੱਖਿਆ ਮੰਤਰੀ ਲਈ ਪਹਿਲੀ ਚੁਣੌਤੀ

ਪਿਛਲੇ ਸਾਲ ਸਿੱਖਿਆ ਵਿਭਾਗ ਵਲੋਂ ਬਦਲੀਆਂ ਦੀ ਨੀਤੀ ਨੂੰ ਦਰਕਿਨਾਰ ਕਰਦੇ ਹੋਏ ਸਾਰਾ ਸਾਲ ਚੁੱਪ ਚੁਪੀਤੇ ਬਦਲੀਆਂ ਕਰਨ ਦਾ ਦੌਰ ਚਲਦਾ ਰਿਹਾ। ਆਮ ਅਧਿਆਪਕਾਂ ਲਈ ਇਹ ਬਦਲੀ ਪ੍ਰਕ੍ਰਿਆ ਉਨ੍ਹਾਂ ਦੀ ਪਹੁੰਚ ਤੋਂ ਦੂਰ ਹੀ ਰਹੀ ।ਇਹ ਸਾਰਾ ਕੁਝ ਅੰਦਰੋਗਤੀ ਹੀ ਹੁੰਦਾ ਰਿਹਾ।ਚਲੋ ਕੁਝ ਲੋੜਵੰਦ ਅਧਿਆਪਕਾਂ ਦੇ ਸੁਪਨੇ ਜਿਵੇਂ ਮਰਜ਼ੀ ਪੂਰੇ ਤਾਂ ਹੋਏ ਪਰ ਹੋ ਸਕਦਾ ਬਹੁਤੇ ਲੋੜਵੰਦਾਂ ਦੇ ਸੁਪਨੇ ਅਧੂਰੇ ਰਹਿ ਗਏ ਹੋਣ। ਆਮ ਤੌਰ ਤੇ ਵਿਭਾਗ ਵਲੋਂ ਨਵੇਂ ਅਧਿਆਪਕਾਂ ਨੂੰ ਅਕਸਰ ਉਨ੍ਹਾਂ ਦੀ ਰਿਹਾਇਸ਼ ਤੋਂ ਦੂਰ ਸਟੇਸ਼ਨ ਅਲਾਟ ਕੀਤੇ ਜਾਂਦੇ ਹਨ ਭਾਵੇਂ ਕਈ ਕਿਸਮ ਦੇ ਤਰਕ ਜਿਵੇਂ ਬਾਰਡਰ ਏਰੀਆ, ਪੱਛੜੇ ਏਰੀਆ ਦੀ ਗੱਲ ਕਰਕੇ ਆਪਣੇ ਫੈਸ਼ਲੇ ਨੂੰ ਦਰੁਸ਼ਤ ਦਿਖਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਪਰ ਇਸ ਦਾ ਭਾਂਡਾ ਫੁੱਟਦਾ ਛੇਤੀ ਹੀ ਨਜ਼ਰ ਆ ਜਾਂਦਾ ਹੈ। ਸਿੱਖਿਆ ਵਿਭਾਗ ਵਿੱਚ ਪਿਛਲੀ ਸਰਕਾਰ ਨੇ ਜਾਂਦੇ ਜਾਂਦੇ ਅਧਿਆਪਕਾਂ ਦੀ ਭਰਤੀ ਪਹਿਲਾਂ ਤਾਂ ਦੂਰ ਜਿਲ੍ਹਿਆਂ ਵਿੱਚ ਕਰ ਦਿੱਤੀ ਤੇ ਵੋਟਾਂ ਤੋਂ ਪਹਿਲਾਂ ਥੋਕ 'ਚ ਉਨ੍ਹਾਂ ਅਧਿਆਪਕਾਂ ਦੀਆਂ ਬਦਲੀਆਂ ਪੜ੍ਹਾਈ ਦੇ ਦਿਨਾਂ ਵਿੱਚ ਹੀ ਕਰ ਦਿੱਤੀਆਂ। ਕੀ ਇਹ ਨੀਤੀ ਸਿੱਖਿਆ ਸੁਧਾਰ ਦੀ ਗੱਲ ਕਰਦੀ ਦਿਖਾਈ ਦਿੰਦੀ ਹੈ।ਬਦਲੀ ਕਾਰਣ ਕੋਈ ਸਕੂ.ਲ ਖਾਲੀ ਹੁੰਦਾ ਹੋਵੇ,ਕੋਈ ਸਰਪਲੱਸ ਹੋਵੇ ਇਸ ਦਾ ਸਰਕਾਰ ਤੇ ਕੋਈ ਅਸਰ ਹੀ ਨਹੀਂ। ਹਰੇਕ ਸਾਲ ਸਰਕਾਰ/ਸਿੱਖਿਆ ਮੰਤਰੀ ਬਦਲੀਆਂ ਨਵਾਂ ਸ਼ੈਸ਼ਨ ਸੂਰੂ ਹੋਣ ਤੋਂ ਪਹਿਲਾਂ ਕਰਨ ਦੀ ਗੱਲ ਕਰਦੇ ਰਹੇ ਹਨ ਪਰ ਇੰਝ ਕਦੇ ਹੋਇਆ ਨਹੀਂ। ਨਵੀਂ ਬਣੀ ਸਰਕਾਰ ਵਲੋਂ ਵੀ ਪਹਿਲੇ ਸਾਲ ਬਦਲੀਆਂ ਸਾਲ ਦੇ ਅਖੀਰ ਵਿੱਚ ਧੜਾ ਧੜ ਕਰ ਦਿੱਤੀਆਂ ਗਈਆਂ, ਬੱਚਿਆਂ ਦੀ ਪੜ੍ਹਾਈ ਦਾ ਕੋਈ ਧਿਆਨ ਨਹੀਂ ਰੱਖਿਆ ਗਿਆ। ਇਹ ਵਿਸ਼ਾ ਅਧਿਆ-ਪਕਾਂ ਵਿੱਚ ਚਰਚਾ ਦਾ ਰਿਹਾ ਅਤੇ ਅਧਿਆਪਕ ਯੂਨੀਅਨਾਂ ਨੇ ਇਸ ਦਾ ਵਿਰੋਧ ਵੀ ਕੀਤਾ। ਮੰਤਰੀ ਦੇ ਇਹੋ ਜਿਹੇ ਸਿੱਖਿਆ ਵਿਰੋਧੀ ਫੈਸ਼ਲਿਆਂ ਕਾਰਣ ਉਸ ਦਾ ਮਹਿਕਮਾ ਬਦਲਣਾ ਪਿਆ ਅਤੇ ਨਵੇਂ ਸਿੱਖਿਆ ਮੰਤਰੀ ਨੇ ਵੀ ਬਦਲੀਆਂ ਬਿਨ੍ਹਾਂ ਕਿਸੇ ਪਾਲਿਸੀ ਦੇ ਕਰਨੀਆਂ ਜਾਰੀ ਰੱਖੀਆਂ ਅਤੇ ਨਵੇਂ ਫੈਸ਼ਲੇ ਮੁਤਾਬਕ ਵਿਧਾਇਕਾਂ ਦੁਆਰਾ ਅਰਜ਼ੀਆਂ ਲੈ ਕੇ ਬਦਲੀਆਂ ਲੋਕ ਹਿੱਤ/ਪ੍ਰਬੰਧਕੀ ਹਿੱਤਾਂ ਕਰਕੇ ਕਰਨ ਦਾ ਨਵਾਂ ਰੁਝਾਣ ਪੈਦਾ ਕਰ ਦਿੱਤਾ। ਕੀ ਇੱਕੋ ਵਿਸ਼ੇ ਦੀ ਪੋਸਟ ਤੇ ਕੰਮ ਕਰਨ ਵਾਲੇ ਅਧਿਆਪਕ ਦੀ ਬਦਲੀ ਕਰਨ ਨਾਲ ਉਸ ਵਿਸ਼ੇ ਦੀ ਵਿਦਿਆਰਥੀਆਂ ਦੀ ਪੜ੍ਹਾਈ ਖਰਾਬ ਨਹੀਂ ਹੋਵੇਗੀ? ਕੀ ਪੋਸਟ ਸਮੇਤ ਬਦਲੀ ਕਰਨੀ ਸੱਚ ਮੁੱਚ ਸਿੱਖਿਆ ਸੁਧਾਰਾਂ ਦੀ ਗੱਲ ਕਰਦੀ ਹੈ? ਕੀ ਕਿਸੇ ਖਾਸ ਵਿਸ਼ੇ ਦੀ ਇੱਕੋ ਪੋਸਟ ਨੂੰ ਦੂਸਰੀ ਥਾਂ ਸਿਫਟ ਕਰਨਾ ਬੱਚਿਆਂ ਦੀ ਭਲਾਈ ਲਈ ਕੀਤਾ ਜਾਂਦਾ ਹੈ? ਕੀ ਇਹ ਲੋਕ ਹਿੱਤ ਜਾਂ ਪ੍ਰਬੰਧਕੀ ਹਿੱਤ ਹੋ ਸਕਦਾ ਹੈ। ਇਨ੍ਹਾਂ ਬਦਲੀਆਂ'ਚ ਇਸ ਤਰ੍ਹਾਂ ਵੀ ਹੁੰਦਾ ਆਇਆ ਹੈ। ਨਵ ਵਿਵਾਹਤ, ਕੁਆਰੀਆਂ, ਅਪੰਗ, ਵਿਧਵਾ, ਅਧਿਆਪਕਾਵਾਂ ਅਤੇ ਲਾਇਲਾਜ ਬਿਮਾਰੀਆਂ ਤੋਂ ਪੀੜ੍ਹਤ ਅਧਿਆਪਕਾਂ ਲਈ ਸਰਕਾਰ ਦੀ ਕੋਈ ਹਮਦਰਦੀ ਨਹੀਂ ਜਾਪਦੀ ਜਦੋਂ ਕਿ ਬਦਲੀ ਨੀਤੀ 'ਚ ਜਰੂਰ ਜ਼ਿਕਰ ਕੀਤਾ ਹੁੰਦਾ ਹੈ ਪਰ ਉਨ੍ਹਾਂ ਦੀ ਬਦ.ਲੀ ਦੀ ਥਾਂ ਹੋਰ ਹੀ ਜ਼ੋਰੂ ਬਦਲੀ ਕਰਵਾ ਜਾਂਦੇ ਹਨ। ਪਿਛਲੀ ਵਾਰ ਵੀ ਸਿੱਖਿਆ ਵਿਭਾਗ ਨੇ ਅਰਜ਼ੀਆਂ ਮੰਗਣ ਦੀ ਗੱਲ ਹੀ ਨਹੀਂ ਕੀਤੀ ਸਗੋਂ ਸਿੱਖਿਆ ਵਿਭਾਗ ਵਿੱਚ ਸਿਆਸਤ ਨੂੰ ਸਿੱਧਾ ਹੀ ਵਾੜ ਦਿੱਤਾ ਹੈ। ਸਿਫਾਰਸ਼ਾਂ ਨਾਲ ਤਾਂ ਪਹਿਲਾਂ ਵੀ ਬਦਲੀਆਂ ਹੁੰਦੀਆਂ ਆਈਆਂ ਹਨ ਪਰ ਵਿਭਾਗ ਵਲੋਂ ਅਰਜ਼ੀਆਂ ਤਾਂ ਲਈਆਂ ਜਾਂਦੀਆਂ ਸਨ। ਜਿਹੜੇ ਅਧਿਆਪਕਾਂ ਦੀ ਹਲਕਾ ਵਿਧਾਇਕ ਜਾਂ ਕਿਸੇ ਮੰਤਰੀ ਤੱਕ ਪਹੁੰਚ ਨਹੀਂ ਉਹ ਇਸ ਬਦਲੀਆਂ ਦੀ ਦੌੜ 'ਚੋਂ ਬਾਹਰ ਹੋਣ ਲਈ ਮਜਬੂਰ ਹੋ ਗਏ ਹਨ। ਕੀ ਇਹ ਸਾਡੇ ਲੋਕਤੰਤਰ ਸਰਕਾਰੀ ਸਿਸਟਮ ਤੇ ਧੱਬਾ ਤਾਂ ਨਹੀਂ ਲੱਗ ਰਿਹਾ? ਮੁਲਾਜ਼ਮਾਂ ਨੂੰ ਸਿਆਸਤ ਨਾਲ ਜੋੜਨ ਦੀ ਇਹ ਕੋਝੀ ਚਾਲ ਲੱਗਦੀ ਹੈ। ਹੁਣੇ ਹੀ ਸਿੱਖਿਆ ਸਕੱਤਰ ਵਲੋਂ ਲੋੜਵੰਦਾਂ ਦੀਆਂ ਆਪਣੇ ਪੱਧਰ ਤੇ ਕੀਤੀਆਂ ਬਦਲੀਆਂ ਨੂੰ ਸਿੱਖਿਆ ਮੰਤਰੀ ਵਲੋਂ ਰੱਦ ਕਰਨਾ ਕਿੰਨਾ ਕੁ ਲੋਕ ਹਿੱਤ ਵਿੱਚ ਹੈ ਇਹ ਸਾਰਿਆਂ ਦੇ ਸਾਹਮਣੇ ਹੈ। ਮੀਡੀਆ ਵਿੱਚ ਚਰਚਾ ਹੋਣ ਤੇ ਇਹ ਫੈਸ਼ਲਾ ਵਾਪਿਸ ਤਾਂ ਲੈ ਲਿਆ ਹੈ ਪਰ ਅਫਸਰਸ਼ਾਹੀ ਲਈ ਚੁਣੌਤੀ ਦੇ ਗਿਆ ਹੈ। ਇਹੋ ਜਿਹੇ ਸਿੱਖਿਆ ਮੰਤਰੀ ਤੋਂ ਸਿੱਖਿਆ ਸੁਧਾਰਾਂ ਦੀ ਗੱਲ ਦੀ ਆਸ ਨਹੀਂ ਰੱਖੀ ਜਾ ਸਕਦੀ। ਇਸੇ ਕਾਟੋ ਕਲੇਸ਼ ਕਰਕੇ ਇਸ ਸਿੱਖਿਆ ਮੰਤਰੀ ਦਾ ਮਹਿਕਮਾ ਵੀ ਮੁੱਖ ਮੰਤਰੀ ਨੂੰ ਬਦਲਕੇ ਇਸ ਸਰਕਾਰ ਦਾ ਤੀਸਰਾ ਨਵਾਂ ਸਿੱਖਿਆ ਮੰਤਰੀ ਸ਼੍ਰੀ ਵਿਜੈਇੰਦਰ ਸਿੰਗਲਾ ਨੂੰ ਬਣਾਉਣਾ ਪਿਆ ਹੈ। ਵੋਟਾਂ ਸਮੇਂ ਹਰੇਕ ਪਾਰਟੀ ਲੋਕਾਂ ਦੇ ਹਿੱਤਾਂ ਦੀ ਗੱਲ ਕਰਨ ਦੀ ਗੱਲ ਕਰਦੀ ਹੈ ਪਰ ਸੱਤਾ 'ਚ ਆਉਣ ਤੇ ਸਭ ਭੁੱਲ ਜਾਂਦੇ ਨੇ,ਫੇਰ ਉਹੀ ਧਰਨੇ, ਰੈਲੀਆਂ, ਮਰਨ ਵਰਤ ਆਦਿ ਤੋਂ ਬਿਨ੍ਹਾਂ ਕੁਝ ਪ੍ਰਾਪਤ ਨਹੀਂ ਹੁੰਦਾ। ਆਮ ਅਧਿਆਪਕ ਦੇ ਲਈ ਬਦਲੀ ਕਰਾਉਣਾ ਅੱਜ ਦੇ ਮਾਹੌਲ ਵਿੱਚ ਕੋਈ ਸੌਖੀ ਗੱਲ ਨਹੀਂ। ਸੋ ਨਵੇਂ ਸਿੱਖਿਆ ਮੰਤਰੀ ਲਈ ਇਹ ਚੁਣੌਤੀ ਭਰਿਆ ਮਹਿਕਮਾ ਮਿਲਣ ਤੇ ਬੜੀ ਸੂਝ ਬੂਝ ਨਾਲ ਫੈਸ਼ਲੇ ਕਰਨ ਦੀ ਲੌੜ ਹੈ। ਸੋ ਸਿੱਖਿਆ ਵਿਭਾਗ ਦੀਆਂ ਬਦਲੀਆਂ ਬਾਰੇ ਠੋਸ ਨੀਤੀ ਬਣਾਉਣੀ ਚਾਹੀਦੀ ਹੈ ਤਾਂ ਜੋ ਸਾਰਿਆ ਨੂੰ ਬਦਲੀ ਕਰਾਉਣ ਦੇ ਬਰਾਬਰ ਦੇ ਮੌਕੇ ਮਿਲ ਸਕਣ।

ਇਸ ਵਾਰ ਵੀ ਨਵਾਂ ਸ਼ੈਸ਼ਨ ਸੂਰੂ ਹੋ ਗਿਆ ਪਰ ਬਦਲੀਆਂ ਦੀ ਨੀਤੀ ਬਾਰੇ ਸਿੱਖਿਆ ਵਿਭਾਗ ਚੁੱਪ ਹੈ। ਐਤਕੀਂ ਪੰਜਾਬ ਸਰਕਾਰ ਨੇ ਆਮ ਬਦਲੀਆਂ ਦੀ ਨੀਤੀ ਤੋਂ ਸਿੱਖਿਆ ਵਿਭਾਗ ਨੂੰ ਬਾਹਰ ਰੱਖਿਆ ਹੈ। ਜੇਕਰ ਸਿੱਖਿਆ ਵਿਭਾਗ ਸੱਚਮੁੱਚ ਸੁਧਾਰਾਂ ਦੀ ਗੱਲ ਕਰਦਾ ਹੈ ਤਾਂ ਬਦਲੀਆਂ ਦੀ ਠੋਸ ਨੀਤੀ ਬਣਾ ਕੇ ਨਵੇਂ ਸ਼ੈਸ਼ਨ ਤੋਂ ਪਹਿਲਾਂ ਅਰਜ਼ੀਆਂ ਲੈ ਕੇ ਮਾਰਚ ਦੇ ਆਖਰੀ ਹਫਤੇ ਬਦਲੀਆਂ ਦੀ ਲਿਸਟ ਜਾਰੀ ਕਰਕੇ ਇੱਕ ਅਪ੍ਰੈਲ ਨੂੰ ਨਵੇਂ ਸਟੇਸ਼ਨਾਂ ਤੇ ਅਧਿਆਪਕਾਂ ਨੂੰ ਹਾਜ਼ਰ ਕਰਵਾ ਦਿੱਤਾ ਜਾਣਾ ਚਾਹੀਦਾ ਸੀ। ਸ਼ਹਿਰੀ ਸਟੇਸ਼ਨਾਂ ਲਈ ਵੀ ਸਾਰੇ ਅਧਿਆਪਕਾਂ ਲਈ ਮੌਕੇ ਇੱਕੋ ਕਸਵੱਟੀ ਤੇ ਪਰਖਦਿਆਂ ਦਿੱਤੇ ਜਾਣ। ਅਧਿਆਪਕਾਂ ਦੇ ਮਨੋਬਲ ਨੂੰ ਉੱਚਾ ਚੁੱਕਣ ਲਈ ਬਦਲੀਆਂ ਦੀ ਨੀਤੀ ਨੂੰ ਸਿਆਸੀ ਰੰਗਤ ਤੋਂ ਦੂਰ ਰੱਖ ਕੇ ਸਖਤੀ ਨਾਲ ਲਾਗੂ ਕੀਤਾ ਜਾਵੇ ਤਾਂ ਜੋ ਹਰੇਕ ਨੂੰ ਬਦਲੀ ਕਰਾਉਣ ਦਾ ਮੌਕਾ ਮਿਲ ਸਕੇ। ਪਰ ਪਹੁੰਚ ਵਾਲੇ ਅਧਿਆਪਕ ਤਾਂ ਕਈ ਕਈ ਵਾਰੀ ਬਦਲੀ ਕਰਵਾ ਕੇ ਬਿਲਕੁਲ ਨੇੜੇ ਆ ਜਾਂਦੇ ਹਨ ਕਈ ਵਿਚਾਰੇ ਸਾਰੀ ਸਰਵਿਸ ਦੌਰਾਨ ਘਰ ਨੇੜੇ ਨਹੀਂ ਆ ਸਕਦੇ। ਸਿੱਖਿਆ ਵਿਭਾਗ ਅੰਦਰ ਬਦਲੀਆਂ ਲਈ ਠੋਸ ਨੀਤੀ ਅਪਣਾਉਣ ਦੀ ਲੌੜ ਹੈ ਤਾਂ ਕਿ ਸਿੱਖਿਆ ਦੇ ਸੁਧਾਰ ਦੀ ਗੱਲ ਨੂੰ ਅਮਲੀ ਜਾਮਾ ਪਹਿਣਾਇਆ ਜਾ ਸਕੇ ਜਿਵੇਂ ਕਿ ਸੂਝਵਾਨ ਸਿੱਖਿਆ ਸਕੱਤਰ ਹੋਰ ਸਧਾਰਾਂ ਦੀ ਅਕਸਰ ਗੱਲ ਕਰਦੇ ਰਹਿੰਦੇ ਹਨ, ਇਸੇ ਤਰ੍ਹਾਂ ਨਵੇਂ ਸਿੱਖਿਆ ਮੰਤਰੀ ਤੋਂ ਵੀ ਇਹੀ ਆਸ ਹੈ।



ਮੇਜਰ ਸਿੰਘ ਨਾਭਾ
91-94635-53962

# ਜਲੰਧਰ

ਮੈਂ ਜਦੋਂ ਜਲੰਧਰ ਪੜ੍ਹਦੀ ਸੀ ਨਿੱਤ ਵਾਰ ਵਾਰ ਮੈਂ ਕਹਿਣਾ
ਆਈ ਲਿਟ ਕਰਕੇ ਕੀ ਕਰਨਾ ਜਾ ਕੇ ਵਿਚ ਪ੍ਰਦੇਸਾਂ ਰਹਿਣਾ
ਹੁਣ ਪਹੁੰਚ ਗਈ ਮੈਂ ਤਾਂ ਵਿਚ ਕੈਨੇਡਾ ਦੇਵਾਂ ਕਿੱਥੋਂ ਕਿਰਾਇਆ
ਮੈਂ ਥੋਨੂੰ ਦੱਸਾਂ ਨੀ ਕੁੜੀਓ ਮੈਨੂੰ ਯਾਦ ਜਲੰਧਰ ਆਇਆ

ਕਿਵੇਂ ਜਾਨ ਸੂਲੀ ਤੇ ਟੰਗੀ ਮਾਪਿਆਂ ਅਸਾਂ ਲੁਆਏ ਵੀਜ਼ੇ
ਇੱਥੇ ਰੋਟੀ ਟੁੱਕ ਪਕਾਉਣਾ ਕੀਹਨੇ ਖਾਣੇ ਬਰਗਰ ਪੀਜ਼ੇ
ਫੀਸ ਭਰਨ ਦਾ ਫਿਕਰ ਪਿਆ ਮੇਰਾ ਅੱਧਾ ਖੂਨ ਸੁਕਾਇਆ
ਮੈਂ ਥੋਨੂੰ ਦੱਸਾਂ ਨੀ ਕੁੜੀਓ ਮੈਨੂੰ ....

ਚਾਅ ਚੜ੍ਹਿਆ ਪ੍ਰਦੇਸ ਜਾਣ ਦਾ ਸੂਟ ਸੁਆ ਲਏ ਮਹਿੰਗੇ
ਪੈਂਟ ਕਮੀਜ਼ਾਂ ਪਾਉਣੀਆਂ ਪੈਂਦੀਆਂ ਕੀ ਕਰਨੇ ਸੀ ਲਹਿੰਗੇ
ਅੱਗ ਲਾ ਦਿਆਂ ਲਹਿੰਗਿਆਂ ਨੂੰ ਮੈਨੂੰ ਬਿਲਾਂ ਬੜਾ ਸਤਾਇਆ
ਮੈਂ ਥੋਨੂੰ ਦੱਸਾਂ ਨੀ ਕੁੜੀਓ ਮੈਨੂੰ ....



ਹੱਥਕੰਡੇ ਕਈਆਂ ਵਰਤੇ ਤੇ ਫਿਰ ਦੱਬ ਕੇ ਮਾਰੀ ਠੱਗੀ
ਵਿਆਹ ਦਾ ਝਾਂਸਾ ਦੇ ਕੇ ਤੇ ਉਹਨਾਂ ਕਸਰ ਕੋਈ ਨਾ ਛੱਡੀ
ਜਾਣ-ਬੁੱਝ ਕੇ ਪਤਾ ਹੁੰਦਿਆਂ ਸਭ ਨੂੰ ਬੁੱਧੂ ਬਣਾਇਆ
ਮੈਂ ਥੋਨੂੰ ਦੱਸਾਂ ਨੀ ਕੁੜੀਓ ਮੈਨੂੰ ....

ਹਾਲ-ਚਾਲ ਮੇਰਾ ਪੁੱਛਦਾ ਰਹਿੰਦਾ ਗੀਤ ਉਹਦੇ ਮੈਂ ਪੜ੍ਹਦੀ
ਹੁਣ ਲਿਖ ਨਾ ਦੇਵੇ ਗੀਤ ਮੇਰੇ ਤੇ ਜਿਹੜੀ ਗੱਲੋਂ ਡਰਦੀ
'ਦੇਵ ਘੋਲੀਏ' ਵਾਲੇ ਮੈਂ ਤਾਂ ਹਾਰ ਕੇ ਫੋਨ ਮਿਲਾਇਆ
ਮੈਂ ਥੋਨੂੰ ਦੱਸਾਂ ਨੀ ਕੁੜੀਓ ਮੈਨੂੰ ਯਾਦ ਜਲੰਧਰ ਆਇਆ।

**- ਦੇਵ ਘੋਲੀਆ ਖੁਰਦ (ਫਰਿਜ਼ਨੋ)**
559-232-7764

## ਕਾਵਿ ਵਿਅੰਗ

ਦਾਅਵੇ ਕਰਨ ਪੁਲਾੜ ਵਿਚ ਪਹੁੰਚਣੇ ਦੇ
ਖੁੱਲ੍ਹ ਗਈ 'ਤਰੱਕੀ' ਦੀ ਪੋਲ ਯਾਰੋ।

ਹਾਲਤ ਦੇਖ ਕੇ 'ਅੰਦਰਲੀ' ਰੋਣ ਆਵੇ
ਵੱਜੇ 'ਬਾਹਰ' ਅਮੀਰੀ ਦਾ ਢੋਲ ਯਾਰੋ।

ਕਰਿਆ ਥੋਰ ਨਹੀਂ ਮੌਤ ਦਾ ਖੂਹ ਜਾਣੋ
ਜਿਸ ਵਿਚ ਜਾ ਪਿਆ ਬਾਲ ਅਣਭੋਲ ਯਾਰੋ।

ਕਰਿਆ ਬੋਰ ਨਹੀਂ ਮੌਤ ਦਾ ਖੂਹ ਜਾਣੋ
ਜਿਸ ਵਿਚ ਜਾ ਪਿਆ ਬਾਲ ਅਣਭੋਲ ਯਾਰੋ।

# ਫਤਿਹ ਦੀ ਆਖਰੀ ਫਤਹਿ



ਅੰਨ੍ਹੇ ਹਾਕਮ, ਪ੍ਰਸ਼ਾਸਨ ਤੇ ਮਾਪਿਆਂ ਦੇ
ਧਾਹਾਂ ਮਾਰੀਏ ਕਿਹਦੇ ਜਾ ਕੋਲ ਯਾਰੋ।

ਹਵਾ ਪਾਣੀ ਤੇ ਖਾਣ ਲਈ ਤੜਫਦਾ ਉਹ
ਲੱਖਾਂ ਲੋਕਾਂ ਦੇ ਤਾਈਂ ਰੁਲਾ ਗਿਆ ਏ।

ਫਤਿਹਬੀਰ ਸਿੰਘ ਡਿੱਗ ਪਤਾਲ ਅੰਦਰ
ਸਭ ਨੂੰ ਆਖਰੀ ਫਤਿਹ ਬੁਲਾ ਗਿਆ ਏ!

**-ਤਰਲੋਚਨ ਸਿੰਘ ਦੁਪਾਲਪੁਰ**
001-408-915-2018

# ਡਗਮਗਾ ਰਹੀ ਭਾਰਤੀ ਅਰਥਵਿਵਸਥਾ ਨੂੰ ਕਿਵੇਂ ਸੰਭਾਲਿਆ ਜਾਵੇ




ਡਾ. ਗਿਆਨ ਸਿੰਘ
ਸਾਬਕਾ ਪ੍ਰੋਫ਼ੈਸਰ, ਅਰਥ-ਵਿਗਿਆਨ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ
91-99156-82196


ਕੇਂਦਰ ਵਿਚ ਨਵੀਂ ਸਰਕਾਰ ਬਣਨ ਦੇ ਦੂਜੇ ਦਿਨ ਹੀ ਭਾਰਤੀ ਅਰ-ਥਵਿਵਸਥਾ ਦੇ ਡਗਮਗਾਉਣ ਸੰਬੰਧੀ ਦੋ ਖ਼ਬਰਾਂ ਆਈਆਂ ਹਨ। ਪਹਿਲੀ ਖ਼ਬਰ ਅਨੁਸਾਰ ਮੁਲਕ ਵਿਚ ਬੇਰੁਜ਼ਗਾਰੀ ਦੀ ਦਰ 45 ਸਾਲਾਂ ਵਿਚ ਸਭ ਤੋਂ ਵੱਧ ਅਤੇ ਦੂਜੀ ਖ਼ਬਰ ਅਨੁਸਾਰ ਵਿੱਤੀ ਸਾਲ 2018-19 ਦੀ ਚੌਥੀ ਤਿਮਾਹੀ ਦੌਰਾਨ ਆਰਥਿਕ ਵਿਕਾਸ ਦੀ ਦਰ 5.8 ਫ਼ੀਸਦ ਰਹਿ ਗਈ ਹੈ।

ਕਿਸੇ ਵੀ ਮੁਲਕ ਖ਼ਾਸ ਕਰਕੇ ਤੀਜੀ ਦੁਨੀਆਂ ਦੇ ਮੁਲਕਾਂ ਵਿਚ ਕੰਮ ਕਰਨ ਦੇ ਯੋਗ ਕਾਮਿਆਂ ਲਈ ਸਿਰਫ਼ ਰੁਜ਼ਗਾਰ ਹੀ ਨਹੀਂ ਸਗੋਂ ਮਿਆਰੀ ਰੁਜ਼ਗਾਰ ਬਹੁਤ ਮਹੱਤਵਪੂਰਨ ਹੁੰਦਾ ਹੈ। ਤੀਜੀ ਦੁਨੀਆਂ ਦੇ ਮੁਲਕਾਂ ਵਿਚ ਆਮ ਲੋਕਾਂ ਲਈ ਸਮਾਜਿਕ ਸੁਰੱਖਿਆ ਦੇ ਬੇਹੱਦ ਨੀਵੇਂ ਪੱਧਰ ਦੇ ਹੋਣ ਕਾਰਨ ਕਾਮਿਆਂ ਲਈ ਸਾਰਾ ਸਾਲ ਮਿਆਰੀ ਰੁਜ਼ਗਾਰ, ਜਿਸ ਨਾਲ ਉਹ ਆਪਣਾ ਜੀਵਨ ਨਿਰਬਾਹ ਸਤਿਕਾਰਤ ਢੰਗ ਨਾਲ ਕਰ ਸਕਣ, ਬਹੁਤ ਜ਼ਰੂਰੀ ਹੈ। ਆਜ਼ਾਦੀ ਤੋਂ ਹੁਣ ਤੱਕ ਭਾਰਤ ਵਿਚ ਰੁਜ਼ਗਾਰ ਸੰਬੰਧੀ ਅਜਿਹੀ ਵਿਵਸਥਾ ਨਹੀਂ ਬਣਾਈ ਜਾ ਸਕੀ। ਕੇਂਦਰ ਸਰਕਾਰ ਵੱਖ ਵੱਖ ਸਮਿਆਂ ਉੱਪਰ ਬੇਰੁਜ਼ਗਾਰੀ ਸੰਬੰਧੀ ਅੰਕੜੇ ਜਾਰੀ ਕਰਦੀ ਹੈ। ਬੇਰੁਜ਼ਗਾਰੀ ਦੇ ਅੰਕੜਿਆਂ ਦੇ ਆਧਾਰ ਅਤੇ ਹੋਰ ਬਹੁਤ ਸਾਰੇ ਪੱਖਾਂ ਬਾਰੇ ਅਕਸਰ ਕਿੰਤੂ-ਪ੍ਰੰਤੂ ਹੁੰਦੇ ਰਹਿੰਦੇ ਹਨ। ਇਨ੍ਹਾਂ ਕਿੰਤੂਆਂ-ਪ੍ਰੰਤੂਆਂ ਨੂੰ ਅਣਦੇਖਿਆ ਛੱਡਦੇ ਹੋਏ, ਹੁਣ ਵਿਚ ਹੀ ਆਈ ਖ਼ਬਰ ਅਨੁਸਾਰ ਮੁਲਕ ਵਿਚ ਬੇਰੁਜ਼ਗਾਰੀ ਦੀ ਦਰ ਦਾ 45 ਸਾਲਾਂ ਵਿਚ ਸਭ ਤੋਂ ਵੱਧ ਹੋਣਾ ਵਿਚਾਰਨ ਵਾਲਾ ਤੱਥ ਹੈ।

ਮੁਲਕ ਵਿਚ ਵਧ ਰਹੀ ਬੇਰੁਜ਼ਗਾਰੀ ਦੀ ਮੂੰਹ ਬੋਲਦੀ ਤਸਵੀਰ ਭਾਰਤੀ ਅਰਥਵਿਵਸਥਾ ਦੇ ਖੇਤੀਬਾੜੀ, ਉਦਯੋਗਿਕ ਅਤੇ ਸੇਵਾਵਾਂ ਖੇਤਰਾਂ ਵਿਚ ਪਰਤੱਖ ਦਿਖਾਈ ਦਿੰਦੀ ਹੈ। ਰੋਜ਼ੀ-ਰੋਟੀ ਦੇ ਪੱਖੋਂ ਮੁਲਕ ਦੀ ਤਕਰੀਬਨ 50 ਫ਼ੀਸਦ ਸੰਖਿਆ ਖੇਤੀਬਾੜੀ ਖੇਤਰ ਉੱਪਰ ਨਿਰਭਰ ਹੈ। ਖੇਤੀਬਾੜੀ ਉਤਪਾਦਨ ਲਈ ਲਗਾਤਾਰ ਵਧਦੇ ਮਸ਼ੀਨੀਕਰਨ ਅਤੇ ਰਸਾਇਣਿਕ ਨਦੀਨਨਾਸ਼ਕਾਂ ਦੀ ਵਰਤੋਂ ਖੇਤੀਬਾੜੀ ਖੇਤਰ ਵਿਚ ਰੁਜ਼ਗਾਰ ਦੇ ਮੌਕੇ ਘਟਾ ਰਹੇ ਹਨ। ਕਾਫ਼ੀ ਲੰਬੇ ਸਮੇਂ ਦੌਰਾਨ ਮੁਲਕ ਵਿਚ ਕਿਸਾਨਾਂ ਦੀ ਗਿਣਤੀ ਘਟ ਰਹੀ ਸੀ, ਪਰ ਖੇਤ ਮਜ਼ਦੂਰਾਂ ਦੀ ਗਿਣਤੀ ਵਿਚ ਵਾਧਾ ਹੋ ਰਿਹਾ ਸੀ। ਹੁਣ ਉਪਰੋਕਤ ਦੋ ਕਾਰਨਾਂ ਕਰਕੇ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੀ ਗਿਣਤੀ ਘਟਣ ਦੇ ਨਾਲ ਨਾਲ ਵੱਖ ਵੱਖ ਤਰ੍ਹਾਂ ਦੀ ਬੇਰੁਜ਼ਗਾਰੀ ਖੇਤੀਬਾੜੀ ਖੇਤਰ ਵਿਚ ਮਿਲਦੀ ਹੈ। ਵਰਤਮਾਨ ਸਮੇਂ ਦੌਰਾਨ ਖੇਤੀਬਾੜੀ ਖੇਤਰ ਵਿਚ ਖੁੱਲ੍ਹੀ ਬੇਰੁਜ਼ਗਾਰੀ, ਅਰਧ ਬੇਰੁਜ਼ਗਾਰੀ ਅਤੇ ਛੁਪੀ ਹੋਈ ਬੇਰੁਜ਼ਗਾਰੀ ਦੇ ਨਾਲ ਨਾਲ ਯੋਗਤਾ ਤੋਂ ਨੀਵੇਂ ਪੱਧਰ ਦਾ ਰੁਜ਼ਗਾਰ ਆਮ ਦਿਖਾਈ ਦਿੰਦਾ ਹੈ। ਰੁਜ਼ਗਾਰ ਦਾ ਮਿਆਰ ਇਤਨਾ ਨੀਵਾਂ ਹੈ ਕਿ ਨਿਮਨ ਕਿਸਾਨਾਂ, ਖੇਤ ਮਜ਼ਦੂਰਾਂ ਅਤੇ ਪੇਂਡੂ ਛੋਟੇ ਕਾਰੀਗਰਾਂ ਨੂੰ ਪ੍ਰਾਪਤ ਆਮਦਨ ਨਾਲ ਸਿਰਫ਼ ਦੋ ਡੰਗਾਂ ਦੀ ਰੋਟੀ ਲਈ ਚੁੱਲ੍ਹਾ ਬਲਦਾ ਰੱਖਣ ਲਈ ਵੀ ਉਧਾਰ ਲੈਣਾ ਪੈ ਰਿਹਾ ਹੈ ਜਿਸਨੂੰ ਸਮੇਂ ਸਿਰ ਨਾ ਮੋੜੇ ਜਾਣ ਕਾਰਨ ਉਹ ਕਰਜ਼ੇ ਦਾ ਰੂਪ ਅਖ਼ਤਿਆਰ ਕਰ ਲੈਂਦਾ ਹੈ।

ਵੱਡੇ ਉਦਯੋਗਾਂ ਨੂੰ ਹਰ ਤਰ੍ਹਾਂ ਦੀ ਸਹਾਇਤਾ ਦਿੱਤੀ ਜਾ ਰਹੀ ਹੈ ਅਤੇ ਸੂਖਮ, ਲਘੂ ਅਤੇ ਛੋਟੇ ਉਦਯੋਗਾਂ ਨੂੰ ਪਿੱਛੇ ਧੱਕਿਆ ਜਾ ਰਿਹਾ ਹੈ। ਵੱਡੇ ਉਦਯੋਗ ਮਸ਼ੀਨਾਂ, ਸਵੈ-ਚਾਲਤ ਮਸ਼ੀਨਾਂ ਅਤੇ ਮਸਨੂਈ ਬੋਧਿਕਤਾ ਦੀ ਵਰਤੋਂ ਕਰਦੇ ਹਨ ਜਿਹੜਾ ਇਨ੍ਹਾਂ ਉਦਯੋਗਾਂ ਵਿਚ ਰੁਜ਼ਗਾਰ ਨੂੰ ਵੱਡੀ ਪੱਧਰ ਉੱਪਰ ਘਟਾ ਰਿਹਾ ਹੈ। ਸੂਖਮ, ਲਘੂ ਅਤੇ ਛੋਟੇ ਉਦਯੋਗ ਰੁਜ਼ਗਾਰ ਦੇ ਵਧੇਰੇ ਮੌਕੇ ਪੈਦਾ ਕਰ ਸਕਦੇ ਹਨ, ਪਰ ਸਰਕਾਰ ਵੱਲੋਂ ਉਨ੍ਹਾਂ ਦੀ ਲਗਾਤਾਰ ਕੀਤੀ ਜਾ ਰਹੀ ਅਣਦੇਖੀ ਇਨ੍ਹਾਂ ਉਦਯੋਗਾਂ ਵਿਚ ਰੁਜ਼ਗਾਰ ਦੇ ਮੌਕੇ ਪੈਦਾ ਹੀ ਹੋਣ ਨਹੀਂ ਦੇ ਰਹੀ। ਸੇਵਾਵਾਂ ਦੇ ਖੇਤਰ ਵਿਚ ਰੁਜ਼ਗਾਰ ਦੇ ਕੁਝ ਮੌਕੇ ਪੈਦਾ ਹੋਏ ਹਨ, ਪਰ ਮਸਨੂਈ ਬੌਧਿਕਤਾ ਐਥੇ ਵੀ ਰੁਜ਼ਗਾਰ ਦੇ ਮੌਕਿਆਂ ਨੂੰ ਘੱਟ ਕਰ ਰਹੀ ਹੈ। ਸੇਵਾਵਾਂ ਦੇ ਖੇਤਰਾਂ ਵਿੱਚ ਜ਼ਿਆਦਾ ਰੁਜ਼ਗਾਰ ਅੰਗਰੇਜ਼ੀ ਬੋਲਣ ਅਤੇ ਕੰਪਿਊਟਰ ਸੰਬੰਧੀ ਘੱਟੋ-ਘੱਟ ਮੁਢਲੀ ਮੁਹਾਰਤ ਰੱਖਣ ਵਾਲਿਆਂ ਲਈ ਹਨ। ਇਸ ਖੇਤਰ ਵਿਚ ਅਜਿਹਾ ਵਰਤਾਰਾ ਹੋਣ ਕਰਕੇ ਖੇਤੀਬਾੜੀ ਖੇਤਰ ਵਿਚੋਂ ਦੁਰਕਾਰੇ ਅਤੇ ਉਜਾੜੇ ਗਏ ਕਿਰਤੀਆਂ ਲਈ ਸੇਵਾਵਾਂ ਦੇ ਖੇਤਰ ਵਿਚ ਰੁਜ਼ਗਾਰ ਦੇ ਮੌਕੇ ਬਿਲਕੁਲ ਵੀ ਨਹੀਂ ਹਨ। ਇਸ ਖੇਤਰ ਵਿਚ ਜ਼ਿਆਦਾ ਕਾਮਿਆਂ ਲਈ ਰੁਜ਼ਗਾਰ ਦਾ ਮਿਆਰ-ਰੁਜ਼ਗਾਰ ਦੀ ਲਗਾਤਾਰਤਾ, ਤਨਖਾਹ ਅਤੇ ਹੋਰ ਸਹੂਲਤਾਂ ਦੇ ਸੰਬੰਧ ਵਿਚ ਬਹੁਤ ਹੀ ਜਿਆਦਾ ਨੀਵਾਂ ਹੈ ਜਿਸ ਕਾਰਨ ਰੁਜ਼ਗਾਰ ਪ੍ਰਾਪਤ ਕਾਮੇ ਵੀ ਅਨੇਕਾਂ ਸਮੱਸਿਆਵਾਂ ਝੱਲਣ ਲਈ ਮਜ਼ਬੂਰ ਹਨ।

ਭਾਰਤੀ ਅਰਥਵਿਵਸਥਾ ਦੇ ਤਿੰਨਾਂ ਖੇਤਰਾਂ ਵਿਚ ਰੁਜ਼ਗਾਰ ਦੇ ਲਗਾਤਾਰ ਘਟ ਰਹੇ ਮੌਕੇ ਅਤੇ ਪ੍ਰਾਪਤ ਰੁਜ਼ਗਾਰ ਦੇ ਨੀਵੇਂ ਮਿਆਰ ਦੀ ਤਸਵੀਰ ਮੁਲਕ ਵਿਚੋਂ ਨੌਜਵਾਨਾਂ ਦੇ ਬਾਹਰਲੇ ਮੁਲਕਾਂ ਨੂੰ ਪਰਵਾਸ ਵਿਚੋਂ ਸਾਫ਼ ਦਿਖਾਈ ਦਿੰਦੀ ਹੈ। ਪਹਿਲਾਂ ਵੀ ਬਾਹਰਲੇ ਮੁਲਕਾਂ ਵਿਚੋਂ ਪਰਵਾਸੀ ਕਿਰਤੀ ਕਮਾਈ ਆਮਦਨ ਦਾ ਇਕ ਚੰਗਾ ਹਿੱਸਾ ਭਾਰਤ ਵਿਚ ਆਪਣੇ ਘਰਾਂ ਨੂੰ ਭੇਜਦੇ ਸਨ। ਹੁਣ ਅਜਿਹਾ ਆਮ ਕਰਕੇ ਘੱਟ ਪੜ੍ਹੇ ਅਤੇ ਘੱਟ ਸਿੱਖਿਅਤ ਕਾਮੇ, ਜੋ ਆਮ ਤੌਰ ਉੱਤੇ ਖਾੜੀ ਦੇ ਮੁਲਕਾਂ ਵਿਚ ਜਾਂਦੇ ਹਨ, ਹੁਣ ਮੁਲਕ ਵਿਚੋਂ ਵੱਡੇ ਪੱਧਰ ਉੱਪਰ ਪਰਵਾਸ ਪੜ੍ਹੇ-ਲਿਖੇ ਅਤੇ ਸਿੱਖਿਅਤ ਨੌਜਵਾਨਾਂ ਦਾ ਹੋ ਰਿਹਾ ਹੈ ਜਿਸ ਦੇ ਨਤੀਜੇ ਵਜੋਂ ਇਨ੍ਹਾਂ ਨੌਜਵਾਨਾਂ ਨੂੰ ਮੁਲਕ ਦੀ ਸਰਕਾਰ ਅਤੇ ਸਮਾਜ ਵਲੋਂ ਦਿੱਤੀ ਵਿੱਦਿਆ ਦਾ ਫ਼ਾਇਦਾ ਬਾਹਰਲੇ ਮੁਲਕਾਂ ਨੂੰ ਹੋ ਰਿਹਾ ਹੈ ਜਿਸਨੂੰ ਬਰੇਨ-ਡਰੇਨ ਕਹਿੰਦੇ ਹਨ। ਗੱਲ ਸਿਰਫ਼ ਐਥੇ ਹੀ ਨਹੀਂ ਮੁੱਕਦੀ, ਸਗੋਂ ਇਨ੍ਹਾਂ ਨੌਜਵਾਨਾਂ ਦੁਆਰਾ ਉੱਚ ਵਿੱਦਿਆ ਅਤੇ ਬਾਅਦ ਵਿਚ ਬਾਹਰਲੇ ਮੁਲਕਾਂ ਦੇ ਪੱਕੇ ਵਾਸ਼ਿੰਦੇ ਬਨਣ ਕਾਰਨ ਮੁਲਕ ਵਿਚੋਂ ਪੂੰਜੀ ਦਾ ਬਾਹਰਲੇ ਮੁਲਕਾਂ ਵੱਲ ਨਿਕਾਸ ਇਨ੍ਹਾਂ ਨੌਜਵਾਨਾਂ ਦੇ ਪਰਵਾਸ ਤੋਂ ਪਹਿਲਾਂ ਹੀ ਸ਼ੁਰੂ ਹੋਣ ਦੇ ਨਾਲ ਨਾਲ ਬਾਅਦ ਵਿਚ ਇਨ੍ਹਾਂ ਨੌਜਵਾਨਾਂ ਦੇ ਪਰਿਵਾਰਾਂ ਦੀ ਸੰਪਤੀ ਵਿਕਣ ਦੇ ਰੂਪ ਵਿਚ ਵੀ ਸਾਹਮਣੇ ਆ ਰਿਹਾ ਹੈ। ਇਸ ਵਰਤਾਰੇ ਨੂੰ ਕੈਪੀਟਲ-ਡਰੇਨ ਕਹਿੰਦੇ ਹਨ। ਪੰਜਾਬ ਵਿਚ ਇਕ ਸਾਲ ਦੌਰਾਨ 5 ਲੱਖ ਦੇ ਕਰੀਬ ਨੌਜਵਾਨ ਆਈਲੈਟਸ ਦੀ ਪ੍ਰਖਿਆ ਦਿੰਦੇ ਹਨ ਅਤੇ ਪਿਛਲੇ ਇਕ ਸਾਲ ਦੌਰਾਨ ਡੇਢ ਕੁ ਲੱਖ ਦੇ ਕਰੀਬ ਨੌਜਵਾਨ ਬੱਚੇ ਬਾਹਰਲੇ ਮੁਲਕਾਂ ਵਿਚ ਗਏ ਹਨ ਜਿਹੜਾ ਪਿੰਡਾਂ ਦੇ ਖੋਲ਼ੇ ਬਨਣ ਅਤੇ ਕਾਲਜਾਂ ਅਤੇ ਯੂਨੀਵਰਸਿਟੀਆਂ ਵਿਚ ਵੱਡੇ ਪੱਧਰ ਉੱਪਰ ਘਟਦੇ ਦਾਖ਼ਲਿਆਂ ਦੇ ਰੂਪ ਵਿਚ ਸਾਹਮਣੇ ਆ ਰਿਹਾ ਹੈ।

ਵਿੱਤੀ ਸਾਲ 2017-18 ਦੀ ਜਨਵਰੀ-ਮਾਰਚ ਦੀ ਤਿਮਾਹੀ ਦੌਰਾਨ ਆਰਥਿਕ ਵਿਕਾਸ ਦਰ 8.1 ਫ਼ੀਸਦ ਸੀ, ਜਦ ਕਿ ਪੂਰੇ ਵਿੱਤੀ ਸਾਲ ਦੌਰਾਨ ਆਰਥਿਕ ਵਿਕਾਸ ਦਰ 7.2 ਫ਼ੀਸਦ ਰਿਕਾਰਡ ਕੀਤੀ ਗਈ। ਜਨਵਰੀ-ਮਾਰਚ ਦੀ ਤਿਮਾਹੀ ਦੌਰਾਨ ਵਿੱਤੀ ਸਾਲ 2017-18 ਦੇ ਮੁਕਾਬਲੇ ਵਿੱਤੀ ਸਾਲ 2018-19 ਦੌਰਾਨ 2.3 ਫ਼ੀਸਦ ਦੀ ਕਮੀ ਦਰਜ ਕੀਤੀ ਗਈ। ਇਕ ਤਿਮਾਹੀ ਦੌਰਾਨ ਇਹ ਆਰਥਿਕ ਵਿਕਾਸ ਦਰ ਪਿਛਲੀਆਂ 17 ਤਿਮਾਹੀਆਂ ਵਿਚ ਸਭ ਤੋਂ ਘੱਟ ਹੈ। ਇਸ ਵਿਚ ਕੋਈ ਵੀ ਸ਼ੱਕ ਨਹੀਂ ਕਿ ਕਿਸੇ ਵੀ ਮੁਲਕ ਲਈ ਆਰਥਿਕ ਵਿਕਾਸ ਦਰ ਵਿਚ ਵਾਧਾ ਮਹੱਤਵਪੂਰਨ ਹੁੰਦੀ ਹੈ, ਪਰ ਇਸ ਸੰਬੰਧ ਵਿਚ ਇਹ ਜਾਨਣਾ ਕਿ ਆਰਥਿਕ ਵਿਕਾਸ ਦਰ ਵਿਚ ਵਾਧਾ ਕਿਵੇਂ ਅਤੇ ਇਸ ਦਾ ਫ਼ਾਇਦਾ ਕਿਹਨਾਂ ਨੂੰ ਹੋ ਰਿਹਾ ਕਿਤੇ ਵੱਧ ਮਹੱਤਵਪੂਰਨ ਹੁੰਦਾ ਹੈ। 1991 ਤੋਂ ਮੁਲਕ ਵਿਚ ਅਪਣਾਈਆਂ ਗਈਆਂ 'ਨਵੀਆਂ ਆਰਥਿਕ ਨੀਤੀਆਂ' ਵਿਚ ਆਰਥਿਕ ਵਿਕਾਸ ਦੀ ਦਰ ਵਿਚ ਵਾਧਾ ਇਕ ਖ਼ਾਸ ਥਾਂ ਰੱਖਦਾ ਹੈ। ਮੁਲਕ ਵਿਚ ਆਰਥਿਕ ਵਿਕਾਸ ਦੀ ਦਰ ਵਿਚ ਵਾਧੇ ਦਾ ਫ਼ਾਇਦਾ ਸਮਾਜ ਦੇ ਸਾਰੇ ਵਰਗਾਂ ਤੱਕ ਪਹੁੰਚਾਉਣ ਲਈ 'ਰਿਸਾਅ ਦੀ ਨੀਤੀ' ਨੂੰ ਇਸ ਦਾ ਆਧਾਰ ਦੱਸਿਆ ਗਿਆ। ਪਿਛਲੇ ਕਾਫ਼ੀ ਸਮੇਂ ਦੌਰਾਨ ਮੁਲਕ ਦੀ ਆਰਥਿਕ ਵਿਕਾਸ ਦਰ ਵਿਚ ਵਾਧਾ ਦੁਨੀਆ ਦੇ ਬਹੁਤੇ ਮੁਲਕਾਂ ਨਾਲੋਂ ਕਿਤੇ ਜ਼ਿਆਦਾ ਰਿਹਾ। ਜਿੱਥੋਂ ਤੱਕ ਇਸ ਉੱਚੀ ਆਰਥਿਕ ਵਿਕਾਸ ਦਰ ਦੇ ਫ਼ਾਇਦੇ 'ਰਿਸਾਅ ਦੀ ਨੀਤੀ' ਦੁਆਰਾ ਸਮਾਜ ਦੇ ਸਾਰੇ ਵਰਗਾਂ ਤੱਕ ਪਹੁੰਚਾਉਣ ਦਾ ਸਵਾਲ ਹੈ, ਸਰਕਾਰੀ ਅੰਕੜੇ ਇਹ ਦਰਸਾਉਂਦੇ ਹਨ ਇਹ ਰਿਸਾਅ ਹੇਠਾਂ ਵੱਲ ਨਾ ਹੋ ਕੇ ਉੱਪਰ ਵੱਲ ਹੋਇਆ ਜਿਸਨੇ ਆਰਥਿਕ ਅਸਮਾਨਤਾਵਾਂ ਨੂੰ ਵਧਾਇਆ ਹੈ। ਪਿਛਲੇ ਇਕ ਸਾਲ ਵਿਚ ਮੁਲਕ ਦੇ ਉੱਪਰਲੇ ਇਕ ਫ਼ੀਸਦ ਲੋਕਾਂ ਦੇ ਕਬਜੇ ਵਿਚ ਰਿਹਾ। ਜਿੱਥੋਂ ਤੱਕ ਇਸ ਉੱਚੀ ਆਰਥਿਕ ਵਿਕਾਸ ਦਰ ਦੇ ਫ਼ਾਇਦੇ 'ਰਿਸਾਅ ਦੀ ਨੀਤੀ' ਦੁਆਰਾ ਸਮਾਜ ਦੇ ਸਾਰੇ ਵਰਗਾਂ ਤੱਕ ਪਹੁੰਚਾਉਣ ਦਾ ਸਵਾਲ ਹੈ, ਸਰਕਾਰੀ ਅੰਕੜੇ ਇਹ ਦਰਸਾਉਂਦੇ ਹਨ ਇਹ ਰਿਸਾਅ ਹੇਠਾਂ ਵੱਲ ਨਾ ਹੋ ਕੇ ਉੱਪਰ ਵੱਲ ਹੋਇਆ ਜਿਸਨੇ ਆਰਥਿਕ ਅਸਮਾਨਤਾਵਾਂ ਨੂੰ ਵਧਾਇਆ ਹੈ। ਪਿਛਲੇ ਇਕ ਸਾਲ ਵਿਚ ਮੁਲਕ ਵਿਚ ਪੈਦਾ ਕੀਤੀ ਗਈ ਸੰਪੱਤੀ ਦਾ 73 ਫ਼ੀਸਦ ਹਿੱਸਾ ਮੁਲਕ ਦੇ ਉੱਪਰਲੇ ਇਕ ਫ਼ੀਸਦ ਲੋਕਾਂ ਦੇ ਕਬਜ਼ੇ ਵਿਚ ਗਿਆ। ਲੋਕਾਂ ਦੀ ਜ਼ਿੰਦਗੀ ਨੂੰ ਬਿਹਤਰ ਬਣਾਉਣ ਲਈ ਜਿੰਨੇ ਵੀ ਸੂਚਕ ਆਲਮੀ ਪੱਧਰ ਉੱਪਰ ਤਿਆਰ ਕੀਤੇ ਜਾਂਦੇ ਹਨ ਉਨ੍ਹਾਂ ਅਨੁਸਾਰ ਭਾਰਤ ਦੇ ਹਾਕਮ ਲੋਕਾਂ ਦੀ ਜ਼ਿੰਦਗੀ ਨੂੰ ਬਿਹਤਰ ਬਣਾਉਣ ਦੇ ਸੰਬੰਧ ਵਿਚ ਤੀਜੀ ਦੁਨੀਆ ਦੇ ਬਹੁਤ ਹੀ ਛੋਟੇ ਮੁਲਕਾਂ ਜਿਵੇਂ ਸ਼੍ਰੀਲੰਕਾ, ਬੰਗਲਾਦੇਸ਼ ਅਤੇ ਕੁਝ ਹੋਰ ਮੁਲਕਾਂ ਤੋਂ ਵੀ ਪਿੱਛੇ ਰਹੇ ਹਨ। ਮੁਲਕ ਵਿਚ ਕੀਤੇ ਗਏ ਖੋਜ ਅਧਿਐਨ ਖੇਤੀਬਾੜੀ ਖੇਤਰ ਸੰਬੰਧੀ ਇਹ ਤੱਥ ਸਾਹਮਣੇ ਲਿਆਏ ਹਨ ਕਿ ਲਗਭਗ ਸਾਰੇ ਨਿਮਨ ਕਿਸਾਨ ਅਤੇ ਖੇਤ ਮਜ਼ਦੂਰ ਕਰਜ਼ੇ ਅਤੇ ਗ਼ਰੀਬੀ ਵਿਚ ਜਨਮ ਲੈਂਦੇ ਹਨ, ਕਰਜ਼ੇ ਅਤੇ ਗ਼ਰੀਬੀ ਵਿਚ ਔਖੀ ਦਿਨ-ਕਟੀ ਕਰਦੇ ਹਨ ਅਤੇ ਆਉਣ ਵਾਲੀਆਂ ਪੀੜ੍ਹੀਆਂ ਲਈ ਕਰਜ਼ੇ ਦਾ ਵਧਿਆ ਹੋਇਆ ਪਹਾੜ ਅਤੇ ਘੋਰ ਗ਼ਰੀਬੀ ਛੱਡ ਕੇ ਜਾਂ ਤਾਂ ਤੰਗੀਆਂ-ਤੁਰਸ਼ੀਆਂ ਵਾਲੀ ਮੌਤ ਮਰ ਜਾਂਦੇ ਹਨ ਜਾਂ ਜਦੋਂ ਉਨ੍ਹਾਂ ਦੀਆਂ ਜ਼ਿੰਦਗੀ ਪ੍ਰਤਿ ਸਾਰੀਆਂ ਆਸਾਂ ਮੁਕਾ ਦਿੱਤੀਆਂ ਜਾਂਦੀਆਂ ਹਨ ਤਾਂ ਉਹ ਖ਼ੁਦ-ਕੁਸ਼ੀਆਂ ਦੇ ਰਾਹ ਵੀ ਪੈਣ ਲੱਗੇ ਹਨ। ਪੇਂਡੂ ਛੋਟੇ ਕਾਰੀਗਰਾਂ ਦੀ ਹਾਲਤ ਇਨ੍ਹਾਂ ਵਰਗਾਂ ਵਰਗੀ ਹੀ ਹੈ। ਇਨ੍ਹਾਂ ਵਰਗਾਂ ਵਿਚੋਂ ਖੇਤ ਮਜ਼ਦੂਰ ਔਰਤਾਂ ਅਤੇ ਬਾਲ ਮਜ਼ਦੂਰਾਂ ਦੀ ਹਾਲਤ ਸਭ ਤੋਂ ਮਾੜੀ ਹੈ ਜੋ ਹਰ ਤਰ੍ਹਾਂ ਦੇ ਨਪੀੜਨ ਦਾ ਸ਼ਿਕਾਰ ਹਨ। ਮੁਲਕ ਦੇ 92.7 ਫ਼ੀਸਦ ਕਾਮੇ ਆਪਣੀ ਰੋਜ਼ੀ-ਰੋਟੀ ਲਈ ਗ਼ੈਰ-ਰਸਮੀ ਰੁਜ਼ਗਾਰ ਵਿਚ ਹਨ ਜਿਹੜੇ ਜ਼ਿੰਦਗੀ ਦੀਆਂ ਮੁਢਲੀਆਂ ਸਹੂਲਤਾਂ ਤੋਂ ਵੀ ਸੱਖਣੇ ਹਨ। ਰਸਮੀ ਰੁਜ਼ਗਾਰ ਵਿਚ 7.2 ਫ਼ੀਸਦ ਕਾਮਿਆਂ ਵਿਚੋਂ ਕਾਫ਼ੀ ਠੇਕੇਦਾਰਾਂ ਅਧੀਨ ਕੰਮ ਕਰਦੇ ਹਨ ਜੋ ਵੱਖ ਵੱਖ ਤਰ੍ਹਾਂ ਦਾ ਨਪੀੜਨ ਝੱਲਣ ਲਈ ਮਜ਼ਬੂਰ ਕੀਤਾ ਹੋਏ ਹਨ।

ਮੁਲਕ ਦੀ ਆਰਥਿਕ ਵਿਕਾਸ ਦੀ ਦਰ ਨੂੰ ਉੱਚਾ ਚੁੱਕਣ ਲਈ ਮੁਲਕ ਦੇ ਕੁਦਰਤੀ ਸਾਧਨਾਂ ਜਿਵੇਂ ਜ਼ਮੀਨ, ਜੰਗਲ, ਪਾਣੀ ਆਦਿ ਦੀ ਬੇਰਹਿਮੀ ਨਾਲ ਇਸ ਤਰ੍ਹਾਂ ਵਰਤੋਂ ਕੀਤੀ ਜਾ ਰਹੀ ਹੈ ਕਿ ਆਉਣ ਵਾਲੀਆਂ ਪੀੜ੍ਹੀਆਂ ਦੇ ਹਿੱਤਾਂ ਨੂੰ ਧਿਆਨ ਵਿਚ ਨਹੀਂ ਰੱਖਿਆ ਜਾ ਰਿਹਾ। ਅਜਿਹੇ ਵਰਤਾਰੇ ਦਾ ਫ਼ਾਇਦਾ ਸਰਮਾਏਦਾਰKਕਾਰਪੋਰੇਟ ਜਗਤ ਨੂੰ ਹੋ ਰਿਹਾ ਹੈ।

ਡਗਮਗਾ ਰਹੀ ਭਾਰਤੀ ਅਰਥਵਿਵਸਥਾ ਨੂੰ ਸੰਭਾਲਣ ਲਈ ਜ਼ਰੂਰੀ ਹੈ ਕਿ ਲੋਕ ਅਤੇ ਕੁਦਰਤ-ਪੱਖੀ ਆਰਥਿਕ ਵਿਕਾਸ ਮਾਡਲ ਅਪਣਾਇਆ ਜਾਵੇ ਜਿਸ ਸਦਕਾ ਆਮ ਲੋਕਾਂ ਲਈ ਰੁਜ਼ਗਾਰ ਦੇ ਪੂਰੇ ਮੌਕੇ ਪੈਦਾ ਹੋਣ ਅਤੇ ਰੁਜ਼ਗਾਰ ਦਾ ਮਿਆਰ ਵੀ ਇਤਨਾ ਚੁੱਕਿਆ ਜਾ ਸਕੇ ਜਿਸ ਤੋਂ ਪ੍ਰਾਪਤ ਹੋਈ ਆਮਦਨ ਅਤੇ ਹੋਰ ਸਹੂਲਤਾਂ ਨਾਲ ਜ਼ਿੰਦਗੀ ਦੀਆਂ ਮੁਢਲੀਆਂ ਲੋੜਾਂ ਸਤਿਕਾਰਤ ਢੰਗ ਨਾਲ ਪੂਰੀਆਂ ਹੋ ਸਕਣ ਅਤੇ ਆਉਣ ਵਾਲੀਆਂ ਪੀੜ੍ਹੀਆਂ ਦੇ ਹਿੱਤਾਂ ਨੂੰ ਸੁਰੱਖਿਅਤ ਰੱਖਿਆ ਜਾ ਸਕੇ। ਅਜਿਹਾ ਉਸ ਸਮੇਂ ਹੋਵੇਗਾ ਜਦੋਂ ਮੁਲਕ ਦੀ ਚਾਦਰ (ਕਿਰਤੀ ਲੋਕ) ਨਾ ਮੋਰੀਆਂ ਅਤੇ ਨਾ ਹੀ ਮਘੋਰੇ ਹੋਣ, ਸਗੋਂ ਇਹ ਚਾਦਰ ਇਤਨੀ ਮਜ਼ਬੂਤ ਹੋਵੇ ਤਾਂ ਕਿ ਇਸਦੀ ਗੋਟਾ-ਕਿਨਾਰੀ (ਸਰਮਾਏਦਾਰKਕਾਰਪੋਰੇਟ ਜਗਤ) ਦੇ ਚਮਕਣ ਦਾ ਕਿਸੇ ਵਲੋਂ ਕੋਈ ਵੀ ਵਿਰੋਧ ਨਾ ਹੋਵੇ।







# CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

## AAA Truck Wash, Tire, and Lube




* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH
Sign of Excellence

**ਪੰਜਾਬੀ ਭਰਾਵਾਂ ਲਈ ਸੇਲ**

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149
ਚਾਈਨੀਜ਼ 749 (ਦੋ ਟਾਇਰ) $749



Call:

**530-824-5134**

## ਪੁਰਾਣੇ ਟਾਇਰਾਂ ਦੀ ਸੇਲ

### ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

LUCAS OIL LUCAS INJECTOR CLEANER $28.99

## NEW & USED TIRES

## WASH, LUBE, BRAKES

Call:

**650-642-0697**

## 3525 Highway 99, West Corning, CA 96021

Across the Street from TA Truck Stop

# TANDOOR Indian Restaurant

## 27167 Mission Blvd. Hayward, CA 95544




ਵਿਆਹ ਸ਼ਾਦੀ, ਬਰਥ-ਡੇ ਪਾਰਟੀ, ਐਨਵਰਸਰੀ ਜਾਂ ਹੋਰ ਕਿਸੇ ਵੀ ਕਿਸਮ ਦੀ ਕੇਟਰਿੰਗ ਲਈ ਸਦਾ ਸਾਨੂੰ ਯਾਦ ਰੱਖੋ

**WE ARE SPECIALIST IN CATERING & SPECIAL ITEMS ARE AVAILABLE HERE :**

FISH PAKORE,
CHILLI CHICKEN,
GOAT KARI,
SHAHI PANEER,
BUTTER CHICKEN,
SWEETS,
SNACKS
AND MORE
SPECIAL ITEMS.



## ਕੇਟਰਿੰਗ ਦੇ ਮਾਹਿਰ, ਹਫਤੇ ਦੇ 7 ਦਿਨ ਉਪਲਬੱਧ

Contact Us:

**BUFFET LUNCH 11:00 AM To 3:00 PM**



ਸੁਰਿੰਦਰ 'ਕੋਕਾ' ਧਲੇਤਾ

## Ph. 510-885-1212, Fax. 510-885-1532

## We are open seven days 11 AM to 10 PM




DO YOU HAVE $3,000? If yes, we can help you buy your own home today using a down-payment assistance loan program.

ਕੀ ਤੁਸੀਂ ਸੈਕਰਾਮੈਂਟੋ / ਬੇ-ਏਰੀਆ ਵਿਚ ਘਰ ਜਾਂ ਵਪਾਰਕ ਸੰਪਤੀ ਖਰੀਦਣ ਜਾਂ ਵੇਚਣ ਦੇ ਚਾਹਵਾਨ ਹੋ ਤਾਂ ਅੱਜ ਹੀ ਕਾਲ ਕਰੋ 916-271-5404




3-4 Bedrooms, 2.5 Bathrooms
Sq Ft: 1963, Lot Size:
Listing Price: 424,900
Roseville, CA




5 Bedrooms, 4 Bathrooms
sq ft: 3458, Lot Size: 7623
Listing Price: $656,450
El Dorado Hills, CA




3 Bedrooms, 2.0 Bathrooms,
Sq Ft: 1,118, Lot Size: 6,970,
Listing Price: 279,000
Sacramento, CA




Quiznos for Sale in Roseville
Listing Price: $89,900




Auto Repair & Lube Shop
Lot Size: 2000, Rent is ONLY
$1500/mo.
Listing Price: $139,000
Sacramento, CA




Liquor Store for Sale in Santa Clara
Monthly Gross Sale: $90K
Listing Price: 599,000 plus Inventory




4 Bedrooms, 3 Baths
Sqft: 2631, Lot Size: 6355*
Listing Price: $490,000
Sacramento, CA




4 Bedroom, 2 Bath
Sqft: 1656, Lot Size: 7841*
Listing Price:$329,000
Sacramento, CA




Subway
for Sale in Sacramento
Listing Price: 239,900




Indian Restaurant
for Sale in Sacramento
Listing Price: 149,000




Liquor Store for Sale in Sacramento
Monthly Gross Sale: 110K
Down Payment: 400K (Seller will carry Rest)
Listing Price: 599,000 plus Inventory




2 Bedrooms, 2 Bathrooms
Sq Ft: 1,116, Rental,Income: $1500 Month
Listing Price $159,000
Sacramento, CA



3 Bedroom, 2 Bathroom
Sqft: 1740*, Lot Size: 5502*
Listing Price: $397,000, Elk Grove, CA



5 Bedroom, 4 Bathroom
Sqft: 3037, Lot Size: 6827*
Listing Price: $515,000, Elk Grove, CA



8 Bedroom, 3 Bathroom
Sqft: 1978, Lot Size: 8102
Listing Price: $1,080,000, Pleasant Hill, CA




BH HS BERKSHIRE HATHAWAY HOMESERVICES

BERKSHIRE HATHAWAY
Home Services
Elite Real Estate

SPECIALISES IN BANK REPO
APARTMENTS, COMMERCIAL PROPERTIES, GAS STATIONS, HOTELS AND AGRICULTURAL LAND

OFFICE: 7412 ELSIE AVE., SACRAMENTO, CA 95828


DESI SWAG ENTERTAINMENT
PRESENTING
DESI SWAG ENTERTAINMENT
Jass Bajwa
Tarsem Jassar
Harman Chahal
THE SWAG LIVE CONCERT
SATURDAY
JUNE 15, 2019
LUTHER BURBANK HIGH SCHOOL
3500 FLORIN RD.,
SACRMAENTO, CA 95823
DOORS OPEN AT 5:30 pm / SHOW STARTS AT 6 PM / TICKETS: $ 35, $ 65, $ 100, VIP & VVIP
TICKETS AVAILABLE AT WWW.SULEKHA.COM & AT THE WINDOW (CASH ONLY)
Food will be served by Chaat of India - Karamvir 916.425.1369
WELLCOME
CHIEF GUEST
Baveljit Singh Sunny
GRAND SPONSOR
Mr. Buta Kajla
RAMA VERMA
Dr. Mani Grewal
Vice Mayor-Modesto
CHAHAL VIDEO
L.A. MERCHANDISE
GTL
Pete's
TOBACCO
BULLET Express Inc.
GOLDEN STATE REALTY
WHITE HAWK, INC.
Baveljit S. Samara (Sunny)
President
JUGIT SINGH RAKKAR
ELEVEN
MEDIA PARTNERS
ਦੇਸ਼ ਦੁਆਬਾ
Radio Punjab
CHICAGO'S PIZZA
With A Twist
HOME OF THE AUTHENTIC INDIAN PIZZA
www.TasteTheTwist.com | 1877-888-9478
GARV ਪੰਜਾਬ
CHARDIKLA TIME TV
ਪੰਜਾਬ ਮੇਲ
• Dhira Nijjer 916-416-9527
(Camp Logistic)
• Harbhajan Aujla 530-312-2698
(West Truck & Trailer West Sac)
• Davinder 916-686-6713
(US Transport Inc.)
• Gurmukh Sandhu / Sodhi Dhindsa
(Link Truck & Trailer) 916-685-0359
• Santokh S Judge 925-487-4679
Sansar Restaurant
• Harry Sangha (ABC Liquor)
• Ranveer Nijjer 916-869-0290
(NTL Logistic)
• Guri Kang (K2 International)
• Jessie Sangha (power Mart)
• Rajinder Sekhon (C&A logistics)
• Gakhal Brothers
• Harnek Singh 530-682-8094
(Star of India Yuba City)
• Northwest Freightway
• Sukhi Sekhon (Ron Truck Wash)
• Avatar Chatha
(Mission Truck Modesto)
• Sukhchain Gill (Sunrise)
• Cougar Truck Lines
Lally Dhanoa 510-489-8212
• Tobaco Cartel Inc
Samarjit Malhi 916-792-8023
•Jatinder Warriach 916-509-2495
•Tej Mann Mayor Yuba City
530-300-7800
DOORS OPEN AT 5:30 pm / SHOW STARTS AT 6 PM / TICKETS: $ 35, $ 65, $ 100, VIP & VVIP
TICKETS AVAILABLE AT WWW.SULEKHA.COM & AT THE WINDOW (CASH ONLY)
◆ DESI SWAG TEAM:
HARPINDER SAHOTA
(916) 588-5766
MANINDER PAWAR
(916) 388-4704
HARINDER SAHOTA
(916) 595-5070
JIATINDER GILL
(916) 397-9942
(DESISWAGUSA@GMAIL.COM)

# ਗੌਰਮਿੰਟ ਸੀਨੀਅਰ ਸੈਕੰਡਰੀ ਸਕੂਲ ਰਾਏਪੁਰ ਪ੍ਰੋਹਲਾਂ ਵਿਖੇ ਸਮਰ ਕੈਂਪ ਲਗਾਇਆ

**ਜਲੰਧਰ–** ਗੌਰਮਿੰਟ ਸੀਨੀਅਰ ਸੈਕੰਡਰੀ ਸਕੂਲ ਰਾਏਪੁਰ ਪ੍ਰੋਹਲਾਂ ਵਿਖੇ ਸਮਰ ਕੈਂਪ ਪਹਿਲੀ ਜੂਨ ਤੋਂ 8 ਜੂਨ ਤੱਕ ਲਗਾਇਆ ਗਿਆ, ਜੋ ਵਿਦਿਆਰਥੀਆਂ ਨੂੰ ਇਨਾਮ ਵੰਡ ਕੇ ਸਮਾਪਤ ਕਰ ਦਿੱਤਾ ਗਿਆ। ਸਮਰ ਕੈਂਪ ਦੇ ਆਖਰੀ ਦਿਨ ਮੁੱਖ ਮਹਿਮਾਨ ਸ੍ਰੀ ਪਰਮਜੀਤ ਸਿੰਘ ਰਾਏਪੁਰ, ਸ੍ਰੀ ਬਲਦੇਵ ਰਾਜ ਪਾਲ ਅਤੇ ਐਡਵੋਕੇਟ ਹਰਭਜਨ ਸਾਂਪਲਾ ਦਾ ਸਵਾਗਤ ਪ੍ਰਿੰਸੀਪਲ ਤਾਰਾ ਸਿੰਘ ਸਟੇਟ ਐਵਾਰਡੀ ਅਤੇ ਸਟਾਫ ਵੱਲੋਂ ਗਰਮਜੋਸ਼ੀ ਨਾਲ ਕੀਤਾ ਗਿਆ। ਪ੍ਰਿੰਸੀਪਲ ਭਾਗ ਸਿੰਘ ਜੀ ਨੇ ਦੱਸਿਆ ਕਿ ਇਹ ਸਮਰ ਕੈਂਪ ਬੱਚਿਆਂ ਦੀ ਸਰਵਪੱਖੀ ਸ਼ਖਸੀਅਤ ਨੂੰ ਉਜਾਗਰ ਕਰਨ ਲਈ ਛੁੱਟੀਆਂ ਸਮੇਂ ਅਧਿਆਪਕਾਂ ਅਤੇ ਬੱਚਿਆਂ ਦੀ ਸਵੈ ਇੱਛਾ ਨਾਲ ਲਗਾਇਆ ਗਿਆ। ਇਸ ਸਮਰ ਕੈਂਪ ਦਰਮਿਆਨ ਬੱਚਿਆਂ ਨੂੰ ਖੇਡਾਂ, ਯੋਗਾ, ਰੰਗੋਲੀ ਮੁਕਾਬਲੇ, ਮਹਿੰਦੀ ਲਗਾਉਣ ਦੇ ਮੁਕਾਬਲੇ, ਭੋਜਨ ਅਤੇ ਸਲਾਦਾਂ, ਸਲੋ ਸਾਈਕਲਿੰਗ ਮੁਕਾਬਲੇ, ਸੁੰਦਰ ਲਿਖਾਈ, ਆਰਟ ਆਫ ਲਿਵਿੰਗ ਕਲਾਸਾਂ ਬਾਰੇ ਬੱਚਿਆਂ ਨੂੰ ਪ੍ਰੇਰਿਤ ਕੀਤਾ। ਬਿਊਟੀ ਪਾਰਲਰ ਕਿੱਤਾ ਅਪਣਾਉਣ ਬਾਰੇ ਜਾਣਕਾਰੀ ਹਾਸਲ ਕਰਵਾਈ। ਸਮਰ ਕੈਂਪ ਦੇ ਆਖਰੀ ਦਿਨ ਮੈਨੇਜਰ ਐਸ. ਬੀ. ਆਈ. ਸ੍ਰੀ ਬਲਦੇਵ ਰਾਜ ਪਾਲ ਨੇ ਬੈਂਕ ਵਿਚ ਨੌਕਰੀ ਕਰਨ ਲਈ ਬੱਚਿਆਂ ਨੂੰ ਵਿਸਥਾਰ ਨਾਲ ਜਾਣਕਾਰੀ ਦਿੱਤੀ। ਬੈਂਕ ਵਿਚ ਵਿਦਿਆਰਥੀ ਖਾਤਾ ਅਤੇ ਐਜੂਕੇਸ਼ਨ ਲੋਨ ਜਿਹੀਆਂ ਸਹੂਲਤਾਂ ਬਾਰੇ ਜਾਣਕਾਰੀ ਦਿੱਤੀ ਗਈ।

ਇਸ ਮੌਕੇ ਐਡਵੋਕੇਟ ਹਰਭਜਨ ਸਾਂਪਲਾ ਨੇ ਕਿਹਾ ਕਿ ਸਾਨੂੰ ਉਹੀ ਕਿੱਤੇ ਅਤੇ ਨੌਕਰੀ ਚੁਣਨੀ ਚਾਹੀਦੀ ਹੈ ਜੋ ਬਾਰਵੀਂ ਪਾਸ ਕਰਕੇ ਜਾਂ ਗ੍ਰੈਜੂਏਸ਼ਨ ਕਰਕੇ ਆਸਾਨੀ ਨਾਲ ਮਿਲ ਸਕਦੇ ਹਨ। ਪਰਮਜੀਤ ਸਿੰਘ ਰਾਏਪੁਰ ਨੇ ਕਿਹਾ ਕਿ ਬੱਚਿਆਂ ਨੂੰ ਪੜ੍ਹਾਈ ਤੋਂ ਬਾਅਦ ਭਾਰਤ ਵਿਚ ਰਹਿ ਕੇ ਆਪਣਾ ਕੰਮ ਧੰਦਾ ਜਾਂ ਨੌਕਰੀ ਕਰਨੀ ਚਾਹੀਦੀ ਹੈ। ਉਹਨਾਂ ਕਿਹਾ ਕਿ ਨਸ਼ਿਆਂ ਤੋਂ ਬਚ ਕੇ ਰਹਿਣਾ ਚਾਹੀਦਾ ਹੈ ਅਤੇ ਦੇਸ਼, ਅਧਿਆਪਕਾਂ ਅਤੇ ਮਾਤਾ-ਪਿਤਾ ਦੀ ਸੇਵਾ ਕਰਨੀ ਚਾਹੀਦੀ ਹੈ।

ਇਸ ਸਮਰ ਕੈਂਪ ਨੂੰ ਸਫਲ ਬਣਾਉਣ ਲਈ ਅਧਿਆਪਕ ਸ੍ਰੀ ਹਿਤੇਸ਼ ਸ਼ਰਮਾ, ਸ੍ਰੀਮਤੀ ਰੀਚਾ ਬਾਵਾ, ਚਰਨ-ਜੀਤ ਸਿੰਘ, ਜਸ਼ਨਜੀਤ ਕੌਰ, ਰੇਖਾ, ਕਮਲ ਕੁਮਾਰ, ਸੁਨੀਤਾ ਰਾਣੀ, ਮੀਨੂੰ ਭਾਰਤੀ, ਕੰਚਨ ਬਾਲਾ, ਗੁਰਜੀਤ ਸਿੰਘ, ਰਾਜਵਿੰਦਰ ਕੌਰ, ਗੌਰਵ ਕਪੂਰ, ਦਲਜੀਤ ਕੁਮਾਰ, ਰਣਜੀਤ ਸਿੰਘ, ਰਾਕੇਸ਼ ਕੁਮਾਰ, ਸੰਜੀਵ ਕੁਮਾਰ ਅਤੇ ਹੋਰ ਅਧਿਆਪਕਾਂ ਨੇ ਬੱਚਿਆਂ ਨੂੰ ਸਹੀ ਦਿਸ਼ਾ ਦੇਣ ਵਿਚ ਗਹਿਰੀ ਰੁਚੀ ਦਿਖਾਈ। ਸਮਰ ਕੈਂਪ ਵਿਚ ਵੱਖ-ਵੱਖ ਗਤੀਵਿਧੀਆਂ ਵਿਚ ਹਿੱਸਾ ਲੈਣ ਲਈ ਬੱਚਿਆਂ ਨੂੰ ਇਨਾਮ ਦੇ ਕੇ ਸਨਮਾਨਿਤ ਕੀਤਾ। ਰੰਗੋਲੀ ਮੁਕਾਬਲੇ ਵਿਚ ਮਿਸ ਮਹਿਮਾ ਦੀ ਟੀਮ ਨੂੰ ਪਹਿਲਾ ਇਨਾਮ, ਵੀਨਾ ਦੀ ਟੀਮ ਦੂਜਾ ਇਨਾਮ, ਜੈਸਮੀਨ ਦੀ ਟੀਮ ਨੂੰ ਤੀਜਾ ਇਨਾਮ ਦਿੱਤਾ ਗਿਆ। ਮਹਿੰਦੀ ਮੁਕਾਬਲੇ ਵਿਚ ਅੰਜਲੀ ਨੂੰ ਪਹਿਲਾ ਅਤੇ ਜਸਵੀਰ ਕੌਰ ਨੂੰ ਦੂਜਾ ਇਨਾਮ ਦਿੱਤਾ ਗਿਆ। ਹਰਡਲ ਰੇਸ ਵਿਚ ਗੌਰਵ, ਅੰਮ੍ਰਿਤ ਅਤੇ ਅਭਿਸ਼ੇਕ ਨੂੰ ਪਹਿਲਾ, ਦੂਜਾ ਅਤੇ ਤੀਜਾ ਇਨਾਮ ਦਿੱਤਾ ਗਿਆ। ਸਕੀਪਿੰਗ ਰੇਸ ਵਿਚ ਸਰਬਜੀਤ ਕੌਰ ਅਤੇ ਬਲਜੀਤ ਕੌਰ ਨੂੰ ਪਹਿਲਾ ਤੇ ਦੂਜਾ ਇਨਾਮ ਦਿੱਤਾ ਗਿਆ। ਸਮਰ ਕੈਂਪ ਦੀ ਸਰਵ ਉੱਤਮ ਵਿਦਿਆਰਥਣ ਰੀਨਾ ਨੂੰ ਸਨਮਾਨ ਚਿੰਨ੍ਹ ਦੇ ਨਾਲ 500 ਰੁਪਏ ਇਨਾਮ ਰਾਸ਼ੀ ਵੀ ਦਿੱਤੀ ਗਈ। ਪ੍ਰਿੰਸੀਪਲ ਤਾਰਾ ਸਿੰਘ, ਸ੍ਰੀ ਪਰਮਜੀਤ ਸਿੰਘ ਰਾਏਪੁਰ, ਐਡਵੋਕੇਟ ਹਰਪਜਨ ਸਾਂਪਲਾ, ਬਲਦੇਵ ਰਾਜ ਪਾਲ, ਦਿਆਲ ਸਿੰਘ ਪੰਚ ਅਤੇ ਸ੍ਰੀ ਜਸਵੀਰ ਸਿੰਘ ਬਿੱਲਾ ਨੇ ਬੱਚਿਆਂ ਨੂੰ ਇਨਾਮ ਵੰਡੇ ਅਤੇ ਟੀਚਰਾਂ ਨੂੰ ਸਨਮਾਨਿਤ ਕੀਤਾ।












# ਗੌਰਮਿੰਟ ਸੀਨੀਅਰ ਸੈਕੰਡਰੀ ਸਕੂਲ ਰਾਏਪੁਰ ਪ੍ਰੋਹਲਾਂ ਵਿਖੇ ਸਮਰ ਕੈਂਪ ਲਗਾਇਆ























# ਕੀ 2019 ਦੀ ਚੋਣ ਮੈਂ ਵੀ ਹਾਰ ਗਿਆ ਹਾਂ - ਰਵੀਸ਼ ਕੁਮਾਰ

ਅਨੁਵਾਦ – ਕੇਹਰ ਸ਼ਰੀਫ਼



ਕੇਹਰ ਸ਼ਰੀਫ
+49 173 3546050

23 ਮਈ 2019 ਵਾਲੇ ਦਿਨ ਜਦੋਂ ਨਤੀਜੇ ਆ ਰਹੇ ਸਨ, ਮੇਰੇ ਵਟਸਐਪ ਉੱਤੇ ਤਿੰਨ ਤਰ੍ਹਾਂ ਦੇ ਸੁਨੇਹੇ ਆ ਰਹੇ ਸਨ। ਪਹਿਲਾਂ ਦੋ ਤਰ੍ਹਾਂ ਦੇ ਸੁਨੇਹਿਆਂ ਦੀ ਗੱਲ ਕਰਾਂਗਾ ਅਤੇ ਅਖੀਰ ’ਚ ਤੀਜੀ ਕਿਸਮ ਦੇ ਸੁਨੇਹਿਆਂ ਦੀ। ਬਹੁਤ ਸਾਰੇ ਸੁਨੇਹੇ ਅਜਿਹੇ ਸਨ ਕਿ ਅੱਜ ਦੇਖਦੇ ਹਾਂ ਕਿ ਰਵੀਸ਼ ਕੁਮਾਰ ਦੀ ਸੁੱਜੀ ਹੈ ਜਾਂ ਨਹੀਂ। ਉਸਦਾ ਚਿਹਰਾ ਮੁਰਝਾਇਆ ਹੈ ਜਾਂ ਨਹੀਂ। ਇਕ ਨੇ ਲਿਖਿਆ ਕਿ ਉਹ ਰਵੀਸ਼ ਕੁਮਾਰ ਨੂੰ ਜ਼ਲੀਲ ਹੁੰਦੇ ਦੇਖਣਾ ਚਾਹੁੰਦਾ ਹੈ। ਡੁੱਬ ਕੇ ਮਰ ਜਾਣਾ ਦੇਖਣਾ ਚਾਹੁੰਦਾ ਹੈ। ਪੰਚਰ ਬਣਾਉਂਦੇ ਹੋਏ ਦੇਖਣਾ ਚਾਹੁੰਦਾ ਹੈ। ਕਿਸੇ ਨੇ ਪੁੱਛਿਆ ਕਿ ਬਰਨੌਲ ਦੀ ਟਿਊਬ ਹੈ ਜਾ ਭਿਜਵਾ ਦੇਈਏ। ਕਿਸੇ ਨੇ ਲਿਖਿਆ ਕਿ ਆਪਣੀ ਸ਼ਕਲ ਦੀ ਤਸਵੀਰ ਭੇਜ ਦਿਉ ਅਸੀਂ ਵੀ ਦੇਖਣੀ ਚਾਹੁੰਦੇ ਹਾਂ। ਮੈਂ ਸਾਰਿਆਂ ਨੂੰ ਜਿੱਤ ਦੀਆਂ ਸ਼ੁਭਇਛਾਂਵਾਂ ਦਿੱਤੀਆਂ। ਬਲਕਿ ਸਿੱਧੇ ਪ੍ਰਸਾਰਣ (ਲਾਈਵ ਕਵਰੇਜ) ਦੇ ਦੌਰਾਨ ਇਸ ਤਰ੍ਹਾਂ ਦੇ ਸੁਨੇਹਿਆਂ ਦਾ ਜ਼ਿਕਰ ਕੀਤਾ ਅਤੇ ਆਪਣੇ ਆਪ ’ਤੇ ਹੱਸਿਆ। ਦੂਜੀ ਕਿਸਮ ਦੇ ਸੁਨੇਹਿਆਂ ਵਿਚ ਇਹ ਲਿਖਿਆ ਸੀ ਕਿ ਅੱਜ ਤੋਂ ਤੁਸੀਂ ਨੌਕਰੀ ਦੀ ਸਮੱਸਿਆ, ਕਿਸਾਨਾਂ ਦਾ ਦਰਦ ਅਤੇ ਪਾਣੀ ਦੀਆਂ ਔਕੜਾਂ ਵਿਖਾਉਣੀਆਂ ਬੰਦ ਕਰ ਦਿਉ। ਇਹ ਜਨਤਾ ਇਸ ਲਾਇਕ ਹੈ। ਬੋਲਣਾ ਬੰਦ ਕਰ ਦਿਉ। ਕੀ ਤੁਹਾਨੂੰ ਨਹੀਂ ਲਗਦਾ ਕਿ ਤੁਸੀਂ ਵੀ ਰਿਜੈਕਟ ਹੋ ਗਏ ਹੋ। ਤੁਹਾਨੂੰ ਵਿਚਾਰ ਕਰਨਾ ਚਾਹੀਦਾ ਹੈ ਕਿ ਤੁਹਾਡੀ ਪੱਤਰਕਾਰੀ ਮੋਦੀ ਨੂੰ ਕਿਉਂ ਨਹੀਂ ਹਰਾ ਸਕੀ। ਮੈਂ ਭਰਮ–ਭੁਲੇਖੇ ਵਿਚ ਨਹੀਂ ਜੀਊਂਦਾ। ਇਸ ਉੱਤੇ ਵੀ ਲਿਖ ਚੁੱਕਾ ਹਾਂ ਕਿ ਬੱਕਰੀ ਪਾਲ ਲਉ ਪਰ ਭਰਮ–ਭੁਲੇਖੇ ਨਾ ਪਾਲੋ।

2019 ਵਾਲਾ ਲੋਕਾਂ ਦਾ ਫੈਸਲਾ ਮੇਰੇ ਖਿਲਾਫ ਕਿਵੇਂ ਆ ਗਿਆ? ਪੰਜਾਂ ਸਾਲਾਂ ’ਚ ਜੋ ਮੈਂ ਲਿਖਿਆ, ਬੋਲਿਆ ਕੀ ਉਹ ਵੀ ਦਾਅ ’ਤੇ ਲੱਗ ਗਿਆ ਸੀ ? ਜਿਨ੍ਹਾਂ ਲੱਖਾਂ ਲੋਕਾਂ ਦਾ ਦਰਦ/ਪੀੜ ਅਸੀਂ ਵਿਖਾਈ ਕੀ ਉਹ ਗਲਤ ਸੀ? ਮੈਨੂੰ ਪਤਾ ਸੀ ਕਿ ਨੌਜਵਾਨ, ਕਿਸਾਨ ਅਤੇ ਬੈਂਕਾਂ ਵਿਚ ਗੁਲਾਮਾਂ ਵਾਂਗ ਕੰਮ ਕਰਨ ਵਾਲੇ ਲੋਕ ਭਾਜਪਾ ਦੇ ਹਮਾਇਤੀ ਹਨ। ਉਨ੍ਹਾਂ ਨੇ ਕਦੇ ਮੇਰੇ ਨਾਲ ਝੂਠ ਨਹੀਂ ਬੋਲਿਆ, ਸਾਰਿਆਂ ਨੇ ਹੀ ਪਹਿਲਾਂ ਜਾਂ ਬਾਅਦ ਵਿਚ ਇਹ ਹੀ ਦੱਸਿਆ ਕਿ ਉਹ ਨਰਿੰਦਰ ਮੋਦੀ ਦੇ ਸਮਰਥਕ ਹਨ। ਇਸ ਅਧਾਰ ’ਤੇ ਮੈਂ ਉਨ੍ਹਾਂ ਦੀ ਸਮੱਸਿਆ ਨੂੰ ਰੱਦ ਨਹੀਂ ਕੀਤਾ ਕਿ ਉਹ ਨਰਿੰਦਰ ਮੋਦੀ ਦੇ ਸਮਰਥਕ ਹਨ। ਉਨ੍ਹਾਂ ਦੀ ਸਮੱਸਿਆ ਯਥਾਰਥਕ/ਸੱਚੀ ਸੀ ਇਸ ਕਰਕੇ ਵਿਖਾਈ। ਅੱਜ ਇਕ ਵੀ ਸੰਸਦ ਮੈਂਬਰ ਨਹੀਂ ਕਹਿ ਸਕਦਾ ਕਿ ਉਸਨੇ ਪੰਜਾਹ ਹਜ਼ਾਰ ਤੋਂ ਵੱਧ ਲੋਕਾਂ ਨੂੰ ਨਿਯੁਕਤੀ ਪੱਤਰ ਦੁਆਏ ਹਨ। ਮੇਰੇ ਵਲੋਂ ਕੀਤੀ ਨੌਕਰੀ ਸੀਰੀਜ਼ ਦੇ ਸਿੱਟੇ ਵਜੋਂ ਦਿੱਲੀ ਤੋਂ ਲੈ ਕੇ ਬਿਹਾਰ ਤੱਕ ਲੋਕਾਂ ਨੂੰ ਨਿਯੁਕਤੀ ਪੱਤਰ ਮਿਲੇ ਹਨ। ਕਈ ਪ੍ਰੀਖਿਆਵਾਂ ਦੇ ਨਤੀਜੇ ਨਿਕਲੇ। ਉਨ੍ਹਾਂ ਵਿਚੋਂ ਬਹੁਤਿਆਂ ਨੇ ਨਿਯੁਕਤੀ ਪੱਤਰ ਮਿਲਣ ’ਤੇ ਮਾਫੀ ਮੰਗੀ ਕਿ ਪਹਿਲਾਂ ਉਹ ਮੈਨੂੰ ਗਾਲ੍ਹਾਂ ਦਿੰਦੇ ਸਨ। ਮੇਰੇ ਕੋਲ ਸੈਂਕੜਿਆ ਦੀ ਗਿਣਤੀ ਵਿਚ ਚਿੱਠੀਆਂ ਅਤੇ ਸੁਨੇਹਿਆਂ ਦੇ ਸਕਰੀਨ ਸ਼ਾਰਟ ਪਏ ਹਨ ਜਿਨ੍ਹਾਂ ਵਿਚ ਲੋਕਾਂ ਨੇ ਨਿਯੁਕਤੀ ਪੱਤਰ ਮਿਲਣ ਤੋਂ ਬਾਅਦ ਗਾਲ੍ਹਾਂ ਦੇਣ ਲਈ ਮਾਫੀ ਮੰਗੀ ਹੈ। ਇਨ੍ਹਾਂ ਵਿਚੋਂ ਕੋਈ ਇਕ ਵੀ ਇਹ ਸਬੂਤ ਨਹੀਂ ਦੇ ਸਕਦਾ ਕਿ ਮੈਂ ਕਿਸੇ ਨੂੰ ਵੀ ਮੋਦੀ ਨੂੰ ਵੋਟ ਨਾ ਦੇਣ ਵਾਸਤੇ ਕਿਹਾ ਹੋਵੇ। ਇਹ ਜ਼ਰੂਰ ਕਿਹਾ ਕਿ ਵੋਟ ਆਪਣੀ ਮਰਜ਼ੀ ਨਾਲ ਦਿਉ ਅਤੇ ਵੋਟ ਦੇਣ ਤੋਂ ਬਾਅਦ ਨਾਗਰਿਕ ਬਣ ਜਾਣਾ।

ਪੰਜਾਹ ਹਜ਼ਾਰ ਤੋਂ ਵੱਧ ਨਿਯੁਕਤੀ ਪੱਤਰਾਂ ਦੀ ਕਾਮਯਾਬੀ ਉਹ ਕਾਮਯਾਬੀ ਹੈ ਜੋ ਮੈਂ ਮੋਦੀ ਸਮਰਥਕਾਂ ਵਲੋਂ ਜ਼ਲੀਲ ਕੀਤੇ ਜਾਣ ਵਾਲੇ ਪਲ ਵਿਚ ਵੀ ਸੀਨੇ ਤੇ ਤਮਗੇ ਵਾਂਗ ਲਾਈ ਰੱਖਾਂਗਾ ਕਿਉਂਕਿ ਉਹ ਮੈਨੂੰ ਨਹੀਂ ਉਨ੍ਹਾਂ ਮੋਦੀ ਸਮਰਥਕਾਂ ਨੂੰ ਹੀ ਜ਼ਲੀਲ ਕਰਨਗੇ ਜਿਨ੍ਹਾਂ ਨੇ ਆਪਣੀ ਸਮੱਸਿਆ ਵਾਸਤੇ ਮੇਰੇ ਨਾਲ ਸੰਪਰਕ ਕੀਤਾ ਸੀ। ਨੌਕਰੀ ਸੀਰੀਜ਼ ਦਾ ਹੀ ਦਬਾਉ ਸੀ ਕਿ ਜਿਵੇਂ ਨਰਿੰਦਰ ਮੋਦੀ ਦੀ ਭਾਰੀ ਬਹੁਮੱਤ ਵਾਲੀ ਸਰਕਾਰ ਨੂੰ ਰੇਲਵੇ ਅੰਦਰ ਲੱਖਾਂ ਨੌਕਰੀਆਂ ਕੱਢਣੀਆਂ ਪਈਆਂ। ਇਹਨੂੰ ਮੁੱਦਾ ਬਣਵਾ ਦਿੱਤਾ। ਨਹੀਂ ਤਾਂ ਤੁਸੀਂ ਦੇਖ ਲਉ ਕਿ ਪੂਰੇ ਪੰਜ ਸਾਲਾਂ ’ਚ ਰੇਲਵੇ ਅੰਦਰ ਕਿੰਨੀਆਂ ਵੇਕੈਂਸੀਆਂ ਆਈਆਂ ਅਤੇ ਆਖਰੀ ਸਾਲ ਵਿਚ ਕਿੰਨੀਆਂ ਵੇਕੈਂਸੀਆਂ ਆਈਆਂ।

ਕੀ ਇਸ ਦੀ ਮੰਗ ਗੋਦੀ ਮੀਡੀਆ ਕਰ ਰਿਹਾ ਸੀ ਜਾਂ ਰਵੀਸ਼ ਕੁਮਾਰ ਕਰ ਰਿਹਾ ਸੀ? ਪਰਾਈਮ ਟਾਈਮ ਵਿਚ ਮੇਰੇ ਵਲੋਂ ਇਹ ਵਿਖਾਇਆ ਗਿਆ। ਰੇਲ ਸੀਰੀਜ਼ ਦੇ ਅਧੀਨ ਸੁਤੰਤਰਤਾ ਸੈਨਾਨੀ ਐਕਸਪ੍ਰੈੱਸ ਵਰਗੀ ਰੇਲਗੱਡੀ ਨੂੰ ਕੁੱਝ ਵਕਤ ਲਈ ਠੀਕ ਸਮੇਂ ’ਤੇ ਚਲਵਾ ਦੇਣਾ ਕੀ ਮੋਦੀ ਦਾ ਵਿਰੋਧ ਸੀ? ਕੀ ਬਿਹਾਰ ਦੇ ਕਾਲਜਾਂ ਵਿਚ ਤਿੰਨ ਸਾਲ ਦੇ ਸਮੇਂ ਅੰਦਰ ਹੋਣ ਵਾਲੀ ਬੀ. ਏ ਵਿਚ ਪੰਜ ਸਾਲ ਤੋਂ ਫਸੇ ਨੌਜਵਾਨਾਂ ਦੀ ਗੱਲ ਕਰਨੀ ਮੋਦੀ ਦਾ ਵਿਰੋਧ ਸੀ?

ਇਨ੍ਹਾਂ ਪੰਜ ਸਾਲਾਂ ਵਿਚ ਕਰੋੜਾਂ ਲੋਕਾਂ ਨੇ ਮੈਨੂੰ ਪੜ੍ਹਿਆ। ਹਜ਼ਾਰਾਂ ਦੀ ਗਿਣਤੀ ਵਿਚ ਆ ਕੇ ਮੈਨੂੰ ਸੁਣਿਆਂ। ਟੈਲੀਵੀਜ਼ਨ ’ਤੇ ਦੇਖਿਆ। ਬਾਹਰ ਮਿਲਿਆ ਤਾਂ ਗਲਵੱਕੜੀਆਂ ਪਾਈਆਂ, ਪਿਆਰ ਦਿੱਤਾ। ਉਨ੍ਹਾਂ ਵਿਚ ਨਰਿੰਦਰ ਮੋਦੀ ਦੇ ਸਮਰਥਕ ਵੀ ਸਨ। ਸੰਘ ਦੇ ਲੋਕ ਵੀ ਸਨ ਤੇ ਵਿਰੋਧੀ ਧਿਰ ਦੇ ਵੀ। ਬੀ ਜੇ ਪੀ ਦੇ ਲੋਕ ਵੀ ਸਨ ਪਰ ਉਹ ਚੁੱਪਚਾਪ ਵਧਾਈ ਦਿੰਦੇ ਸਨ। ਮੈਂ ਇਕ ਚੀਜ਼ ਸਮਝੀ ਕਿ ਮੋਦੀ ਦਾ ਸਮਰਥਕ ਹੋਵੇ ਜਾਂ ਵਿਰੋਧੀ ਉਹ ਗੋਦੀ ਮੀਡੀਆ ਅਤੇ ਪੱਤਰਕਾਰੀ ਵਿਚ ਫਰਕ ਕਰਦਾ ਹੈ। ਕਿਉਂਕਿ ਗੋਦੀ ਮੀਡੀਆ ਵਾਲੇ ਐਂਕਰ ਮੋਦੀ ਦੀ ਲੋਕਾਂ ਵਿਚ ਬਣੀ ਭੱਲ ਦੀ ਆੜ ਦੇ ਓਹਲੇ ਮੇਰੇ ਉੱਤੇ ਹਮਲਾ ਕਰਦੇ ਹਨ ਇਸ ਕਰਕੇ ਮੋਦੀ ਦੇ ਸਮਰਥਕ ਚੁੱਪ ਹੋ ਜਾਂਦੇ ਹਨ। ਭਾਰਤ ਵਰਗੇ ਦੇਸ਼ ਵਿਚ ਈਮਾਨਦਾਰ ਅਤੇ ਨੈਤਿਕ ਹੋਣ ਵਾਲਾ ਸਮਾਜਿਕ ਅਤੇ ਸੰਸਥਾਗਤ ਢਾਂਚਾ ਨਹੀਂ ਹੈ। ਇੱਥੇ ਈਮਾਨਦਾਰ ਹੋਣ ਦੀ ਲੜਾਈ ਇਕੱਲਿਆਂ ਹੀ ਲੜਨੀ ਪੈਂਦੀ ਹੈ ਅਤੇ ਹਾਰਨ ਵਾਲੀ ਹੁੰਦੀ ਹੈ। ਲੋਕ ਟਿੱਚਰਾਂ ਕਰਦੇ ਹਨ ਕਿ ਕਿੱਥੇ ਗਿਆ ਸੱਚ–ਪੁੱਤਰ ਰਵੀਸ਼ ਕੁਮਾਰ। ਕਿੱਥੇ ਗਿਆ ਪੱਤਰਕਾਰੀ ਦੀ ਗੱਲ ਕਰਨ ਵਾਲਾ ਰਵੀਸ਼ ਕੁਮਾਰ। ਮੇਰੇ ਵਿਚ ਘਾਟਾਂ ਹਨ। ਮੈਂ ਆਦਰਸ਼ ਨਹੀਂ ਹਾਂ। ਕਦੇ ਦਾਅਵਾ ਨਹੀਂ ਕੀਤਾ, ਪਰ ਜਦੋਂ ਤੁਸੀਂ ਇਹ ਕਹਿੰਦੇ ਹੋ ਤਾਂ ਤੁਸੀਂ ਪੱਤਰਕਾਰੀ ਦੀਆਂ ਉਨ੍ਹਾਂ ਹੀ ਕਦਰਾਂ–ਕੀਮਤਾਂ ਨੂੰ ਦੁਹਰਾ ਰਹੇ ਹੁੰਦੇ ਹੋ ਜਿਹੜੀ ਗੱਲ ਮੈਂ ਕਹਿੰਦਾ ਹਾਂ ਜਾਂ ਮੇਰੇ ਵਰਗੇ ਕਈ ਪੱਤਰਕਾਰ ਕਹਿੰਦੇ ਹਨ।

ਮੈਨੂੰ ਪਤਾ ਸੀ ਕਿ ਮੈਂ ਆਪਣੇ ਪੇਸ਼ੇ ਅੰਦਰ ਹਾਰਨ ਵਾਲੀ ਲੜਾਈ ਲੜ ਰਿਹਾ ਹਾਂ। ਇੰਨੀ ਵੱਡੀ ਸੱਤਾ ਅਤੇ ਕਾਰਪੋਰੇਟ ਦੀ ਭਾਰੀ ਪੂੰਜੀ ਦੇ ਖਿਲਾਫ ਲੜਨ ਦੀ ਤਾਕਤ ਤਾਂ ਸਿਰਫ ਗਾਂਧੀ ਵਿਚ ਸੀ। ਪਰ ਜਦੋਂ ਲੱਗਿਆ ਕਿ ਮੇਰੇ ਵਰਗੇ ਕਈ ਪੱਤਰਕਾਰ ਆਜ਼ਾਦ ਰੂਪ ਵਿਚ ਘੱਟ ਆਮਦਨੀ ਉੱਤੇ ਪੱਤਰਕਾਰੀ ਕਰਨ ਦੀ ਕੋਸ਼ਿਸ਼ ਕਰ ਰਹੇ ਹਨ ਤਾਂ ਉਦੋਂ ਲੱਗਾ ਕਿ ਮੈਨੂੰ ਕੁੱਝ ਜ਼ਿਆਦਾ ਕਰਨਾ ਚਾਹੀਦਾ ਹੈ। ਮੈਂ ਹਿੰਦੀ ਦੇ ਪਾਠਕਾਂ ਵਾਸਤੇ ਹਰ ਸਵੇਰ ਅੰਗਰੇਜ਼ੀ ਤੋਂ ਅਨੁਵਾਦ ਕਰਕੇ ਮੋਦੀ ਦੇ ਵਿਰੋਧ ਕਰਨ ਲਈ ਨਹੀਂ ਲਿਖਿਆ ਸੀ ਸਗੋਂ ਇਸ ਖੁਸ਼ਫਹਿਮੀ ਵਿਚ ਲਿਖਿਆ ਸੀ ਕਿ ਹਿੰਦੀ ਦਾ ਪਾਠਕ ਸਮਰੱਥ ਹੋਵੇ। ਇਸ ਵਾਸਤੇ ਬਹੁਤ ਘੰਟਿਆਂ ਦਾ ਸਮਾਂ ਲਾਇਆ। ਮੈਨੂੰ ਬਿਲਕੁੱਲ ਪਤਾ ਸੀ ਕਿ ਇਹ ਸਾਰਾ ਕੁੱਝ ਲੰਬੇ ਸਮੇਂ ਤੱਕ ਮੈਂ ਇਕੱਲਾ ਨਹੀਂ ਕਰ ਸਕਦਾ। ਮੋਦੀ ਵਿਰੋਧ ਦਾ ਜਨੂੰਨ ਨਹੀਂ ਸੀ। ਆਪਣੇ ਪੇਸ਼ੇ ਨਾਲ ਬਹੁਤਾ ਹੀ ਪ੍ਰੇਮ ਸੀ ਇਸ ਕਰਕੇ ਦਾਅ ’ਤੇ ਲਾ ਦਿੱਤਾ। ਆਪਣੇ ਪੇਸ਼ੇ ’ਤੇ ਸਵਾਲ ਖੜ੍ਹੇ ਕਰਨ ਦਾ ਖਤਰਾ ਸੀ ਆਪਣੇ ਵਾਸਤੇ ਰੋਜ਼ਗਾਰ ਦਾ ਮੌਕਾ ਗੁਆ ਦੇਣਾ। ਫੇਰ ਵੀ ਜੀਵਨ ਵਿਚ ਕੁੱਝ ਸਮੇਂ ਵਾਸਤੇ ਇਹ ਕੁੱਝ ਕਰਕੇ ਦੇਖ ਲਿਆ। ਇਸ ਦਾ ਆਪਣੀ ਕਿਸਮ ਦਾ ਤਣਾਉ ਹੁੰਦਾ ਹੈ, ਖਤਰਾ ਹੁੰਦਾ ਹੈ ਪਰ ਜੋ ਸਿੱਖਦਾ ਹੈ ਉਹ ਦੁਰਲਭ ਹੈ। ਮੁੱਲ ਵੱਟ ਕੇ ਭਾੜੇ ਦੇ ਸਵਾਲ ਪੁੱਛ ਕੇ ਮੈਂ ਮੋਦੀ ਸਮਰਥਕਾਂ ਵਿਚ ਛੁਪ ਸਕਦਾ ਹਾਂ ਪਰੰਤੂ ਆਪਣੇ ਪਾਠਕਾਂ ਦੇ ਸਾਹਮਣੇ ਨਹੀਂ ਆ ਸਕਦਾ।

ਮੈਂ ਹਰ ਹਾਲਤ ਵਿਚ ਤੁਹਾਡੇ ਸਾਹਮਣੇ ਆ ਕੇ ਫਿਰਕਾਪ੍ਰਸਤੀ ਦੇ ਖਿਲਾਫ ਬੋਲਿਆ। ਅੱਜ ਵੀ ਬੋਲਾਂਗਾ। ਤੁਹਾਡੇ ਅੰਦਰ ਧਾਰਮਕ ਅਤੇ ਜਾਤ–ਪਾਤੀ ਪਹਿਲਾਂ ਤੋਂ ਬਣਾਈਆਂ ਹੋਈਆ ਧਾਰਨਾਵਾਂ ਬੈਠੀਆਂ ਹਨ। ਤੁਸੀਂ ਮਸ਼ੀਨ ਬਣਦੇ ਜਾ ਰਹੇ ਹੋ। ਮੈਂ ਫੇਰ ਤੋਂ ਕਹਿੰਦਾ ਹਾਂ ਕਿ ਪੱਕ ਗਈਆਂ ਧਾਰਮਿਕ ਅਤੇ ਜਾਤ–ਪਾਤੀ ਧਾਰਨਾਵਾਂ ਨਾਲ ਬੱਝੀ ਫਿਰਕਾਪ੍ਰਸਤੀ ਇਕ ਦਿਨ ਤੁਹਾਨੂੰ ਮਨੁੱਖੀ ਬੰਬ ਵਿਚ ਬਦਲ ਦੇਵੇਗੀ। ਸਟੂਡੀਉ ਵਿਚ ਨੱਚਦੇ ਐਂਕਰਾਂ ਨੂੰ ਦੇਖ ਕੇ ਤੁਹਾਨੂੰ ਵੀ ਲਗਦਾ ਹੋਵੇਗਾ ਕਿ ਇਹ ਤਾਂ ਪੱਤਰਕਾਰੀ ਨਹੀਂ ਹੈ। ਬੈਂਕਾਂ ਵਿਚ ਗੁਲਾਮਾਂ ਵਾਂਗ ਕੰਮ ਕਰਨ ਵਾਲੀਆਂ ਸੈਂਕੜਿਆਂ ਦੀ ਗਿਣਤੀ ਵਿਚ ਔਰਤ ਅਫਸਰਾਂ (ਗਰ–ਭਵਤੀ–ਅਨੁ:) ਨੇ ਆਪਣੇ ਗਰਭ ਡਿਗ ਪੈਣ ਤੋਂ ਲੈ ਕੇ ਸ਼ੌਚਾਲਿਆ (ਟੱਟੀਖਾਨੇ) ਦਾ ਭੈਅ ਵਿਖਾ ਕੇ ਕੰਮ ਕਰਵਾਉਣ ਦੇ ਖ਼ਤ ਕੀ ਮੈਥੋਂ ਮੋਦੀ ਦਾ ਵਿਰੋਧ ਕਰਵਾਉਣ ਲਈ ਲਿਖੇ ਸਨ ? ਉਨ੍ਹਾਂ ਦੇ ਖ਼ਤ ਅੱਜ ਵੀ ਮੇਰੇ ਕੋਲ ਪਏ ਹਨ। ਮੈਂ ਉਨ੍ਹਾਂ ਦੀ ਸਮੱਸਿਆ ਲਈ ਆਵਾਜ਼ ਉਠਾਈ ਅਤੇ ਬੈਂਕਾਂ ਦੀਆਂ ਕਈ ਸ਼ਾਖਾਵਾਂ ਅੰਦਰ ਔਰਤਾਂ ਵਾਸਤੇ ਅਲੱਗ ਤੋਂ (ਸ਼ੌਚਾਲੇ) ਟੱਟੀਆਂ ਬਣੀਆਂ। ਮੈਂ ਮੋਦੀ ਦਾ ਏਜੰਡਾ ਨਹੀਂ ਚਲਾਇਆ। ਉਹ ਮੇਰਾ ਕੰਮ ਨਹੀਂ ਸੀ। ਜੇ ਤੁਸੀਂ ਮੈਥੋਂ ਇਹ ਹੀ ਉਮੀਦ ਕਰਦੇ ਤਾਂ ਵੀ ਇਹ ਹੀ ਕਹਾਂਗਾ ਕਿ ਇਕ ਵਾਰ ਨਹੀਂ ਸੌ ਵਾਰ ਸੋਚ ਲਵੋ।

ਪੱਤਰਕਾਰੀ ਦੇ ਅੰਦਰ ਵੀ ਜਰੂਰ ਅਤੀਤ ਦੇ ਗੁਨਾਹਾਂ ਦੀਆਂ ਯਾਦਾਂ ਹਨ, ਜਿਨ੍ਹਾਂ ਨੂੰ ਮੋਦੀ ਵਕਤ–ਬੇਵਕਤ ਪ੍ਰਚਾਰਦੇ ਰਹਿੰਦੇ ਹਨ। ਪਰੰਤੂ ਉਹ ਭੁੱਲ ਜਾਂਦੇ ਹਨ ਕਿ ਉਨ੍ਹਾਂ ਦੇ ਸਮੇਂ ਦੀ ਪੱਤਰਕਾਰੀ ਦਾ ਮਾਡਲ ਵੀ ਅਤੀਤ ਦੇ ਗੁਨਾਹਾਂ ’ਤੇ ਹੀ ਅਧਾਰਤ ਹੈ। ਮੈਂ ਨਹੀਂ ਮੰਨਦਾ ਕਿ ਪੱਤਰਕਾਰੀ ਹਾਰੀ ਹੈ। ਪੱਤਰਕਾਰੀ ਖਤਮ ਹੋ ਜਾਵੇਗੀ ਇਹ ਵੱਖਰੀ ਗੱਲ ਹੈ। ਜਦੋਂ ਪੱਤਰਕਾਰੀ ਬਚੀ ਹੀ ਨਹੀਂ ਹੈ ਤਾਂ ਤੁਸੀਂ ਪੱਤਰਕਾਰੀ ਵਾਸਤੇ ਮੇਰੇ ਵੱਲ ਹੀ ਕਿਉਂ ਦੇਖ ਰਹੇ ਹੋ। ਕੀ ਤੁਸੀਂ ਸੰਪੂਰਨ ਖਾਤਮੇ ਦਾ ਸੰਕਲਪ ਲਿਆ ਹੈ। ਜਦੋਂ ਮੈਂ ਆਪਣੀ ਗੱਲ ਕਰਦਾ ਹਾਂ ਤਾਂ ਉਸ ਵਿਚ ਉਨ੍ਹਾਂ ਸਾਰੇ ਪੱਤਰਕਾਰਾਂ ਦੀਆਂ ਵੀ ਗੱਲਾਂ ਹਨ ਜੋ ਸੰਘਰਸ਼ ਕਰ ਰਹੇ ਹਨ। ਇਹ ਸੱਚ ਹੈ ਕਿ ਪੱਤਰਕਾਰੀ ਦੇ ਸੰਸਥਾਨਾਂ ਵਿਚ ਜੁੜ ਬੈਠੇ ਅਨੈਤਿਕ ਤੱਤਾਂ ਦੇ ਕਾਰਨ ਪੱਤਰਕਾਰੀ ਸਮਾਪਤ ਹੋ ਚੁੱਕੀ ਹੈ। ਉਸਦਾ ਬਚਾਅ ਇਕ ਵਿਅਕਤੀ ਨਹੀਂ ਕਰ ਸਕਦਾ। ਅਜਿਹੇ ਸਮੇਂ ਸਾਡੇ ਵਰਗੇ ਲੋਕ ਕੀ ਕਰ ਲੈਣਗੇ। ਫੇਰ ਵੀ ਅਜਿਹੇ ਕਾਰਜ ਨੂੰ ਸਿਰਫ ਮੋਦੀ ਵਿਰੋਧ ਦੀਆਂ ਐਨਕਾਂ ਵਿਚੋਂ ਦੇਖਣਾ ਠੀਕ ਨਹੀਂ ਹੋਵੇਗਾ। ਇਹ ਆਪਣੇ ਪੇਸ਼ੇ ਦੇ ਅੰਦਰ ਆਏ ਨਿਘਾਰ ਦਾ ਵਿਰੋਧ ਵੱਧ ਹੈ। ਇਹ ਗੱਲ ਮੋਦੀ ਸਮਰਥਕਾਂ ਨੂੰ ਇਸ ਦੌਰ ਵਿਚ ਸਮਝਣੀ ਹੋਵੇਗੀ। ਮੋਦੀ ਦੀ ਹਮਾਇਤ ਵੱਖਰੀ ਗੱਲ ਹੈ। ਚੰਗੀ ਪੱਤਰਕਾਰੀ ਦਾ ਸਮਰਥਨ ਅਲੱਗ ਹੈ। ਮੋਦੀ ਦੇ ਸਮਰਥਕਾਂ ਨੂੰ ਵੀ ਅਪੀਲ ਜਰੂਰ ਕਰਾਂਗਾ ਕਿ ਤੁਸੀਂ ਗੋਦੀ ਮੀਡੀਆ ਦੇ ਚੈਨਲ ਦੇਖਣੇ ਬੰਦ ਕਰ ਦਿਉ, ਅਖਬਾਰ ਪੜ੍ਹਨਾ ਬੰਦ ਕਰ ਦਿਉ। ਇਸ ਤੋਂ ਬਗੈਰ ਵੀ ਮੋਦੀ ਦੀ ਹਮਾਇਤ ਕਰਨੀ ਮੁਮਕਿਨ ਹੈ।

ਦੇਖੋ, 23 ਮਈ 2019 ਨੂੰ ਆਈ ਹਨੇਰੀ ਲੰਘ ਗਈ ਹੈ, ਪਰ ਹਵਾ ਅਜੇ ਵੀ ਤੇਜ਼ ਚੱਲ ਰਹੀ ਹੈ। ਨਰਿੰਦਰ ਮੋਦੀ ਨੇ ਭਾਰਤ ਦੀ ਜਨਤਾ ਦੇ ਦਿਲ–ਦਿਮਾਗ ’ਤੇ ਇਕੱਲਿਆਂ ਹੀ ਰਾਜ ਕਾਇਮ ਕਰ ਲਿਆ ਹੈ। 2014 ਵਿਚ ਉਨ੍ਹਾਂ ਨੂੰ ਮਨ ਤੋਂ ਵੋਟ ਮਿਲਿਆ ਸੀ, 2019 ਵਿਚ ਤਨ ਅਤੇ ਮਨ ਤੋਂ ਵੋਟ ਮਿਲਿਆ ਹੈ। ਤਨ ’ਤੇ ਆਈਆਂ ਸਾਰੀਆਂ ਮੁਸੀਬਤਾਂ ਨੂੰ ਝੱਲਦੇ ਹੋਏ ਲੋਕਾਂ ਨੇ ਮਨ ਤੋਂ ਵੋਟ ਦਿੱਤਾ ਹੈ। ਉਨ੍ਹਾਂ ਦੀ ਇਸ ਜਿੱਤ ਨੂੰ ਉਦਾਰਤਾ ਨਾਲ ਸਵੀਕਾਰ ਕੀਤਾ ਜਾਣਾ ਚਾਹੀਦਾ ਹੈ। ਮੈਂ ਵੀ ਕਰਦਾ ਹਾਂ। ਜਨਤਾ ਨੂੰ ਠੁਕਰਾ ਕੇ ਤੁਸੀਂ ਲੋਕਤੰਤਰੀ ਨਹੀਂ ਹੋ ਸਕਦੇ। ਉਸ ਖੁਸ਼ੀ ਵਿਚ ਭਵਿੱਖ ਦੇ ਖਤਰੇ ਵੇਖੇ ਜਾ ਸਕਦੇ ਹਨ। ਉਸ ਨੂੰ ਦੇਖਣ/ ਸਮਝਣ ਵਾਸਤੇ ਵੀ ਤੁਹਾਨੂੰ ਸ਼ਾਮਲ ਹੋਣਾ ਪਵੇਗਾ ਕਿ ਉਹ ਕਿਹੜੀ ਗੱਲ ਹੈ ਜੋ ਲੋਕਾਂ ਨੂੰ ਮੋਦੀ ਬਣਾਂਉਂਦੀ ਹੈ। ਲੋਕਾਂ ਨੂੰ ਮੋਦੀ ਬਨਾਉਣ ਦਾ ਮਤਲਬ ਹੈ ਆਪਣੇ ਨੇਤਾ ਨਾਲ ਇਕਮਿੱਕ ਹੋ ਜਾਣਾ। ਇਕ ਤਰ੍ਹਾਂ ਨਾਲ ਵਿਲੀਨ ਹੋ ਜਾਣਾ। ਇਹ ਅੰਨ੍ਹੀ ਭਗਤੀ ਕਹੀ ਜਾ ਸਕਦੀ ਹੈ ਅਤੇ ਇਸ ਨੂੰ ਭਗਤੀ ਦੀ ਉੱਚਤਮ ਅਵਸਥਾ ਵਜੋਂ ਵੀ ਦੇਖਿਆ ਜਾਣਾ ਚਾਹੀਦਾ ਹੈ। ਮੋਦੀ ਵਾਸਤੇ ਲੋਕਾਂ ਦਾ ਮੋਦੀ ਬਣ ਜਾਣਾ ਉਸ ਉੱਚਤਮ ਅਵਸਥਾ ਦਾ ਪ੍ਰਤੀਕ ਹੈ। ਘਰ, ਘਰ ਮੋਦੀ ਦੀ ਥਾਂ ਤੁਸੀਂ ਜਨ–ਜਨ ਮੋਦੀ ਵੀ ਕਹਿ ਸਕਦੇ ਹੋ।

ਮੈਂ ਹਮੇਸ਼ਾ ਤੋਂ ਕਹਿੰਦਾ ਰਿਹਾ ਹਾਂ ਕਿ 2014 ਦੇ ਬਾਅਦ ਤੋਂ ਇਸ ਦੇਸ਼ ਦੇ ਭੂਤਕਾਲ ਅਤੇ ਭਵਿੱਖ ਨੂੰ ਸਮਝਣ ਦੇ ਸੰਦਰਭ ਬਿੰਦੂ (ਰੈਫਰੈਂਸ ਪੁਆਇੰਟ) ਬਦਲ ਗਏ ਹਨ। ਚੋਣਾਂ ਤੋਂ ਪਹਿਲਾਂ ਹੀ ਪ੍ਰਧਾਨ ਮੰਤਰੀ ਮੋਦੀ ਨਵੇਂ ਭਾਰਤ ਦੀ ਗੱਲ ਕਰਨ ਲੱਗ ਪਏ ਸਨ। ਉਹ ਨਵਾਂ ਭਾਰਤ ਉਨ੍ਹਾਂ ਦੀ ਸੋਚ ਦਾ ਭਾਰਤ ਬਣ ਗਿਆ ਹੈ। ਲੋਕਾਂ ਵਲੋਂ ਦਿੱਤੇ ਹਰ ਫੈਸਲੇ ਅੰਦਰ ਸੰਭਾਵਨਾਵਾਂ ਅਤੇ ਸ਼ੰਕਾਵਾਂ ਹੁੰਦੀਆਂ ਹਨ। ਇਸ ਤੋਂ ਬਿਨਾਂ ਕੋਈ ਲੋਕ ਫਤਵਾ ਨਹੀਂ ਹੁੰਦਾ। ਲੋਕਾਂ ਨੇ ਜੇ ਬਹੁਤ ਸਾਰੀਆਂ ਸ਼ੰਕਾਵਾਂ ਦੇ ਹੁੰਦੇ ਹੋਏ ਇਕ ਸੰਭਾਵਨਾਂ ਨੂੰ ਚੁਣਿਅ ਹੈ ਤਾਂ ਇਸ ਦਾ ਮਤਲਬ ਹੈ ਕਿ ਉਨ੍ਹਾਂ ਦੇ ਅੰਦਰ ਉਨ੍ਹਾਂ ਸ਼ੰਕਾਵਾਂ ਨਾਲ ਨਿਪਟਣ ਜੋਗਾ ਹੌਸਲਾ ਵੀ ਹੈ। ਉਹ ਡਰੇ ਹੋਏ ਨਹੀਂ ਹਨ। ਨਾ ਤਾਂ ਇਹ ਡਰ ਵਾਲਾ ਲੋਕ ਫਤਵਾ ਹੈ ਅਤੇ ਨਾ ਹੀ ਲੋਕਾਂ ਵਲੋਂ ਦਿੱਤੇ ਇਸ ਫੈਸਲੇ ਤੋਂ ਭੈਅ–ਭੀਤ ਹੋਣਾ ਚਾਹੀਦਾ ਹੈ। ਇਤਿਹਾਸਕ ਕਾਰਨਾ ਕਰਕੇ ਜਨਤਾ ਦੇ ਅੰਦਰ ਕਈ ਸੰਦਰਭ ਬਿੰਦੂ ਉੱਭਰ ਰਹੇ ਹਨ। ਦਹਾਕਿਆਂ ਤੱਕ ਇਸ ਨੂੰ ਉਨ੍ਹਾਂ ਨੇ ਅਸੰਤੋਸ਼ ਦੇ ਰੂਪ ਵਿਚ ਦੇਖਿਆ ਹੈ। ਬਹੁਤ ਦੇਰ ਬਾਅਦ ਉਹ ਆਪਣੀ ਅਦਲ–ਬਦਲ ਦੀ ਬੇਚੈਨ੍ਹੀ ਤੋਂ ਉਕਤਾ ਗਈ। ਉਸਨੇ ਇਸ ਵਿਚਾਰ ਨੂੰ ਫੜ ਲਿਆ ਜਿੱਥੇ ਅਤੀਤ ਦੀਆਂ ਅਨੈਤਿਕਤਾਵਾਂ ਬਾਰੇ ਸਵਾਲ ਪਏ ਸਨ। ਜਨਤਾ ਬੀਤੇ ਦੀਆਂ ਅਸੰਤੋਸ਼ ਵਾਲੀਆਂ ਯਾਦਾਂ ਤੋਂ ਖਹਿੜਾ ਨਹੀਂ ਛੁਡਾ ਸਕੀ। ਇਸ ਵਾਰ ਅਸੰਤੋਸ਼ ਦੀ ਉਸ ਯਾਦ ਨੂੰ ਵਿਚਾਰਧਾਰਾ ਦੇ ਨਾਮ ’ਤੇ ਪ੍ਰਗਟ ਹੋ ਕੇ ਆਈ ਹੈ ਜਿਸ ਨੂੰ ਨਵਾਂ ਭਾਰਤ ਕਿਹਾ ਜਾ ਰਿਹਾ ਹੈ।

ਮੈਂ ਸਦਾ ਹੀ ਕਿਹਾ ਹੈ ਕਿ ਨਰਿੰਦਰ ਮੋਦੀ ਦਾ ਬਦਲ ਉਹ ਹੀ ਬਣੇਗਾ ਜਿਸ ਵਿਚ ਨੈਤਿਕ ਸ਼ਕਤੀ ਹੋਵੇਗੀ। ਤੁਸੀਂ ਮੇਰੇ ਲੇਖਾਂ ਵਿਚ ਸਦਾਚਾਰਕ ਤਕੜਾਈ ਦੀ ਗੱਲ ਦੇਖੋਗੇ। ਭਾਵੇਂ ਕਿ ਨਰਿੰਦਰ ਮੋਦੀ ਦੇ ਹੱਕ ਵਿਚ ਗੈਰ–ਸਦਾਚਾਰਕ ਸ਼ਕਤੀਆਂ ਅਤੇ ਸਾਧਨਾਂ ਦੇ ਵੱਡੇ ਭੰਡਾਰ ਹਨ ਪਰ ਜਨਤਾ ਅਤੀਤ ਦੀਆਂ ਬੇਚੈਨ ਕਰਨ ਵਾਲੀਆਂ ਯਾਦਾਂ ਨੂੰ ਗੁਣ, ਦੋਸ਼ ਵਾਂਗੂ ਦੇਖਦੀ ਹੈ। ਬਰਦਾਸ਼ਤ ਕਰ ਲੈਂਦੀ ਹੈ। ਨਰਿੰਦਰ ਮੋਦੀ ਉਸ ਬੀਤ ਗਏ ਦੇ ਅਸੰਤੋਸ਼ ਦੀਆਂ ਯਾਦਾਂ ਨੂੰ ਜੀਊਂਦਾ ਰੱਖਦੇ ਹਨ ਤੁਸੀਂ ਦੇਖੋਗੇ ਕਿ ਉਹ ਹਰ ਪਲ ਇਸ ਨੂੰ ਚਿਤਾਰਦੇ ਰਹਿੰਦੇ ਹਨ। ਜਨਤਾ ਨੂੰ ਭੂਤਕਾਲ ਦੇ ਵਰਤਮਾਨ ਵਿਚ ਰੱਖਦੇ ਹਨ। ਲੋਕਾਂ ਨੂੰ ਪਤਾ ਹੈ ਕਿ ਵਿਰੋਧ ਵਿਚ ਵੀ ਉਹ ਹੀ ਅਨੈਤਿਕ ਸ਼ਤੀਆਂ ਹਨ ਜੋ ਮੋਦੀ ਪੱਖੀ ਹਨ। ਵਿਰੋਧੀ ਧਿਰ ਨੂੰ ਲੱਗਿਆ ਕਿ ਜਨਤਾ ਅਨੈਤਿਕ ਸ਼ਕਤੀਆਂ ਵਿਚੋਂ ਉਸ ਨੂੰ ਚੁਣ ਲਵੇਗੀ। ਇਸ ਕਰਕੇ ਉਨ੍ਹਾਂ ਨੇ ਬਚੀਆਂ–ਖੁਚੀਆਂ ਅਨੈਤਿਕ ਸ਼ਕਤੀਆਂ ਦਾ ਹੀ ਸਹਾਰਾ ਲਿਆ। ਨਰਿੰਦਰ ਮੋਦੀ ਨੇ ਉਨ੍ਹਾਂ ਗੈਰ–ਸਦਾਚਾਰਕ ਸ਼ਕਤੀਆਂ ਨੂੰ ਵੀ ਕਮਜ਼ੋਰ ਅਤੇ ਖੋਖਲਾ ਕਰ ਦਿੱਤਾ। ਵਿਰੋਧੀ ਧਿਰਾਂ ਦੇ ਨੇਤਾ ਬੀ ਜੇਪੀ ਵੱਲ ਭੱਜਣ ਲੱਗੇ। ਵਿਰੋਧੀ ਧਿਰ ਆਪਣੇ ਮਨੁੱਖੀ ਅਤੇ ਆਰਥਿਕ ਸਾਧਨਾਂ ਵਲੋਂ ਵੀ ਖਾਲੀ ਹੋਣ ਲੱਗੀ। ਦੋਹਾਂ ਦਾ ਅਧਾਰ ਅਨੈਤਿਕ ਸ਼ਕਤੀਆਂ ਹੀ ਸਨ। ਪਰ ਇਸ ਹਾਲਾਤ ਨੇ ਵਿਰੋਧੀ ਧਿਰ ਵਾਸਤੇ ਨਵਾਂ ਮੌਕਾ ਪੈਦਾ ਕੀਤਾ ਕਿ ਉਹ ਚੋਣਾਂ ਦਾ ਫਿਕਰ ਕਰਨ ਦੀ ਥਾਂ ਆਪਣੇ ਰਾਜਨੀਤਕ ਅਤੇ ਵਿਚਾਰਕ ਪੱਧਰ ਦੇ ਪੁਨਰਜੀਵਨ ਪ੍ਰਾਪਤ ਕਰਦੇ। ਉਨ੍ਹਾਂ ਨੇ ਅਜਿਹਾ ਨਹੀਂ ਕੀਤਾ।

ਵਿਰੋਧੀ ਧਿਰਾਂ ਨੂੰ ਬੀਤੇ ਵਿਚਲੇ ਅਸੰਤੋਸ਼ ਦੇ ਕਾਰਨਾਂ ਵਾਸਤੇ ਮਾਫੀ ਮੰਗਣੀ ਚਾਹੀਦੀ ਹੈ। ਨਵਾਂ ਭਰੋਸਾ ਦੇਣਾ ਸੀ ਕਿ ਅੱਗੇ ਵਾਸਤੇ ਅਜਿਹਾ ਨਹੀਂ ਹੋਵੇਗਾ। ਇਸ ਨੂੰ ਅੱਗੇ ਤੋਰਨ ਵਾਸਤੇ ਤੇਜ ਧੁੱਪਾਂ ਵਿਚ ਅੱਗੇ ਚੱਲਣਾ ਪੈਣਾ ਸੀ। ਉਨ੍ਹਾਂ ਨੇ ਇਹ ਵੀ ਨਹੀਂ ਕੀਤਾ। 2014 ਤੋਂ ਬਾਅਦ ਚਾਰ ਸਾਲ ਤੱਕ ਘਰ ਬੈਠੇ ਰਹੇ। ਜਨਤਾ ਵਿਚ ਜਨਤਾ ਵਾਂਗ ਨਹੀਂ ਵਿਚਰੇ। ਲੋਕਾਂ ਦੀਆਂ ਸਮੱਸਿਆਵਾਂ ਬਾਰੇ ਭਾਵਪੂਰਤ ਬੋਲੇ ਅਤੇ ਘਰ ਆ ਕੇ ਬੈਠ ਗਏ। 2019 ਆਇਆ ਤਾਂ ਉਸ ਨੇ ਬਚੇ–ਖੁਚੇ ਅਨੈਤਿਕ ਸ਼ਕਤੀਆਂ ਦੇ ਸਮੀਕਰਨ ਦੇ ਆਸਰੇ ਵਿਆਪਕ, ਅਨੈਤਿਕ ਜੋਰਾਵਰਾਂ ਨਾਲ ਟੱਕਰਨ ਦੀ ਖਾਹਿਸ਼ ਪਾਲ ਬੈਠੇ। ਵਿਰੋਧੀ ਧਿਰ ਨੂੰ ਸਮਝਣਾ ਚਾਹੀਦਾ ਸੀ ਕਿ ਵੱਖੋ–ਵੱਖ ਪਾਰਟੀਆਂ ਦੀ ਪ੍ਰਸੰਗਿਕਤਾ ਖਤਮ ਹੋ ਚੁੱਕੀ ਹੈ। ਸਮਾਜਵਾਦੀ ਪਾਰਟੀ ਅਤੇ ਬਹੁਜਨ ਸਮਾਜ ਪਾਰਟੀ ਜਾਂ ਰਾਸ਼ਟਰੀ ਜਨਤਾ ਦਲ ਦੇ ਦੁਆਰਾ ਜੋ ਸਮਾਜਿਕ ਸੰਤੁਲਨ ਆਇਆ ਸੀ ਅੱਜ ਉਸਦੀ ਕੋਈ ਭੂਮਿਕਾ ਨਹੀਂ ਰਹੀ।

ਭਾਵੇਂ ਇਨ੍ਹਾਂ ਪਾਰਟੀਆਂ ਨੇ ਸਮਾਜ ਦੇ ਪਿਛੜੇ ਅਤੇ ਸੋਸ਼ਿਤ ਤਬਕਿਆਂ ਨੂੰ ਸੱਤਾ ਦਾ ਚੱਕਰ ਘੁਮਾ ਕੇ ਅੱਗੇ ਲਿਆਉਣ ਦਾ ਇਤਿਹਾਸਕ ਕੰਮ ਕੀਤਾ। ਪਰ ਇਹ ਕਾਰਜ ਕਰਦਿਆਂ ਉਹ ਹੋਰ ਪਛੜਿਆਂ ਅਤੇ ਸੋਸ਼ਿਤਾਂ/ ਲੁੱਟੇ–ਪੁੱਟੇ ਜਾਂਦਿਆਂ ਨੂੰ ਭੁੱਲ ਗਏ। ਇਨ੍ਹਾਂ ਪਾਰਟੀਆਂ ਵਿਚ ਉਨ੍ਹਾਂ ਦੀ ਪ੍ਰਤੀਨਿਧਤਾ ਉਸ ਤਰ੍ਹਾਂ ਹੀ ਅਰਥਹੀਣ ਹੋ ਗਈ ਜਿਵੇਂ ਬਾਕੀ ਪਾਰਟੀਆਂ ਵਿਚ ਹੁੰਦੀ ਹੈ। ਹੁਣ ਇਨ੍ਹਾਂ ਪਾਰਟੀਆਂ ਦੀ ਪ੍ਰਸੰਗਿਕਤਾ ਨਹੀਂ ਬਚੀ ਹੈ ਤਾਂ ਪਾਰਟੀਆਂ ਨੂੰ ਭੰਗ ਕਰਨ ਦਾ ਸਾਹਸ ਵੀ ਹੋਣਾ ਚਾਹੀਦਾ ਹੈ। ਆਪਣੀਆਂ ਪੁਰਾਣੀਆਂ ਆਸ਼ਾਵਾਂ ਨੂੰ ਛੱਡਣਾ ਚਾਹੀਦਾ ਹੈ। ਭਾਰਤ ਦੀ ਜਨਤਾ ਹੁਣ ਹੋਰ ਨਵੇਂ ਵਿਚਾਰਾਂ ਅਤੇ ਨਵੀਂ ਸਿਆਸੀ ਧਿਰ ਦਾ ਸਵਾਗਤ ਕਰੇਗੀ। ਉਦੋਂ ਤੱਕ ਇਹ ਨਰਿੰਦਰ ਮੋਦੀ ਦੇ ਵਿਚਾਰ ਨਾਲ ਚੱਲੇਗੀ।

ਸਮਾਜ ਅਤੇ ਰਾਜਨੀਤੀ ਦਾ ਹਿੰਦੂਕਰਨ ਹੋ ਗਿਆ ਹੈ। ਇਹ ਸਥਾਈ ਰੂਪ ਵਿਚ ਹੋਇਆ ਹੈ, ਮੈਂ ਨਹੀਂ ਮੰਨਦਾ। ਉਸ ਤਰ੍ਹਾਂ ਹੀ ਜਿਵੇਂ ਜਿਵੇਂ ਬਹੁਜਨ ਸ਼ਕਤੀਆਂ ਦਾ ਉਭਾਰ ਸਥਾਈ ਨਹੀਂ ਸੀ, ਇਸੇ ਤਰ੍ਹਾਂ ਇਹ ਵੀ ਨਹੀਂ ਹੈ। ਇਹ ਇਤਿਹਾਸ ਦਾ ਪਹੀਆ ਹੈ ਜੋ ਘੁੰਮਿਆਂ ਹੈ। ਜਿਵੇਂ ਮਾਇਆਵਤੀ ਸਵਰਨਾਂ (ਉੱਚ ਜਾਤੀਆਂ) ਦੇ ਸਮਰਥਨ ਨਾਲ ਮੁੱਖ ਮੰਤਰੀ ਬਣੀ ਸੀ, ਉਸੇ ਤਰ੍ਹਾਂ ਹੀ ਸੰਘ ਅਜ ਬਹੁਜਨਾਂ ਦੀ ਹਮਾਇਤ ਨਾਲ ਹਿੰਦੂ ਰਾਸ਼ਟਰ ਬਣਾ ਰਿਹਾ ਹੈ। ਜੋ ਸਵਰਨ ਸਨ ਉਹ ਆਪਣੀ ਜਾਤੀ ਦੀ ਪੂੰਜੀ ਲੈ ਕੇ ਕਦੇ ਸਪਾ–ਬਸਪਾ ਅਤੇ ਕਦੇ ਰਾਜਦ ਦੇ ਮੰਚਾਂ ’ਤੇ ਆਪਣਾ ਸਹਾਰਾ ਢੂੰਡ ਰਹੇ ਸਨ। ਜਦੋਂ ਉਨ੍ਹਾਂ ਦੀ ਉੱਥੇ ਪੁੱਛ–ਪ੍ਰਤੀਤ ਵਧੀ ਤਾਂ ਬਾਕੀ ਬਚਿਆ ਬਹੁਜਨ, ਸਰਵਜਨ ਦੇ ਬਣਾਏ ਮੰਚ ਵੱਲ ਚਲਾ ਗਿਆ।



ਰਵੀਸ਼ ਕੁਮਾਰ

ਬਹੁਜਨ ਰਾਜਨੀਤੀ ਨੇ ਕਦੋਂ ਜਾਤੀ ਦੇ ਖਿਲਾਫ ਰਾਜਨੀਤਕ ਅੰਦੋਲਨ ਚਲਾਇਆ। ਜਾਤਾਂ ਨੂੰ ਜੋੜਨ ਦੀ ਰਾਜਨੀਤੀ ਸੀ ਤਾਂ ਸੰਘ ਨੇ ਵੀ ਜਾਤਾਂ ਨੂੰ ਜੋੜਨ ਦੀ ਰਾਜਨੀਤੀ ਖੜ੍ਹੀ ਕਰ ਦਿੱਤੀ। ਭਾਵੇਂ ਖੇਤਰੀ ਪਾਰਟੀਆਂ ਨੇ ਬਾਅਦ ’ਚ ਵਿਕਾਸ ਦੀ ਰਾਜਨੀਤੀ ਵੀ ਕੀਤੀ ਅਤੇ ਕੁੱਝ ਹੋਰ ਕੰਮ ਵੀ ਕੀਤੇ। ਪਰੰਤੂ ਕੌਮੀ ਪੱਧਰ ’ਤੇ ਆਪਣੀ ਭੂਮਿਕਾ ਨੂੰ ਹਾਈਵੇ ਬਨਾਉਣ ਤੱਕ ਸੀਮਤ ਕਰ ਗਏ। ਚੰਦਰਭਾਨ ਪ੍ਰਸਾਦ ਦੀ ਇਕ ਗੱਲ ਚੇਤੇ ਆਉਂਦੀ ਹੈ ਉਹ ਕਹਿੰਦੇ ਸਨ ਕਿ ਮਾਇਆਵਤੀ ਆਰਥਕ ਮੁੱਦਿਆਂ ’ਤੇ ਕਿਉਂ ਨਹੀਂ ਬੋਲਦੀ। ਇਹੀ ਹਾਲ ਸਾਰੀਆਂ ਖੇਤਰੀ ਪਾਰਟੀਆਂ ਦਾ ਹੈ। ਉਹ ਆਪਣੇ ਸੂਬੇ ਦੀ ਰਾਜਨੀਤੀ ਤਾਂ ਕਰਦੇ ਹਨ ਪਰ ਦੇਸ਼ ਦੀ ਰਾਜਨੀਤੀ ਕਰਨ ਤੋਂ ਵਾਂਝੇ ਰਹਿ ਜਾਂਦੇ ਹਨ।

ਬਹੁਜਨ ਦੇ ਰੂਪ ਵਿਚ ਉੱਭਰਕੇ ਆਈਆਂ ਪਾਰਟੀਆਂ ਆਪਣੀ ਵਿਚਾਰਧਾਰਾ ਦੀ ਕਿਤਾਬ ਕਦੋਂ ਦੀਆਂ ਪਰਾਂਹ ਸੁੱਟ ਚੁੱਕੀਆਂ ਹਨ। ਉਨ੍ਹਾਂ ਕੋਲ ਅੰਬੇਦਕਰ ਵਰਗੇ ਸਭ ਤੋਂ ਵੱਧ ਤਰਕਸ਼ੀਲ ਵਿਅਕਤੀ ਹਨ, ਪਰੰਤੂ ਅੰਬੇਦਕਰ ਹੁਣ ਪ੍ਰਤੀਕ ਅਤੇ ਹੰਕਾਰ ਦਾ ਕਾਰਨ ਬਣ ਗਏ ਹਨ। ਛੋਟੇ ਛੋਟੇ ਗਰੁੱਪ ਚਲਾਉਣ ਦਾ ਸਬੱਬ ਬਣ ਗਏ ਹਨ। ਸਾਡੇ ਮਿੱਤਰ ਰਾਕੇਸ਼ ਪਾਸਵਾਨ ਠੀਕ ਕਹਿੰਦੇ ਹਨ ਕਿ ਦਲਿਤ ਰਾਜਨੀਤੀ ਦੇ ਨਾਮ ’ਤੇ ਹੁਣ ਪਾਰਟੀਆਂ (ਸੰਗਠਨਾਂ) ਦੇ ਪ੍ਰਧਾਨ ਹੀ ਮਿਲਦੇ ਹਨ ਰਾਜਨੀਤੀ ਨਹੀਂ ਲੱਭਦੀ। ਬਹੁਜਨ ਰਾਜਨੀਤੀ ਇਕ ਦੁਕਾਨ ਬਣ ਗਈ ਹੈ ਜਿਵੇਂ ਗਾਂਧੀਵਾਦ ਇਕ ਦੁਕਾਨ ਹੈ। ਅਜਿਹੀ ਸਥਿਤੀ ਵਿਚ ਵਿਚਾਰਧਾਰਾ ਨੂੰ ਅਪਣਾਇਆ ਵਿਅਕਤੀ ਅੱਜ ਤੱਕ ਕੋਈ ਰਾਜਨੀਤਕ ਬਦਲ ਨਹੀਂ ਬਣਾ ਸਕਿਆ। ਉਹ ਪਾਰਟੀ ਨਹੀਂ ਬਣਾਉਂਦਾ ਆਪਣੇ ਹਿਤਾਂ ਵਾਸਤੇ ਜਥੇਬੰਦੀਆਂ ਬਣਾਉਂਦਾ ਹੈ। ਆਪਣੀ ਜਾਤੀ ਦੀ ਦੁਕਾਨ ਦੇ ਆਸਰੇ ਇਕ ਪਾਰਟੀ ਤੋਂ ਦੂਜੀ ਪਾਰਟੀ ਵੱਲ ਜਾਣ–ਆਉਣ ਕਰਦਾ ਹੈ। ਉਸਦੇ ਅੰਦਰ ਵੀ ਹੰਕਾਰ ਆ ਗਿਆ ਹੈ। ਉਹ ਬਸਪਾ ਜਾਂ ਬਹੁਜਨ ਪਾਰਟੀਆਂ ਦੀਆਂ ਘਾਟਾਂ ਬਾਰੇ ਚੁੱਪ ਰਹਿਣ ਲੱਗਾ।

ਇਹ ਹੰਕਾਰ ਹੀ ਸੀ ਕਿ ਮੇਰੇ ਵਰਗਿਆਂ ਦੇ ਲਿਖੇ ਹੋਏ ਨੂੰ ਵੀ ਜਾਤੀ ਦੇ ਅਧਾਰ ’ਤੇ ਖਾਰਿਜ ਕੀਤਾ ਜਾਣ ਲੱਗਾ। ਮੈਂ ਆਪਣੀ ਪ੍ਰਤੀਬੱਧਤਾ ਤੋਂ ਪਾਸੇ ਨਾ ਹਿੱਲਿਆ ਪਰ ਪ੍ਰਤੀਬੱਧਤਾ ਦੀ ਦੁਕਾਨ ਚਲਾਉਣ ਵਾਲੇ ਅੰਬੇਦਕਰ ਦੇ ਨਾਮ ਦੀ ਵਰਤੋਂ ਹਥਿਆਰ ਵਾਂਗ ਕਰਨ ਲੱਗੇ। ਉਹ ਲੋਕਾਂ ਨੂੰ ਹੁਕਮ ਦੇਣ ਲੱਗੇ ਕਿ ਕਿਸੇ ਨੂੰ ਕੀ ਲਿਖਣਾ ਚਾਹੀਦਾ ਹੈ। ਜਿਸ ਤਰ੍ਹਾਂ ਭਾਜਪਾ ਦੇ ਸਮਰਥਕ ਰਾਸ਼ਟਰਵਾਦ ਦੇ ਸਰਟੀਫਿਕੇਟ ਵੰਡਦੇ ਹਨ। ਉਸੇ ਤਰ੍ਹਾਂ ਅੰਬੇਦਕਰਵਾਦੀਆਂ ਦੇ ਕੁੱਝ ਲੋਕ ਵੀ ਸਰਟੀਫਿਕੇਟ ਵੰਡਣ ਲੱਗ ਪਏ ਹਨ। ਸਾਨੂੰ ਸਮਝ ਲੈਣਾ ਚਾਹੀਦਾ ਹੈ ਕਿ ਬਹੁਜਨ ਵਾਲੇ ਪਾਸੇ ਵੀ ਕੋਈ ਕਾਂਸ਼ੀ ਰਾਮ ਨਹੀਂ ਹੈ। ਕਾਂਸ਼ੀ ਰਾਮ ਦੀ ਪ੍ਰਤੀਬੱਧਤਾ ਦਾ ਕੋਈ ਮੁਕਾਬਲਾ ਨਹੀਂ, ਉਹ ਵਿਚਾਰਾਂ ਦੀ ਪ੍ਰਤੀਬੱਧਤਾ ਸੀ। ਹੁਣ ਸਾਡੇ ਕੋਲ ਪ੍ਰਕਾਸ਼ ਅੰਬੇਦਕਰ ਹਨ ਜੋ ਅੰਬੇਦਕਰ ਦੇ ਨਾਮ ’ਤੇ ਛੋਟੇ ਉਦੇਸ਼ ਦੀ ਰਾਜਨੀਤੀ ਕਰਦੇ ਹਨ। ਇਹ ਹੀ ਹਾਲ ਲੋਹੀਆ ਦਾ ਵੀ ਹੋਇਆ ਹੈ। ਜੋ ਅੰਬੇਦਕਰ ਨੂੰ ਲੈ ਕੇ ਪ੍ਰਤੀਬੱਧ ਹਨ ਉਨ੍ਹਾਂ ਦੀ ਸਥਿਤੀ ਵੀ ਗਾਂਧੀ ਨਾਲ ਪ੍ਰਤੀਬੱਧਤਾ ਵਾਲੇ ਗਾਂਧੀਵਾਦੀਆਂ ਵਰਗੀ ਹੀ ਹੈ। ਦੋਵੇਂ ਹਾਸ਼ੀਏ ’ਤੇ ਜੀਊਣ ਵਾਸਤੇ ਮਜਬੂਰ ਹਨ। ਬਦਲ ਗੱਠਜੋੜ ਨਹੀਂ ਵਿਲੀਨ ਹੋਣਾ ਹੈ, ਪੁਨਰ ਜੀਵਨ ਹੈ। ਅਗਲੀਆਂ ਚੋਣਾਂ ਵਾਸਤੇ ਨਹੀਂ, ਭਾਰਤ ਦੇ ਬਦਲਵੇਂ ਭਵਿੱਖ ਵਾਸਤੇ ਹੈ।

ਤੁਸੀਂ ਦੇਖਿਆ ਹੋਵੇਗਾ ਲੰਘੇ ਪੰਜ ਸਾਲਾਂ ਵਿਚ ਮੈਂ ਇਨ੍ਹਾਂ ਪਾਰਟੀਆਂ ਬਾਰੇ ਘੱਟ ਨਹੀਂ ਲਿਖਿਆ। ਖੱਬੀਆਂ ਧਿਰਾਂ ਬਾਰੇ ਬਿਲਕੁੱਲ ਨਹੀਂ ਲਿਖਿਆ। ਮੈਂ ਮੰਨਦਾ ਹਾਂ ਕਿ ਖੱਬੀਆਂ ਧਿਰਾਂ ਦੀ ਵਿਚਾਰਧਾਰਾ ਅੱਜ ਵੀ ਪ੍ਰਸੰਗਿਕ ਹੈ। ਪਰ ਇਨਾਂ ਦੀਆਂ ਪਾਰਟੀਆਂ ਅਤੇ ਇਨ੍ਹਾਂ ਪਾਰਟੀਆਂ ਦੇ ਅੰਦਰ ਆਪਣਾ ਸਮਾਂ ਗੁਜ਼ਾਰ ਰਹੀ ਰਾਜਨੀਤਕ ਮਨੁੱਖੀ ਸ਼ਕਤੀ ਪ੍ਰਸੰਗਿਕ ਨਹੀਂ ਹੈ। ਉਨ੍ਹਾਂ ਦੀ ਭੂਮਿਕਾ ਸਮਾਪਤ ਹੋ ਚੁੱਕੀ ਹੈ। ਉਹ ਸੜ ਰਿਹਾ ਹੈ। ਉਨ੍ਹਾਂ ਕੋਲ ਸਿਰਫ ਪਾਰਟੀ ਦਫਤਰ ਬਚੇ ਹਨ। ਕੰਮ ਕਰਨ ਲਈ ਕੁੱਝ ਨਹੀਂ ਬਚਿਆ। ਖੱਬੀਆਂ ਧਿਰਾਂ ਦੇ ਲੋਕ ਸ਼ਿਕਾਇਤ ਕਰਦੇ ਰਹਿੰਦੇ ਸਨ ਕਿ ਤੁਹਾਡੇ ਪ੍ਰੋਗਰਾਮ ਵਿਚ ਖੱਬੀ ਧਿਰ ਨਹੀਂ ਹੁੰਦੀ। ਕਿਉਂਕਿ ਧਿਰ ਦੇ ਪੱਖੋਂ ਉਨ੍ਹਾਂ ਦੀ ਭੂਮਿਕਾ ਸਮਾਪਤ ਹੋ ਚੁੱਕੀ ਸੀ। ਭਾਵੇਂ ਕਿ ਮਹਾਂਰਾਸ਼ਟਰ ਵਿਚ ਕਿਸਾਨ ਅੰਦੋਲਨ ਚਲਾਉਣ ਦਾ ਕੰਮ ਬੀਜੂ ਕ੍ਰਿਸ਼ਣਨ ਵਰਗੇ ਲੋਕਾਂ ਨੇ ਕੀਤਾ, ਇਹ

(ਬਾਕੀ ਅਗਲੇ ਸਫੇ ‘ਤੇ)

# ਨੇੜਿਉ ਵੇਖਿਆ 6 ਜੂਨ



ਸ. ਦਲਵਿੰਦਰ ਸਿੰਘ ਘੁੰਮਣ
0033630073111

ਦਰਬਾਰ ਸਾਹਿਬ ਪੂਰਾ ਕੰਪਲੈਕਸ ਚਿੱਟੀ ਪੁਲਿਸ ਅਤੇ ਟਾਸਕ ਫੋਰਸਾਂ ਨਾਲ ਭਰਿਆ ਇਵੇਂ ਮਹਿਸੂਸ ਹੁੰਦਾ ਹੈ ਜਿਵੇਂ ਹੁਣ ਹਰ ਸਾਲ 6 ਜੂਨ ਨੂੰ ਦੁਬਾਰਾ ਹਮਲਾ ਹੁੰਦਾ ਹੋਵੇ। ਜਿਸ ਹੁੱਲੜਬਾਜ਼ੀ ਨੂੰ ਖਾਲਿਸਤਾਨੀਆ ਦੇ ਵਿਰੋਧ ਵਿੱਚ ਪ੍ਰਚਾਰਿਆ ਜਾਂਦਾ ਹੈ ਉਹ ਅਸਲ ਵਿੱਚ ਦੁਨੀਆਂ ਵਿੱਚੋਂ ਆਏ ਪੰਥ ਦਰਦੀਆਂ ਦਾ ਰੋਸ, ਦਰਦ ਜੋ ਭਾਰਤੀ ਹਕੂਮਤ ਵਲੋਂ ਸਿੱਖਾਂ ਨੂੰ 1984 ਵਿੱਚ ਦਿੱਤਾ ਗਿਆ ਸੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਬੰਦਿਆਂ ਵਲੋਂ ਯੋਜਨਾਬੰਦ ਤਰੀਕੇ ਨਾਲ ਆਪਣੀਆਂ ਲਾਲ, ਚਿੱਟੀਆਂ ਫੋਰਸਾਂ ਦੁਆਰਾ ਸਾਰੀ ਕੌਮ ਦੀ ਧਾਰਮਿਕ ਆਸਥਾ ਅਤੇ ਦੁਨੀਆਂ ਦੇ ਨਿਵੇਕਲੇ ਤਖਤ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਮਰਿਆਦਾ ਨੂੰ ਢਾਹ ਲਾਈ ਜਾਂਦੀ ਹੈ। ਦਹਿਸ਼ਤ ਚਰਮ ਸੀਮਾ ਤੇ ਹੁੰਦੀ ਹੈ।ਹਰ ਥਾਂ ਸੀ ਸੀ ਟੀ ਕੈਮਰਿਆਂ, ਸੀ ਆਈ ਡੀ ਦੇ ਬੰਦਿਆਂ ਦੁਆਰਾ ਸਾਰੇ ਦਰਬਾਰ ਸਾਹਿਬ ਦੇ ਗਲਿਆਰਿਆਂ, ਛੱਥਾਂ, ਗੈਲਰੀਆਂ ਵਿੱਚ ਮੋਬਾਈਲਾਂ ਰਾਹੀਂ ਵੀਡੀਓ ਬਣਾਉਂਦਿਆਂ ਆਮ ਵੇਖਿਆ ਜਾ ਸਕਦਾ ਹੈ।

ਅਕਾਲ ਦੇ ਤਖਤ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਿਖਾਂ ਵਿੱਚ ਹੁਕਮ, ਆਦੇਸ਼, ਮਰਿਆਦਾ, ਅਹਿਮੀਅਤ ਸਭ ਤੋਂ ਸੁਪਰੀਮ ਹੈ। 35 ਸਾਲ ਪਹਿਲਾਂ ਸਿੱਖਾਂ ਉਪਰ ਵਾਪਰੇ ਹਿੰਦੂਤਵੀ ਸੋਚ ਦੇ ਕਹਿਰ ਨੇ ਜਿਥੇ ਹਜ਼ਾਰਾਂ ਨਿਰਦੋਸ਼ ਸਿੱਖਾਂ ਦੀ ਸ਼ਹਾਦਤ ਲਈ, ਉੱਥੇ ਵੱਡਾ ਦਰਦ, ਚੀਸ ਸਿੱਖਾਂ ਦੇ ਮਨਾਂ ਉਪਰ ਉਕਰ ਗਈ। 6 ਜੂਨ ਦਾ ਹਫਤਾ ਬਹੁਤ ਅਸਹਿਣਸੀਲ ਸਮਾਂ ਹੁੰਦਾ ਹੈ। ਦੇਸ਼ ਵਿਦੇਸ਼ਾਂ ਵਿੱਚੋਂ ਭਰ ਗਰਮੀ ਵਿੱਚ ਜਜ਼ਬਾਤੀ ਹਿਰਦੇ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਪਹੁੰਚ ਕੇ ਵਿਛੜਿਆਂ ਲਈ ਅਰਦਾਸ ਕਰਦੇ ਹਨ। ਹਰ ਸਿੱਖ ਦੀ ਅੱਖ ਨਮ ਹੁੰਦੀ ਹੈ, ਵੈਰਾਗ ਵਿੱਚ ਆਈਆਂ ਸੰਗਤਾਂ ਨੂੰ ਰੋਂਦਿਆ ਵੇਖਿਆ ਜਾ ਸਕਦਾ ਹੈ। ਜੂਨ ਮਹੀਨੇ ਛਾਉਣੀ ਵਿੱਚ ਤਬਦੀਲ ਸ੍ਰੀ ਅੰਮ੍ਰਿਤਸਰ ਸਾਹਿਬ ਵਿੱਚ ਥਾਂ ਥਾਂ ਚੈਕਿੰਗ, ਬੰਦ ਰਸਤੇ ਜਾਂ ਤਬਦੀਲ ਰਸਤਿਆਂ ਵਿਚੋਂ ਗੁਜ਼ਰਦੇ ਹਰ ਪ੍ਰਾਣੀ ਨੂੰ ਸ਼ੱਕ ਦੀ ਨਿਗਾਹ ਨਾਲ ਵੇਖਿਆ ਜਾਂਦਾ ਹੈ। ਪ੍ਰਬੰਧਕ ਕਮੇਟੀ ਵਲੋਂ ਰਿਹਾਇਸ਼ ਵਾਸਤੇ ਆਮ ਲੋਕਾਂ ਲਈ ਸਰਾਵਾਂ ਦੇ ਦਰਵਾਜ਼ੇ ਬੰਦ ਕੀਤੇ ਜਾਂਦੇ ਹਨ। ਇਕ ਜਥੇਬੰਦੀ ਵਲੋਂ ਬੰਦ ਦੀ ਕਾਲ ਨਾਲ ਲੋਕਾਂ ਵਿੱਚ ਭੰਬਲ ਭੂਸਾ, ਪਰੇਸ਼ਾਨੀ ਵਿੱਚ ਵਾਧਾ ਹੁੰਦਾ ਹੈ ਗਰਮੀ ਵਿੱਚ ਖਾਣ ਪੀਣ ਦੀਆਂ ਦੁਕਾਨਾਂ ਬੰਦ ਹੋਣ ਕਾਰਨ ਬੱਚੇ ਅਤੇ ਬਜ਼ੁਰਗਾਂ ਲਈ ਸਥਿਤੀ ਹੋਰ ਵੀ ਖੱਜਲ ਖੁਆਰੀ ਵਾਲੀ ਹੋ ਜਾਂਦੀ ਹੈ। ਇਹ ਹਫਤਾ ਸ਼੍ਰੋਮਣੀ ਕਮੇਟੀ ਵਲੋਂ ਰੋਸ ਵਜੋਂ ਮਨਾਉਣ ਨਾਲੋਂ ਵੱਧ ਭੁੱਲਣ ਦੀ ਕਾਰਜ-ਸ਼ੈਲੀ ਅਪਣਾਈ ਜਾਂਦੀ ਹੈ। ਸਿੱਖ ਸੰਘਰਸ਼ ਵਿੱਚ ਵਿਚਰ ਰਹੀਆਂ ਪਾਰਟੀਆਂ, ਜਥੇਬੰਦੀਆਂ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਪਹੁੰਚ ਕੇ ਆਪਣਾ ਰੋਸ ਪ੍ਰਦਰਸ਼ਨ ਕਰਦੀਆਂ ਹਨ। ਆਪਣੇ ਸੰਦੇਸ਼ ਵੀ



ਕੌਮ ਦੇ ਨਾਂ ਹੇਠ ਪੜ੍ਹਦੀਆਂ ਹਨ। 5 ਜੂਨ ਰਾਤ ਤੜਕੇ ਹੀ ਅਕਾਲ ਤਖਤ ਸਾਹਿਬ ਦੇ ਆਲੇ ਦੁਆਲੇ ਥਾਂਵਾਂ ਉਪਰ ਟਾਸਕ ਫੋਰਸ ਆਪਣੇ ਮਿਲੇ ਹੁਕਮਾਂ ਦੁਆਰਾ ਸਭ ਪਾਸੇ ਜੰਗਲੇ ਲਾ ਕੇ ਸ਼੍ਰੋਮਣੀ ਕਮੇਟੀ ਮੁਲਾਜ਼ਮਾਂ ਅਤੇ ਹੋਰ ਸਹਿਯੋਗੀ ਸੰਪਰਦਾਵਾਂ ਦੇ ਵੱਖ ਵੱਖ ਟੋਲਿਆਂ ਦੇ ਰੂਪ ਵਿੱਚ ਸਾਰੀ ਥਾਂਵਾਂ ਤੇ ਯਾਤਰੀਆਂ ਵਾਂਗ ਬੈਠ ਜਾਂਦੇ ਹਨ। ਥਾਂ ਜੋ ਭੁਲੇਖਾ ਰਹੇ ਕਿ ਸਭ ਯਾਤਰੀ ਹਨ। ਇਸ ਵਾਰ ਇੰਨਾ ਥਾਂਵਾਂ ਉਪਰ ਕਿਸੇ ਦੂਸਰੀ ਪਾਰਟੀ, ਜਥੇਬੰਦੀ ਦੇ ਨੁਮਾਇੰਦਿਆਂ ਜਾਂ ਵਰਕਰਾਂ ਨੂੰ ਪੂਰੀਆਂ ਰੋਕਾਂ ਲਾ ਨਾ ਬੈਠਣ ਦਿੱਤਾ ਗਿਆ ਨਾ ਹੀ ਹਰ ਸਾਲ ਦੀ ਤਰ੍ਹਾਂ ਬੋਲਣ ਦਿੱਤਾ ਗਿਆ। ਜੋ ਵਕਤ ਅਨੁਸਾਰ ਵੱਖਰੀ ਥਾਂ ਉਪਰ ਕੀਤਾ ਗਿਆ ਥਾਂ ਜੋ ਟਕਰਾਅ ਦਾ ਮਾਹੌਲ ਕਮੇਟੀ ਬਣਾਉਣਾ ਚਾਹੁੰਦੀ ਸੀ। ਉਸ ਤੋ ਬਚਿਆ ਗਿਆ।

ਅਕਾਲ ਤਖ਼ਤ ਸਾਹਿਬ ਦੇ ਅੰਦਰ ਜਾ ਕੇ ਨਮ ਮਸਤਕ ਹੋਣਾ ਅਸੰਭਵ ਸੀ ਕਿਉਂਕਿ ਪਉੜੀਆਂ ਦੇ ਉਪਰ ਪਹਿਲਾਂ ਹੀ ਵੱਡਾ ਹਜੂਮ ਖੜ੍ਹਾ ਕਰ ਦਿੱਤਾ ਜਾਂਦਾ ਹੈ। ਜਿਸ ਵਿੱਚੋਂ ਇਸ਼ਾਰੇ ਰੂਪੀ ਵਿਅਕਤੀਆਂ ਨੂੰ ਲੰਘਣ ਦਿੱਤਾ ਜਾਂਦਾ ਹੈ। ਜਦੋਂ ਕਿ ਲਾਇਨ ਵਿੱਚ ਜਾ ਕੇ ਤੁਸੀਂ ਬਹੁਤ ਅਰਾਮ ਨਾਲ ਮੱਥਾਂ ਟੇਕ ਸਕਦੇ ਹੋ। ਕਿਉਂਕਿ ਅੰਦਰ ਕਾਫੀ ਥਾਂ ਹੁੰਦੀ ਹੈ ਜਿਸ ਵਿੱਚੋਂ ਸਹਿਜੇ ਹੀ ਦੂਸਰੇ ਦਰਵਾਜ਼ੇ ਰਾਹੀ ਬਾਹਰ ਜਾਇਆ ਜਾ ਸਕਦਾ ਹੈ। ਦੂਸਰੀਆਂ ਜਥੇਬੰਦੀਆਂ ਜਾ ਪਾਰਟੀਆਂ ਦੇ ਨੁਮਾਇੰਦਿਆਂ ਦੇ ਬੈਠਣ ਦੀ ਥਾਂ ਨਹੀਂ ਦਿੱਤੀ ਜਾਂਦੀ। ਬਾਹਰ ਨਿਕਲਣ ਸਾਰ ਹੀ ਹੇਠਾਂ ਨੂੰ ਉਤਰਦੇ ਰਸਤੇ (ਪੌੜੀਆਂ) ਨੂੰ ਸੀਲ ਕੀਤਾ ਗਿਆ ਸੀ। ਜਿਸ ਉਪਰ ਸਿੱਖ ਜਥੇਬੰਦੀਆਂ ਆਪਣਾ ਸੰਦੇਸ਼ ਜਾ ਰੋਸ ਵਿਅਕਤ ਕਰਦੀਆਂ ਹਨ।

ਇਸ ਵਾਰ ਜਥੇਦਾਰ ਦੇ ਬਹੁਤ ਹੀ ਸੰਖੇਪ ਭਾਸ਼ਨ ਵਿੱਚ, ਵਿਦੇਸ਼ਾਂ ਵੱਲ ਆਈਲਾਈਟਸ ਕਰਕੇ ਭੱਜ ਰਹੀ ਨੌਜਵਾਨੀ ਤੇ ਚਿੰਤਾ ਪ੍ਰਗਟ ਕੀਤੀ ਗਈ। ਜਥੇਦਾਰ ਸਾਹਿਬ ਨੇ ਆਦੇਸ਼ ਪੜ੍ਹਿਆ ਹੈ ਜਾਂ ਸੰਦੇਸ਼? ਪਤਾ ਨਹੀਂ ! ਅਗਰ ਆਦੇਸ਼ ਹੈ ਥਾਂ ਆਪਣੇ ਆਕਿਆਂ ਲਈ ਹੋਣਾ ਚਾਹੀਦਾ ਸੀ ਜਿਨ੍ਹਾਂ ਨੇ ਇਹ ਪੰਜਾਬ ਦੇ ਹਾਲਾਤ ਬਣਾਏ। ਇਸ ਦੇ ਜਿੰਮੇਵਾਰਾਂ ਨੂੰ ਕਟਹਿਰੇ ਵਿੱਚ ਖੜ੍ਹਾ ਕੀਤਾ ਜਾਣਾ ਚਾਹੀਦਾ ਸੀ। ਅਗਰ ਸੰਦੇਸ਼ ਸੀ ਥਾਂ ਇੰਨਾ ਜਥੇਦਾਰਾ ਨੂੰ ਕੌਮ ਰੱਦ ਕਰ ਚੁੱਕੀ ਹੈ। ਕਿਉਂਕਿ ਅੱਜ ਦੇ ਸੰਦੇਸ਼ ਵੀ ਇਕ ਪਰਿਵਾਰ ਦੀ ਇੱਛਾ ਪੂਰਤੀ ਕਰਦੇ ਹਨ। ਜਗ ਜ਼ਾਹਿਰ ਹੈ ਕਿ ਆਉਣ ਵਾਲੇ ਸਮੇਂ ਵਿੱਚ ਪੰਜਾਬ ਵਿੱਚੋਂ ਕੋਈ ਵੀ ਅਫਸਰ ਨਹੀਂ ਪੈਂਦਾ ਹੋਣਗੇਂ। ਪੰਜਾਬ ਸਾਰਾ ਯੂਪੀ, ਬਿਹਾਰੀ ਦੇ ਮਜਦੂਰਾਂ ਅਤੇ ਕੇਰਲਾ ਵਰਗੇ ਸਿੱਖਿਆ ਪ੍ਰਥਮ ਸੂਬੇ ਦੇ ਲੋਕ ਸਿਖਿਆ ਪ੍ਰਣਾਲੀ ਦੇ ਮੋਹਰੀ ਹੋਣਗੇ। ਪਰ ਜਥੇਦਾਰ ਸਾਹਿਬ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਬਹੁਤ ਵੱਡੇ ਵਿਦਿਅਕ ਅਦਾਰੇ ਸ਼੍ਰੋ-ਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧਾਂ ਹੇਠ ਚਲ ਰਹੇ ਹਨ। ਇਹਨਾਂ ਵਿਦਿਅਕ ਅਦਾਰਿਆਂ ਦੇ ਕੀ ਰੋਲ ਹਨ ? ਅੱਜ ਸਿੱਖ ਵਰਗ ਦੇ ਨੌਜਵਾਨਾਂ ਲਈ ਪੜ੍ਹਾਈਆਂ ਹਨ ਜਾਂ ਨੌਕਰੀਆਂ ? ਜਿੰਮੇਵਾਰਾਂ ਨੂੰ ਜਿੰਨੀ ਦੇਰ ਜਿੰਮੇਵਾਰੀ ਦਾ ਅਹਿਸਾਸ ਨਹੀਂ ਹੁੰਦਾ, ਉਂਨੀ ਦੇਰ ਸਭ ਗੱਲਾਂ ਦੇ ਕੜਾਹ ਹਨ।

"ਰਾਜੇ ਸੀਹ ਮੁਕੱਦਮ ਕੁੱਤੇ, ਜਾਏ ਜਗਾਇਆ ਬੈਠੇ ਸੁੱਤੇ।

ਇਹ ਸ਼ਬਦ ਦਰਬਾਰ ਸਾਹਿਬ ਅਤੇ ਅਕਾਲ ਤਖ਼ਤ ਸਾਹਿਬ ਤੋ ਪੜ੍ਹੇ ਜਾ ਰਹੇ ਹਨ ਜਿਹੜੇ ਬਾਦਲ ਸਰਕਾਰ ਵੇਲੇ ਮਨਾਂ ਸਨ ਕਿਉਂਕਿ ਇਸ ਵੇਲੇ ਰਾਜ ਭਾਗ ਕੈਪਟਨ ਅਮਰਿੰਦਰ ਸਿੰਘ ਕੋਲ ਹੈ। ਇਹ ਵੀ ਧਾਰਮਿਕ ਅਸਥਾਂਨਾਂ ਦੀ ਦੁਰਵਰਤੋਂ ਹੈ ਪੈਸੇ ਅਤੇ ਭਰਿਸ਼ਟਾਚਾਰ ਤੋ ਇਲਾਵਾ।

ਅੱਜ ਪੰਜਾਬ ਦੇ ਹਾਲਾਤ ਅਤੇ ਸਿੱਖਾਂ ਦੀ ਢਹਿ ਗਈ ਸਿਆਸਤ ਚੌਰਾਹੇ ਤੇ ਖੜੀ ਹੈ। ਪੰਜਾਬੀਆ, ਸਿੱਖਾ ਦੇ ਚੁਣੇ ਆਗੂ ਹੀ ਪੰਜਾਬ ਦੇ ਵੇਰੀ ਬਣ ਗਏ ਹਨ। ਸਾਰੇ ਆਪਣਾ ਝੋਲੀ ਬਿਸਤਰਾ ਚੁੱਕ ਦਿੱਲੀ ਨੂੰ ਭੱਜਦੇ ਹਨ। ਅਕਾਲੀ ਫੂਲਾ ਸਿੰਘ ਵਰਗੇ ਜਥੇਦਾਰ ਦੀ ਜਥੇਦਾਰੀ ਵਰਗਾ ਰੁਤਬਾ ਪ੍ਰਾਪਤ ਆਗੂ ਨੂੰ ਕੌਮ ਦੀ ਅਗਵਾਈ ਕੀਤੇ ਬਿਨਾਂ ਨਹੀਂ ਕੁਝ ਸਵਾਰਿਆ ਜਾ ਸਕਦਾ।

ਸ.ਕਪੂਰ ਸਿੰਘ ਵਰਗੇ ਲੀਡਰਾਂ ਦੀ ਸਿਖਾਂ ਅਤੇ ਪੰਜਾਬ ਪ੍ਰਤੀ ਸੋਚ ਦਾ ਅੱਗੇ ਆਉਣਾ ਜਰੂਰੀ ਹੈ। ਅੱਜ ਕੁੱਝ ਕੁ ਲੀਡਰ ਭਵਿੱਖ ਲਈ ਫਿਕਰਮੰਦ ਹਨ ਪਰ ਉਨ੍ਹਾਂ ਦੀ ਫਿਕਰਮੰਦੀ ਨੂੰ ਫਿਰਕਾਪ੍ਰਸਤੀ ਦਾ ਨਾਮ ਦਿੱਤਾ ਜਾ ਰਿਹਾ ਹੈ।

"ਸਬ ਹੋ ਚੁਕੇ ਹੈ ਉਸ ਬੁਤੇ ਕਾਫ਼ਰ-ਅਦਾ ਕੇ ਸਾਥ,
ਰਹਿ ਜਾਏਂਗੇ ਰਸੂਲ ਹੀ ਬਸ ਅਬ ਖ਼ੁਦਾ ਕੇ ਸਾਥ"

# ਪੰਜਾਬੀ ਸਾਹਿਤ ਸਭਾ ਹੁਸ਼ਿਆਰਪੁਰ (ਰਜਿ.) ਦੀ ਹੋਈ ਮੀਟਿੰਗ

**ਹੁਸ਼ਿਆਰਪੁਰ-** ਪੰਜਾਬੀ ਸਾਹਿਤ ਸਭਾ ਹੁਸ਼ਿਆਰਪੁਰ (ਰਜਿ.) ਦੀ ਮੀਟਿੰਗ ਸਭਾ ਦੇ ਪ੍ਰਧਾਨ ਮਦਨ ਵੀਰਾ ਦੀ ਪ੍ਰਧਾਨਗੀ ਹੇਠ ਹੋਈ।ਸਭਾ ਦੇ ਜਨਰਲ ਸਕੱਤਰ ਡਾ. ਜਸਵੰਤ ਰਾਏ ਨੇ ਦੱਸਿਆ ਕਿ ਕੇਂਦਰੀ ਪੰਜਾਬੀ ਲੇਖਕ ਸਭਾ ਜੋ ਲੇਖਕਾਂ ਦੀ ਸਿਰਮੌਰ ਜਥੇਬੰਦੀ ਹੈ, ਦੀ 22 ਸਤੰਬਰ 2019 ਨੂੰ ਲੁਧਿਆਣੇ ਦੇ ਪੰਜਾਬੀ ਭਵਨ ਵਿਖੇ ਚੋਣ ਹੋਣੀ ਹੈ।ਸੋ ਮੈਂਬਰਸ਼ਿਪ ਨਵਿਆਉਣ ਬਦਲੇ ਸਾਰੇ ਲੇਖਕਾਂ ਤੋਂ ਮੈਂਬਰਸ਼ਿਪ ਇਕੱਤਰ ਕੀਤੀ ਗਈ।ਕੰਨੜ ਭਾਸ਼ਾ ਦੇ ਬਹੁਤ ਹੀ ਮਕਬੂਲ ਲੇਖਕ, ਅਦਾਕਾਰ ਅਜੋਕੇ ਦੌਰ ਵਿਚ ਜਮਹੂਰੀ ਹੱਕਾਂ ਦੇ ਲਈ ਹੋਕਾ ਦੇਣ ਵਾਲੀ ਬੇਬਾਕ ਸ਼ਖ਼ਸੀਅਤ ਗਿਰੀਸ਼ ਕਰਨਾਡ ਦੇ ਅਚਨਚੇਤ ਵਿਛੋੜੇ ਤੇ ਗਹਿਰੀ ਸੰਵੇਦਨਾ ਪ੍ਰਗਟਾਈ ਗਈ।ਡਾ. ਕਰਮਜੀਤ ਸਿੰਘ ਨੇ ਦੱਸਿਆ ਕਿ ਉਹ ਗੌਰੀ ਲੰਕੇਸ਼ ਤੋਂ ਬਾਅਦ ਹਿੰਦੂਤਵ ਫਾਸ਼ੀਵਾਦੀਆਂ ਦੇ ਨਿਸ਼ਾਨੇ ਉਪਰ ਸਨ।ਜਦੋਂ ਦੇਸ਼ ਵਿਚ ਬੁਧੀਜੀਵੀਆਂ ਨੂੰ ਸ਼ਹਿਰੀ ਨਕਸਲੀ ਕਹਿ ਕੇ ਗ੍ਰਿਫਤਾਰ ਕੀਤਾ



ਜਾ ਰਿਹਾ ਸੀ ਤਾਂ ਗਿਰੀਸ਼ ਕਰਨਾਡ ਨੇ ਲੇਖਕਾਂ ਨਾਲ ਮਿਲ ਨੇ "ਮੈਂ ਵੀ ਸ਼ਹਿਰੀ ਨਕਸਲੀ" ਮੁਹਿੰਮ ਵਿਚ ਮੋਹਰੀ ਭੂਮਿਕਾ ਨਿਭਾਈ ਸੀ।ਉਨ੍ਹਾਂ ਦਾ ਅਚਨਚੇਤ ਚਲੇ ਜਾਣਾ ਲੇਖਕਾਂ ਅਤੇ ਬੁੱਧੀਜੀਵੀਆਂ ਲਈ ਵੱਡਾ ਘਾਟਾ ਹੈ।

ਇਸ ਉਪਰੰਤ ਰਚਨਾਵਾਂ ਦੇ ਦੌਰ ਵਿਚ ਪ੍ਰਿੰ. ਗੁਰਦਿਆਲ ਫੁੱਲ, ਕੁਲਤਾਰ ਸਿੰਘ ਕੁਲਤਾਰ, ਸੋਮ ਦੱਤ ਦਿਲਗੀਰ, ਸੁਰਿੰਦਰ ਕੰਗਵੀ, ਪਰਵੀਨ, ਜਸਬੀਰ ਸਿੰਘ ਧੀਮਾਨ, ਮਨਜੀਤ ਕੌਰ, ਦਾਸ ਭਾਰਤੀ, ਡਾ. ਸੁਖਦੇਵ ਸਿੰਘ ਢਿੱਲੋਂ, ਮੋਹਨ ਸਿੰਘ ਭੁਲਾਣਾ, ਪਰਮਜੀਤ ਕੌਰ ਭੁਲਾਣਾ, ਪਲਕ ਸ਼ਰਮਾ , ਗੌਰਵ, ਪਾਠਕ ਪ੍ਰਦੀਪ, ਆਯੂਸ਼ ਸ਼ਰਮਾ, ਗੌਰਵ ਸੋਮ, ਬਿਨੈ ਨੇ ਕਹਾਣੀਆਂ, ਕਵਿਤਾਵਾਂ ਅਤੇ ਨਜ਼ਮਾਂ ਨਾਲ ਹਾਜ਼ਰੀ ਲੁਆਈ।ਪ੍ਰਧਾਨਗੀ ਭਾਸ਼ਣ ਵਿਚ ਮਦਨ ਵੀਰਾ ਨੇ ਪੇਸ਼ ਕੀਤੀਆਂ ਰਚਨਾਵਾਂ ਤੇ ਆਪਣੀਆਂ ਭਾਵਪੂਰਤ ਟਿੱਪਣੀਆਂ ਕੀਤੀਆਂ ਅਤੇ ਨਵੇਂ ਲੇਖਕਾਂ ਦੀ ਟ੍ਰੇਨਿੰਗ ਵਾਸਤੇ ਜੁਲਾਈ ਮਹੀਨੇ ਦੋ ਦਿਨਾਂ ਵਰਕਸ਼ਾਪ ਲਾਉਣ ਦਾ ਵੀ ਮਤਾ ਪਾਸ ਕੀਤਾ।ਸਮਾਗਮ ਦੌਰਾਨ ਸਟੇਜ ਦੀ ਕਾਰਵਾਈ ਡਾ. ਜਸਵੰਤ ਰਾਏ ਨੇ ਬਾਖ਼ੂਬੀ ਨਿਭਾਈ।ਇਸ ਮੌਕੇ ਹੋਰ ਵੀ ਸਾਹਿਤ ਪ੍ਰੇਮੀ ਅਤੇ ਬੁੱਧੀਜੀਵੀ ਹਾਜ਼ਰ ਸਨ।

**ਰਿਪੋਰਟ: ਡਾ. ਜਸਵੰਤ ਰਾਏ**
**ਜਨਰਲ ਸਕੱਤਰ ਸਾਹਿਤ ਸਭਾ, ਹੁਸ਼ਿਆਰਪੁਰ**

# ਕੀ 2019 ਦੀ ਚੋਣ ਮੈਂ ਵੀ ਹਾਰ ਗਿਆ ਹਾਂ - ਰਵੀਸ਼ ਕੁਮਾਰ

**(ਸਫਾ 15 ਦੀ ਬਾਕੀ)**

ਉਸ ਵਿਚਾਰਧਾਰਾ ਦੀ ਪ੍ਰਾਪਤੀ ਸੀ ਨਾ ਕਿ ਪਾਰਟੀ ਦੀ। ਪਾਰਟੀਆਂ ਨੂੰ ਭੰਗ ਕਰਨ ਦਾ ਸਮਾਂ ਆ ਗਿਆ ਹੈ। ਨਵਾਂ ਸੋਚਣ ਦਾ ਵੇਲਾ ਆ ਗਿਆ ਹੈ। ਮੈਂ ਪਾਰਟੀਆਂ ਦੀ ਅਨੇਕਤਾ ਦਾ ਸਮਰਥਕ ਹਾਂ ਪਰੰਤੂ ਵਰਤੋਂ ਤੋਂ ਬਿਨਾਂ ਇਹ ਅਨੇਕਤਾ ਕਿਸੇ ਕੰਮ ਦੀ ਨਹੀਂ ਹੋਵੇਗੀ। ਇਹ ਸਾਰੀਆਂ ਗੱਲਾਂ ਕਾਂਗਰਸ ਉੱਤੇ ਵੀ ਲਾਗੂ ਹੁੰਦੀਆਂ ਹਨ। ਭਾਜਪਾ ਲਈ ਕੰਮ ਕਰਨ ਵਾਲੇ ਰਾਜਸੀ ਲੋਕਾਂ ਵਿਚੋਂ ਤੁਹਾਨੂੰ ਭਾਜਪਾ ਨਜ਼ਰ ਆਉਂਦੀ ਹੈ। ਕਾਂਗਰਸ ਦੇ ਵਰਕਰਾਂ ਵਿਚੋਂ ਕਾਂਗਰਸ ਤੋਂ ਬਿਨਾਂ ਸਭ ਕੁੱਝ ਨਜ਼ਰ ਆਉਂਦਾ ਹੈ। ਕਾਂਗਰਸ ਚੋਣ ਲੜਨੀ ਛੱਡ ਦੇਵੇ ਜਾਂ ਚੋਣ ਨੂੰ ਜੀਣ-ਮਰਨ ਦੇ ਸਵਾਲ ਵਾਂਗ ਨਾ ਲੜੇ। ਉਹ ਕਾਂਗਰਸ ਬਣੇ।

ਕਾਂਗਰਸ ਨਹਿਰੂ ਦਾ ਬਚਾਅ ਨਹੀਂ ਕਰ ਸਕੀ। ਉਹ ਬੋਸ ਤੋਂ ਲੈ ਕੇ ਪਟੇਲ ਤੱਕ ਦਾ ਬਚਾਅ ਨਹੀਂ ਕਰ ਸਕੀ। ਆਜ਼ਾਦੀ ਦੇ ਸੰਘਰਸ਼ ਦੀ ਬਹੁ-ਵਿਧਾਈ ਸੋਚ ਅਤੇ ਖ਼ੂਬਸੂਰਤੀ ਨਾਲ ਜੁੜੀਆਂ ਅਤੀਤ ਦੀਆਂ ਯਾਦਾਂ ਨੂੰ ਜੀਊਂਦੀਆਂ ਨਹੀਂ ਕਰ ਸਕੀ । ਗਾਂਧੀ ਦੇ ਵਿਚਾਰਾਂ 'ਤੇ ਪਹਿਰਾ ਨਹੀਂ ਦੇ ਸਕੀ। ਅੱਜ ਤੁਸੀਂ ਭਾਜਪਾ ਲਈ ਕੰਮ ਕਰਨ ਵਾਲੇ ਕਿਸੇ ਸਾਧਾਰਣ ਵਿਅਕਤੀ ਦੇ ਸਾਹਮਣੇ ਦੀਨ ਦਿਆਲ ਉਪਧਿਆਏ ਦੇ ਸਬੰਧ ਵਿਚ ਗਲਤ ਟਿੱਪਣੀ ਕਰਕੇ ਵੇਖੋ ਉਹ ਆਪਣੇ ਵਲੋਂ ਸੌ ਗੱਲਾਂ ਦੱਸਣਗੇ। ਪੰਜ ਸਾਲਾਂ ਵਿਚ ਕਾਂਗਰਸ ਪਾਰਟੀ ਨਹਿਰੂ ਬਾਰੇ ਸਮਾਨਅੰਤਰ ਵਿਚਾਰ-ਚਰਚਾ ਛੇੜਨ ਦੇ ਪੱਧਰ 'ਤੇ ਕੋਈ ਕੰਮ ਨਹੀਂ ਕਰ ਸਕੀ, ਮੈਂ ਇਸ ਹੀ ਪੈਮਾਨੇ ਤੋਂ ਕਾਂਗਰਸ ਨੂੰ ਢਹਿੰਦੇ ਹੋਏ ਦੇਖ ਰਿਹਾ ਸੀ। ਰਾਜਨੀਤੀ ਵਿਚਾਰਧਾਰਾ ਦੀ ਜ਼ਮੀਨ 'ਤੇ ਖੜ੍ਹੀ ਹੁੰਦੀ ਹੈ, ਨੇਤਾ ਦੀ ਸੰਭਾਵਨਾ 'ਤੇ ਨਹੀਂ। ਇਕ ਹੀ ਰਸਤਾ ਬਚਿਆ ਹੈ ਕਿ ਭਾਰਤ ਵਿਚਲੀਆਂ ਵੱਖੋ-ਵੱਖਰੀਆਂ ਪਾਰਟੀਆਂ ਵਿਚਲੀ ਮਨੁੱਖੀ ਸ਼ਕਤੀ (ਕੰਮ ਕਰਨ ਵਾਲੇ ਕਾਰਕੁਨ) ਨੂੰ ਆਪੋ ਆਪਣੀਆਂ ਪਾਰਟੀਆਂ ਛੱਡ ਕੇ ਕਿਸੇ ਇਕ ਪਾਰਟੀ ਵਿਚ ਸ਼ਾਮਲ ਹੋਣਾ ਚਾਹੀਦਾ ਹੈ। ਜਿੱਥੇ ਵਿਚਾਰਾ ਦਾ ਪੁਨਰ ਜਨਮ ਹੋਵੇ, ਨੈਤਿਕ ਸ਼ਕਤੀ ਦੀ ਸਿਰਜਣਾ ਅਤੇ ਖਿਲਰੀ ਮਨੁੱਖੀ ਸ਼ਕਤੀ ਦਾ ਰਲੇਵਾਂ ਹੋਵੇ। ਇਹ ਗੱਲ 2014 ਵਿਚ ਵੀ ਲੋਕਾਂ ਨੂੰ ਕਹੀ ਸੀ, ਫਿਰ ਖੁਦ 'ਤੇ ਹਾਸਾ ਆਇਆ ਕਿ ਮੈਂ ਕਿਹੜਾ ਵਿਚਾਰਵਾਨ ਹਾਂ ਜੋ ਇਹ ਸਭ ਕਹਿ ਰਿਹਾ ਹਾਂ। ਅੱਜ ਲਿਖ ਰਿਹਾ ਹਾਂ।

ਇਸ ਤੋਂ ਬਾਅਦ ਵੀ ਵਿਰੋਧੀ ਧਿਰ ਬਾਰੇ ਹਮਦਰਦੀ ਕਿਉਂ ਰਹੀ। ਹਾਲਾਂਕਿ ਉਨ੍ਹਾਂ ਦੇ ਰਾਜਨੀਤਕ ਪੱਖ ਨੂੰ ਘੱਟ ਹੀ ਦਿਖਾਇਆ ਅਤੇ ਉਸ 'ਤੇ ਲਿਖਿਆ, ਬੋਲਿਆ ਕਿਉਂਕਿ 2014 ਤੋਂ ਬਾਅਦ ਹਰ ਪੱਧਰ ਤੇ ਨਰਿੰਦਰ ਮੋਦੀ ਹੀ ਪ੍ਰਮੁੱਖ ਹੋ ਗਏ ਸਨ। ਸਿਰਫ ਸਰਕਾਰ ਦੇ ਪੱਧਰ 'ਤੇ ਹੀ ਨਹੀਂ ਸੱਭਿਆਚਾਰ ਤੋਂ ਲੈ ਕੇ ਧਾਰਮਿਕ ਪੱਧਰ ਤੱਕ ਮੋਦੀ ਤੋਂ ਬਿਨਾਂ ਕੁੱਝ ਦਿਸਿਆ ਹੀ ਨਹੀਂ ਤੇ ਕੁੱਝ ਹੈ ਵੀ ਨਹੀ ਸੀ । ਜਦੋਂ ਭਾਰਤ ਦਾ 99 ਫਸਿਦੀ ਮੀਡੀਆ ਲੋਕਤੰਤਰ ਦੀ ਬੁਨਿਆਦੀ ਭਾਵਨਾ ਨੂੰ ਕੁਚਲਣ ਲੱਗਾ ਉਸ ਸਮੇਂ ਮੈਂ ਉਹਦੇ ਅੰਦਰ ਸੰਤੁਲਨ ਪੈਦਾ ਕਰਨ ਦੀ ਕੋਸ਼ਿਸ਼ ਕੀਤੀ। ਅਸਹਿਮਤੀ ਅਤੇ ਵਿਰੋਧ ਦੀ ਹਰ ਆਵਾਜ਼ ਦਾ ਸਨਮਾਨ ਕੀਤਾ। ਉਸਦਾ ਮਖੌਲ ਨਹੀਂ ਉਡਾਇਆ। ਇਹ ਮੈਂ ਵਿਰੋਧੀ ਪਾਰਟੀਆਂ ਵਾਸਤੇ ਨਹੀਂ ਕਰ ਰਿਹਾ ਸੀ ਪਰੰਤੂ ਆਪਣੀ ਸਮਝ ਅਨੁਸਾਰ ਭਾਰਤ ਦੇ ਲੋਕਤੰਤਰ ਨੂੰ ਸ਼ਰਮਿੰਦਾ ਹੋਣੋਂ ਬਚਾ ਰਿਹਾ ਸੀ। ਮੈਨੂੰ ਇੰਨਾ ਵੱਡਾ ਖਤਰਾ ਮੁੱਲ ਨਹੀਂ ਲੈਣਾ ਚਾਹੀਦਾ ਸੀ। ਕਿਉਂਕਿ ਇਹ ਮੇਰਾ ਖਤਰਾ ਨਹੀਂ ਸੀ ਫਿਰ ਵੀ ਲੱਗਾ ਕਿ ਹਰ ਨਾਗਰਿਕ ਦੇ ਅੰਦਰ ਅਤੇ ਲੋਕਤੰਤਰ ਦੇ ਅੰਦਰ ਵਿਰੋਧ ਦੀ ਧਿਰ ਨਹੀਂ ਹੋਵੇਗੀ ਤਾਂ ਸਭ ਕੁੱਝ ਖੋਖਲਾ ਹੋ ਜਾਵੇਗਾ। ਮੇਰੀ ਇਸ ਸੋਚ ਦੇ ਅੰਦਰ ਭਾਰਤ ਦੀ ਭਲਾਈ ਵਾਲੀ ਨੀਅਤ ਸੀ। ਨਰਿੰਦਰ ਮੋਦੀ ਦੀ ਭਾਰੀ ਜਿੱਤ ਹੋਈ ਹੈ। ਮੀਡੀਆ ਦੀ ਜਿੱਤ ਨਹੀਂ ਹੋਈ। ਹਰ ਜਿੱਤ ਵਿਚ ਇਕ ਹਾਰ ਹੁੰਦੀ ਹੈ। ਇਸ ਜਿੱਤ ਵਿਚ ਮੀਡੀਆ ਦੀ ਹਾਰ ਹੋਈ ਹੈ। ਉਸਨੇ ਲੋਕਤੰਤਰੀ ਮਰਿਆਦਾਵਾਂ ਦੀ ਪਾਲਣਾ ਨਹੀਂ ਕੀਤੀ। ਅੱਜ ਗੋਦੀ ਮੀਡੀਆ ਦੇ ਲੋਕ ਮੋਦੀ ਨੂੰ ਮਿਲੀ ਜਿੱਤ ਦੇ ਸਹਾਰੇ ਆਪਣੀ ਜਿੱਤ ਦੱਸ ਰਹੇ ਹਨ। ਦਰਅਸਲ ਉਨ੍ਹਾਂ ਕੋਲ ਹੁਣ ਸਿਰਫ ਮੋਦੀ ਬਚਿਆ ਹੈ। ਪੱਤਰਕਾਰੀ ਤਾਂ ਬਚੀ ਨਹੀਂ ਹੈ। ਪੱਤਰਕਾਰੀ ਦਾ ਧਰਮ ਖਤਮ ਹੋ ਚੁੱਕਾ ਹੈ, ਸੰਭਵ ਹੈ ਕਿ ਭਾਰਤ ਦੀ ਜਨਤਾ ਨੇ ਪੱਤਰਕਾਰੀ ਨੂੰ ਵੀ ਨਕਾਰ ਦਿੱਤਾ ਹੋਵੇ। ਉਨ੍ਹਾਂ ਨੇ ਇਹ ਵੀ ਫੈਸਲਾ ਦਿੱਤਾ ਹੋਵੇ ਕਿ ਸਾਨੂੰ ਮੋਦੀ ਚਾਹੀਦਾ ਪਰ ਪੱਤਰਕਾਰੀ ਨਹੀਂ। ਇਸ ਤੋਂ ਬਾਅਦ ਵੀ ਮੇਰਾ ਵਿਸ਼ਵਾਸ ਉਨ੍ਹਾਂ ਹੀ ਮੋਦੀ ਸਮਰਥਕਾਂ 'ਤੇ ਹੈ। ਉਹ ਮੋਦੀ ਅਤੇ ਮੀਡੀਆ ਦੀ ਭੂਮਿਕਾ ਵਿਚ ਫਰਕ ਦੇਖਦੇ ਹਨ, ਸਮਝਦੇ ਹਨ। ਸ਼ਾਇਦ ਉਨ੍ਹਾਂ ਨੂੰ ਵੀ ਅਜਿਹਾ ਭਾਰਤ ਨਹੀਂ ਚਾਹੀਦਾ ਜਿੱਥੇ ਜਨਤਾ ਦਾ ਪ੍ਰਤੀਨਿੱਧ ਪੱਤਰਕਾਰ ਆਪਣੇ ਪੇਸ਼ੇ ਵਾਲੇ ਧਰਮ ਨੂੰ ਭੁੱਲ ਕੇ ਨੇਤਾ ਦੇ ਪੈਰਾਂ ਵਿਚ ਡਿਗਿਆ ਨਜ਼ਰ ਆਵੇ। ਮੈਨੂੰ ਚੰਗਾ ਲੱਗਿਆ ਕਈ ਸਾਰੇ ਮੋਦੀ ਸਮਰਥਕਾਂ ਨੇ ਲਿਖਿਆ ਕਿ ਅਸੀਂ ਤੁਹਾਡੇ ਨਾਲ ਅਸਹਿਮਤ ਹਾਂ ਪਰ ਤੁਹਾਡੀ ਪੱਰਕਾਰੀ ਦੇ ਪ੍ਰਸ਼ਸਕ ਹਾਂ। ਤੁਸੀਂ ਆਪਣਾ ਕੰਮ ਇਸੇ ਤਰ੍ਹਾਂ ਹੀ ਕਰਦੇ ਰਹੋ। ਅਜਿਹੇ ਸਾਰੇ ਸਮਰਥਕਾਂ ਦਾ ਮੇਰੇ 'ਤੇ ਵਿਸ਼ਵਾਸ ਕਰਨ ਲਈ ਸ਼ੁਕਰਗੁਜ਼ਾਰ ਹਾਂ। ਮੇਰੇ ਕਈ ਸਹਿਯੋਗੀ ਜਦੋਂ ਚੋਣਾਂ ਬਾਰੇ ਵੱਖੋ-ਵੱਖ ਖੇਤਰਾਂ ਵਿਚ ਕਵਰੇਜ ਕਰਨ ਗਏ ਤਾਂ ਇਹ ਹੀ ਦੱਸਿਆ ਕਿ ਮੋਦੀ ਦੇ ਫੈਨ ਵੀ ਤੁਹਾਨੂੰ ਹੀ ਪੜ੍ਹਦੇ ਅਤੇ ਲਿਖਦੇ ਹਨ। ਸੰਘ ਦੇ ਲੋਕ ਵੀ ਇਕ ਵਾਰ ਚੈੱਕ ਕਰਦੇ ਹਨ ਕਿ ਮੈਂ ਕੀ ਬੋਲਿਆ ਹੈ। ਮੈਨੂੰ ਪਤਾ ਹੈ ਕਿ ਰਵੀਸ਼ ਨਹੀਂ ਰਹੇਗਾ ਤਾਂ ਉਹ ਰਵੀਸ਼ ਨੂੰ ਮਿੱਸ (ਯਾਦ) ਕਰਨਗੇ।

ਦੋ ਸਾਲ ਪਹਿਲਾਂ ਦਿੱਲੀ ਵਿਚ ਰਹਿਣ ਵਾਲੇ ਅੱਸੀ ਸਾਲ ਦੇ ਇਕ ਬਜ਼ੁਰਗ ਨੇ ਮੈਨੂੰ ਛੋਟੀ ਜਹੀ ਗੀਤਾ ਭੇਜੀ। ਲੰਬਾ ਖ਼ਤ ਲਿਖਿਆ ਤੇ ਮੇਰੇ ਲੰਬੇ ਜੀਵਨ ਦੀ ਕਾਮਨਾ ਕੀਤੀ। ਇਹ ਵੀ ਕਿਹਾ ਕਿ ਇਹ ਛੋਟੀ ਜਹੀ ਗੀਤਾ ਆਪਣੇ ਨਾਲ ਰੱਖਾਂ। ਮੈਂ ਉਨ੍ਹਾਂ ਦੀ ਗੱਲ ਮੰਨ ਲਈ। ਆਪਣੇ ਬੈਗ ਵਿਚ ਰੱਖ ਲਈ।। ਜਦੋਂ ਲੋਕਾਂ ਨੇ ਕਿਹਾ ਕਿ ਹੁਣ ਤੁਸੀਂ ਸੁਰੱਖਿਅਤ ਨਹੀਂ ਹੋ। ਜ਼ਿੰਦਗੀ ਦਾ ਖਿਆਲ ਰੱਖੋ ਤਾਂ ਅੱਜ ਉਸ ਗੀਤਾ ਨੂੰ ਫਰੋਲ ਰਿਹਾ ਸੀ ਉਸਦਾ ਇਕ ਸੂਤਰ ਤੁਹਾਡੇ ਨਾਲ ਸਾਂਝਾ ਕਰ ਰਿਹਾ ਹਾਂ : ਅਥ ਚੇਤ੍ਤ੍ਵਮਿਮੰ ਧਰ੍ਮ੍ਯੰ ਸੰਗ੍ਰਾਮੰ ਨ ਕਰਿਸ਼੍ਯਸਿ, ਤਤ: ਸ੍ਵਧਰ੍ਮੰ ਕੀਰ੍ਤਿੰ ਚ ਹਿਤ੍ਵਾ ਪਾਪਮਵਾਪ੍ਸ੍ਯਸਿ।

ਮੈਨੂੰ ਪਿਆਰ ਕਰਦੇ ਰਹੋ। ਮੈਨੂੰ ਜ਼ਲੀਲ ਕਰਨ ਨਾਲ ਕੀ ਮਿਲੇਗਾ। ਤੁਹਾਡਾ ਹੀ ਮਾਣ ਟੁੱਟੇਗਾ ਕਿ ਇਸ ਮਹਾਨ ਭਾਰਤ ਵਿਚ ਤੁਸੀਂ ਇਕ ਪੱਤਰਕਾਰ ਦਾ ਸਾਥ ਨਹੀਂ ਦੇ ਸਕੇ। ਮੇਰੇ ਵਰਗਿਆਂ ਨੇ ਤੁਹਾਨੂੰ ਇਸ ਅਪਰਾਧ ਬੋਧ ਤੋਂ ਮੁਕਤ ਹੋਣ ਦਾ ਮੌਕਾ ਦਿੱਤਾ ਹੈ। ਇਹ ਅਪਰਾਧ ਬੋਧ ਤੁਹਾਡੇ ਉੱਤੇ ਉਸੇ ਤਰ੍ਹਾਂ ਭਾਰੀ ਪਵੇਗਾ ਜਿਵੇਂ ਅੱਜ ਵਿਰੋਧੀ ਧਿਰਾਂ ਲਈ ਉਨ੍ਹਾਂ ਦੀ ਅਤੀਤ ਵਾਲੀ ਅਨੈਤਿਕਤਾ ਭਾਰੀ ਪੈ ਰਹੀ ਹੈ। ਇਸ ਕਰਕੇ ਤੁਸੀਂ ਮੈਨੂੰ ਮਜਬੂਤ ਕਰੋ।

ਮੇਰੇ ਵਰਗਿਆ ਨਾਲ ਖੜ੍ਹੇ ਹੋਵੋ। ਤੁਸੀਂ ਮੋਦੀ ਨੂੰ ਮਜਬੂਤ ਕੀਤਾ ਹੈ। ਤੁਹਾਡਾ ਹੀ ਧਰਮ ਹੈ ਕਿ ਤੁਸੀਂ ਪੱਤਰਕਾਰੀ ਨੂੰ ਵੀ ਤਕੜਿਆਂ ਕਰੋ। ਸਾਡੇ ਕੋਲ ਜੀਵਨ ਦਾ ਕੋਈ ਵੀ ਦੂਜਾ ਬਦਲ ਨਹੀਂ ਹੈ। ਹੁੰਦਾ ਤਾਂ ਸ਼ਾਇਦ ਇਸ ਪੇਸ਼ੇ ਨੂੰ ਛੱਡ ਦਿੰਦਾ। ਇਸਦਾ ਕਾਰਨ ਇਹ ਨਹੀਂ ਕਿ ਮੈਂ ਹਾਰ ਗਿਆ ਹਾਂ। ਕਾਰਨ ਇਹ ਹੈ ਕਿ ਥੱਕ ਗਿਆ ਹਾਂ। ਕੁੱਝ ਨਵਾਂ ਕਰਨਾ ਚਾਹੁੰਦਾ ਹਾਂ। ਪਰ ਜਦੋਂ ਤੱਕ ਹਾਂ ਉਦੋਂ ਤੱਕ ਇਵੇਂ ਹੀ ਕਰਾਂਗਾ। ਕਿਉਂਕਿ ਜਨਤਾ ਨੇ ਮੈਨੂੰ ਨਹੀਂ ਹਰਾਇਆ ਹੈ। ਮੋਦੀ ਨੂੰ ਜਿਤਾਇਆ ਹੈ। ਪ੍ਰਧਾਨ ਮੰਤਰੀ ਮੋਦੀ ਨੂੰ ਵਧਾਈ।

## ਗੁਰਗੱਦੀ ਦਿਵਸ ’ਤੇ ਵਿਸ਼ੇਸ਼

# ‘ਮੀਰੀ-ਪੀਰੀ ਦੇ ਸੱਚੇ ਪਾਤਸ਼ਾਹ’ ਤੇ ‘ਸੰਤ-ਸਿਪਾਹੀ’ ਸ੍ਰੀ ਗੁਰੂ ਹਰਗੋਬਿੰਦ ਜੀ





ਪ੍ਰੋ. ਐਚ.ਐਲ.ਕਪੂਰ

‘ਮੀਰੀ- ਪੀਰੀ ਦੇ ਸੱਚੇ ਪਾਤਸ਼ਾਹ’ ਸ੍ਰੀ ਗੁਰੂ ਹਰਗੋਬਿੰਦ ਜੀ ਦਾ ਜਨਮ 19 ਜੂਨ, 1595 ਈਸਵੀ ਨੂੰ ਪਿੰਡ ਗੁਰੂ ਕੀ ਵਡਾਲੀ, ਜ਼ਿਲ੍ਹਾ ਅੰਮ੍ਰਿਤਸਰ ਵਿਖੇ ਹੋਇਆ। ਉਹ ਗੁਰੂ ਅਰਜਨ ਦੇਵ ਜੀ ਦੇ ਇਕਲੌਤੇ ਪੁੱਤਰ ਸਨ। ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਤੋਂ ਕੁਝ ਦਿਨ ਪਹਿਲਾਂ 25 ਮਈ, 1606 ਈਸਵੀ ਨੂੰ ਉਹ ਗੁਰੂ ਨਾਨਕ ਦੇਵ ਜੀ ਦੀ ਗੁਰਗੱਦੀ ਦੇ ਛੇਵੇਂ ਗੁਰੂ ਨਿਯੁਕਤ ਹੋਏ। ਥੋੜ੍ਹੇ ਵੱਡੇ ਹੋਣ ’ਤੇ ਜਿਵੇਂ ਉਨ੍ਹਾਂ ਦੇ ਪਿਤਾ ਜੀ ਨੇ ਕਿਹਾ ਸੀ ਉਵੇਂ ਹੀ ਉਨ੍ਹਾਂ ਨੇ ਯੁੱਧ ਕਲਾ, ਗਤਕਾ ਤੇ ਧਾਰਮਿਕ ਸਿੱਖਿਆ ਪ੍ਰਾਪਤ ਕੀਤੀ ਤੇ ਬਾਬਾ ਬੁੱਢਾ ਜੀ ਨੇ ਉਹਨਾਂ ਨੂੰ ਧਾਰਮਿਕ ਸਿੱਖਿਆ ਦੇਣ ਦੀ ਜ਼ਿੰਮੇਵਾਰੀ ਨਿਭਾਈ।

ਗੁਰਗੱਦੀ ਪ੍ਰਾਪਤੀ ਵਾਲੇ ਦਿਨ ਗੁਰੂ ਹਰਗੋਬਿੰਦ ਜੀ ਨੇ ਐਲਾਨ ਕੀਤਾ ਕਿ ਉਹ ਆਪਣੇ ਸਿਰ ਨੂੰ ਢਕਣ ਲਈ ਗਰਮ ਊਨੀ ਡੋਰੇਦਾਰ ਕੱਪੜਾ ਪਹਿਨਣਗੇ ਜਿਵੇਂ ਕਿ ਉਨ੍ਹਾਂ ਤੋਂ ਪਹਿਲਾਂ ਸਾਰੇ ਗੁਰੂ ਸਾਹਿਬਾਨ ਨੇ ਗੁਰਗੱਦੀ ਨਸ਼ੀਨੀ ਸਮੇਂ ਪਹਿਨਿਆ ਸੀ। ਬਾਬਾ ਬੁੱਢਾ ਜੀ ਨੇ ਇਸ ਤੋਂ ਪਹਿਲਾਂ ਗੁਰਗੱਦੀ ਦੀ ਰਸਮ ਨਿਭਾਉਣ ਸਮੇਂ ਕਦੀ ਵੀ ਆਪਣੇ ਹੱਥਾਂ ’ਚ ਤਲਵਾਰ ਨਹੀਂ ਫੜੀ ਸੀ ਕਿ ਉਹਨਾਂ ਨੇ ਪਹਿਲੇ ਗੁਰੂ ਸਾਹਿਬਾਨ ਨੂੰ ਇਸ ਰਸਮ ’ਚ ਤਲਵਾਰ ਪਹਿਨਾਈ ਹੋਵੇ ਪਰ ਅੱਜ ਉਨ੍ਹਾਂ ਨੂੰ ਗੁਰੂ ਸਾਹਿਬ ਨੇ ਕਿਹਾ ਕਿ, “ਅੱਜ ਉਹ ਇਕ ਨਹੀਂ ਸਗੋਂ ਦੋ ਤਲਵਾਰਾਂ ਪਹਿਨਣਗੇ, ਇਕ ਸ਼ਕਤੀ (ਮੀਰੀ) ਦੀ ਤੇ ਦੂਸਰੀ ਭਗਤੀ (ਪੀਰੀ) ਦੀ।’’ ਅੱਜ ਤੋਂ ਉਹ ਆਪਣੇ ਨਾਲ ਹਮੇਸ਼ਾ ਦੋ ਤਲਵਾਰਾਂ ਪਹਿਨ ਕੇ ਰੱਖਣਗੇ, ਜਿਹੜੀਆਂ ਕਿ ਦੋ-ਪੱਖੀ ਪ੍ਰਤੀਕੀਕਰਣ ਦਾ ਸੰਕੇਤ ਦੇਣਗੀਆਂ।’ ਇਕ ਸੰਸਾਰਕ ਸ਼ਕਤੀ ’ਮੀਰੀ’ ਤੇ ਦੂਸਰੀ ਰੂਹਾਨੀਅਤ ‘ਪੀਰੀ’ ਦੀ।

ਗੁਰੂ ਹਰਗੋਬਿੰਦ ਜੀ ਨੇ 25 ਮਈ, 1606 ਈਸਵੀ ਨੂੰ ਗੁਰਗੱਦੀ ਦੀ ਰਸਮ ਉਠਾਈ ਤੋਂ ਥੋੜ੍ਹਾ ਹੀ ਸਮਾਂ ਬਾਅਦ ਇਕ ਨਵੇਂ ਮੰਦਰ ਦੀ ਉਸਾਰੀ ਅੰਮ੍ਰਿਤਸਰ ਸਾਹਿਬ ’ਚ ਹੀ ਸ਼ੁਰੂ ਕਰਵਾਈ, ਜਿਸ ਦਾ ਨਾਮ ਸੀ ’ਸ੍ਰੀ ਅਕਾਲ ਤਖਤ ਸਾਹਿਬ’ ਤੇ ਇਸਨੂੰ ’ਸ੍ਰੀ ਹਰਿਮੰਦਰ ਸਾਹਿਬ’ ਦੇ ਬਿਲਕੁਲ ਸਾਹਮਣੇ ਹੀ ਬਣਵਾਇਆ। ਇਸ ’ਅਕਾਲ ਤਖਤ ਸਾਹਿਬ’ ਦੀ ਉਸਾਰੀ ਦਾ ਮੰਤਵ ਸੀ ਕਿ ਸਿੱਖ ਮਸਲਿਆਂ ਨੂੰ ਇੱਥੇ ਹੱਲ ਕੀਤਾ ਜਾਇਆ ਕਰੇਗਾ। ‘ਅਕਾਲ ਤਖਤ ਸਾਹਿਬ’ ’ਤੇ ਸਿੱਖ ਜਗਤ ਦੇ ਸੰਸਾਰਕ ਮਸਲਿਆਂ ਤੇ ‘ਸ੍ਰੀ ਹਰਿਮੰਦਰ ਸਾਹਿਬ’ ਤੋਂ ਰੂਹਾਨੀਅਤ ਦਾ ਸੰਦੇਸ਼ ਦੇ ਕੇ ਬਰਾਬਰ ਸੰਤੁਲਨ ਰੱਖਿਆ ਜਾਵੇਗਾ। ਇਸ ਤਰ੍ਹਾਂ ਗੁਰੂ ਸਾਹਿਬ ਦਾ ਇਹ ਦੋਰੁਖੀ ਸੰਕਲਪ ’ਮੀਰੀ ਤੇ ਪੀਰੀ’ ’ਤੇ ਜ਼ੋਰ ਦੇਣਾ ਸੀ। ਇਸ ਤਰ੍ਹਾਂ ਗੁਰੂ ਸਾਹਿਬ ਦਾ ਇਹ ਬਾਦਸ਼ਾਹਾਂ ਵਾਲਾ ਰਾਜ-ਅਧਿਕਾਰ ਜਾਂ ਰਾਜ ਚਿੰਨ੍ਹ ਸਿੱਖ ਜਗਤ ’ਚ ‘ਸੱਚੇ ਪਾਤਸ਼ਾਹ’ ਦੇ ਰੂਪ ’ਚ ਜਾਣਿਆ ਜਾਣ ਲੱਗਾ ਸੀ।

ਗੁਰੂ ਹਰਗੋਬਿੰਦ ਜੀ ਇਹ ਗੱਲ ਚੰਗੀ ਤਰ੍ਹਾਂ ਜਾਣਦੇ ਸਨ ਕਿ ਸਿੱਖਾਂ ਨੂੰ ਇਹ ਆਜ਼ਾਦੀ ਇੰਨੀ ਜਲਦੀ ਮਿਲਣ ਵਾਲੀ ਨਹੀਂ ਹੈ ਪਰ ਉਹਨਾਂ ਨੂੰ ਜ਼ੁਲਮ ਤੇ ਅੱਤਿਆਚਾਰ ਦੇ ਵਿਰੁੱਧ ਲਾਮਬੰਦ ਹੋਣ ਲਈ ਸ਼ਸਤਰਧਾਰੀ ਹੋਣਾ ਹੀ ਪਵੇਗਾ। ਗੁਰੂ ਹਰਗੋਬਿੰਦ ਸਾਹਿਬ ਨੇ ਮਸੰਦਾਂ ਤੇ ਆਪਣੇ ਸਿੱਖ ਸ਼ਰਧਾਲੂਆਂ ਨੂੰ ਇਹ ਆਦੇਸ਼ ਦਿੱਤਾ ਕਿ ਅੱਗੋਂ ਤੋਂ ਜਿਹੜਾ ਵੀ ਸਿੱਖ ਉਹਨਾਂ ਦੇ ਦਰਸ਼ਨਾਂ ਲਈ, ਉਹਨਾਂ ਦੇ ਦਰਬਾਰ ’ਚ ਆਵੇ, ਉਹ ਮਾਇਆ ਦੇ ਚੜ੍ਹਾਵੇ ਦੇ ਨਾਲ-ਨਾਲ ਆਪਣੀ ਸਮਰੱਥਾ ਅਨੁਸਾਰ ਹਥਿਆਰ ਤੇ ਘੋੜੇ ਆਦਿ ਵੀ ਲਿਆਵੇ। ਉਸ ਸਮੇਂ ਹਿੰਦੂ ਸਮਾਜ ਬਹੁਤ ਕਮਜ਼ੋਰ ਹੋ ਚੁੱਕਾ ਸੀ, ਜਿਹੜਾ ਕਿ ਸਮੇਂ ਦੀ ਸਰਕਾਰ ਨੂੰ ਜ਼ੁਲਮ ਤੇ ਅੱਤਿਆਚਾਰ ਦੇ ਖਿਲਾਫ ਟੱਕਰ ਨਹੀਂ ਦੇ ਸਕਦਾ ਸੀ। ਸਿੱਖ ਅਜੇ ਇਕੱਲੇ ਵੀ ਉਸ ਸਮੇਂ ਇੰਨੇ ਸ਼ਕਤੀਸ਼ਾਲੀ ਨਹੀਂ ਸਨ ਕਿ ਉਹ ਇੱਡੀ ਵੱਡੀ ਮੁਗਲ ਸਲਤਨਤ ਨਾਲ ਟੱਕਰ ਲੈ ਸਕਣ। ਉਨ੍ਹਾਂ ਨੂੰ ਅਜੇ ਆਪਣੇ ਹੱਕਾਂ ਤੇ ਅਧਿਕਾਰਾਂ ਦੀ ਪ੍ਰਾਪਤੀ ਲਈ ਤੇ ਜ਼ੁਲਮ ਨਾਲ ਟੱਕਰ ਲੈਣ ਲਈ ਕਾਫੀ ਜਾਗਰੂਕਤਾ ਦੀ ਲੋੜ ਸੀ।

ਉਹ ਹਥਿਆਰ ਸੰਭਾਲਣ ਤੇ ਆਪਣਾ ਰੋਜ਼ਾਨਾ ਜੀਵਨ ਚੁਸਤ-ਦਰੁਸਤ ਹੋ ਕੇ ਬਸਰ ਕਰਨ, ਘੋੜ ਸਵਾਰੀ ਸਿੱਖਣ, ਘੋੜ ਦੌੜ ’ਚ ਭਾਗ ਲੈਣ ਤੇ ਆਪਣਾ ਚੰਗਾ ਸਮਾਂ ਬਤੀਤ ਕਰਨ ਲਈ ਸ਼ਿਕਾਰ ਖੇਡਿਆ ਕਰਨ।ਪ੍ਰਮਾਤਮਾ ਦਾ ਨਾਮ ਜਪਣ ਦੇ ਨਾਲ ਨਾਲ ਉਹ ਆਪਣੇ ਸਰੀਰ ਨੂੰ ਸੁਡੌਲ ਬਣਾਉਣ ਲਈ ਕਸਰਤ ਕਰਨ ਤੇ ਹਥਿਆਰਾਂ ਨੂੰ ਚਲਾਉਣ ਦੀ ਸਿੱਖਿਆ ਵੀ ਪ੍ਰਾਪਤ ਕਰਨ। ਇਸ ਤਰ੍ਹਾਂ ਗੁਰੂ ਸਾਹਿਬ ਦੇ ਇਹਨਾਂ ਆਦੇਸ਼ਾਂ ਦੇ ਥੋੜ੍ਹੇ ਸਮੇਂ ਬਾਅਦ ਹੀ ਉਹਨਾਂ ਪਾਸ ਇਕ ਹਜ਼ਾਰ ਘੋੜ ਸਵਾਰ ਸੈਨਾ ਤਿਆਰ ਹੋ ਗਈ। ਇਸ ਦੇ ਨਾਲ-ਨਾਲ ਰੂਹਾਨੀਅਤ ਦੀ ਸਿੱਖਿਆ ਵੀ ਬਰਾਬਰ ਚਲਦੀ ਰਹੀ। ਗੁਰੂ ਸਾਹਿਬ ਸੂਰਜ ਨਿਕਲਣ ਤੋਂ ਕਾਫੀ ਸਮਾਂ ਪਹਿਲਾਂ ਉਠਦੇ। ਸ੍ਰੀ ਹਰਿਮੰਦਰ ਸਾਹਿਬ ਦੇ ਪਵਿੱਤਰ ਸਰੋਵਰ ’ਚ ਰੋਜ਼ਾਨਾ ਇਸ਼ਨਾਨ ਕਰਨ ਉਪਰੰਤ ਪ੍ਰਮਾਤਮਾ ਦੀ ਭਗਤੀ ’ਚ ਅੰਤਰ ਧਿਆਨ ਹੋ ਜਾਂਦੇ। ਇਸ ਤਰ੍ਹਾਂ ਉਹ ਸਵੇਰੇ ਤੇ ਸ਼ਾਮ ਆਪਣੇ ਸਿੱਖ ਸ਼ਰਧਾਲੂਆਂ ਨਾਲ ਪ੍ਰਮਾਤਮਾ ਦੀ ਬੰਦਗੀ ’ਚ ਸ਼ਾਮਲ ਹੁੰਦੇ। ਗੁਰੂ ਸਾਹਿਬ ਨਹੀਂ ਚਾਹੁੰਦੇ ਸਨ ਕਿ ਉਹਨਾਂ ਦੀ ਪ੍ਰਬਲਤਾ, ਸੰਸਾਰਕ ਮਸਲਿਆਂ ਨੂੰ ਹੱਲ ਕਰਨ ਲਈ ਕੋਈ ਯੁੱਧ ਕਰਕੇ ਪ੍ਰਾਪਤ ਕੀਤੀ ਜਾਵੇ, ਜਿਸ ਨਾਲ ਉਹਨਾਂ ਦੇ ਸ਼ਰਧਾਲੂਆਂ ਦੀ ਰੂਹਾਨੀਅਤ ’ਤੇ ਕੋਈ ਪ੍ਰਭਾਵ ਪਵੇ।

ਚੰਦੂ ਸ਼ਾਹ ਜਿਸ ਦੀ ਲੜਕੀ ਨਾਲ ਗੁਰੂ ਸਾਹਿਬ ਨੇ ਸ਼ਾਦੀ ਕਰਨ ਤੋਂ ਇਨਕਾਰ ਕਰ ਦਿੱਤਾ ਸੀ, ਨੇ ਅਜੇ ਆਪਣੇ ਮਨ ’ਚੋਂ ਗੁਰੂ ਸਾਹਿਬ ਪ੍ਰਤੀ ਈਰਖਾ ਛੱਡੀ ਨਹੀਂ ਸੀ। ਉਸ ਨੇ ਗੁਰੂ ਸਾਹਿਬ ਦੀਆਂ ਫੌਜੀ ਗਤੀਵਿਧੀਆਂ ਦੀ ਬਾਦਸ਼ਾਹ ਜਹਾਂਗੀਰ ਪਾਸ ਸ਼ਿਕਾਇਤ ਕਰ ਦਿੱਤੀ। ਬਾਦਸ਼ਾਹ ਜਹਾਂਗੀਰ ਨੇ ਗੁਰੂ ਹਰਗੋਬਿੰਦ ਜੀ ਦੇ ਸੰਮਨ ਜਾਰੀ ਕਰਕੇ ਆਪਣੇ ਸਨਮੁੱਖ ਪੇਸ਼ ਹੋਣ ਲਈ ਦਿੱਲੀ ਬੁਲਾਇਆ। ਬਹੁਤ ਸਾਰੀ ਸਿੱਖ ਸੰਗਤ ਇਸ ਗੱਲ ਲਈ ਚਿੰਤਤ ਸੀ ਕਿ ਗੁਰੂ ਸਾਹਿਬ ਦੀ ਜ਼ਿੰਦਗੀ ਨੂੰ ਖਤਰਾ ਹੈ। ਦਿੱਲੀ ਨੂੰ ਰਵਾਨਾ ਹੋਣ ਤੋਂ ਪਹਿਲਾਂ ਗੁਰੂ ਸਾਹਿਬ ਨੇ ਸਿੱਖ ਸੰਗਤ ਨੂੰ ਆਦੇਸ਼ ਦਿੱਤੇ ਕਿ ਸ੍ਰੀ ਹਰਿਮੰਦਰ ਸਾਹਿਬ ਦੇ ਰੋਜ਼ਾਨਾ ਦੇ ਕੰਮਕਾਰ ਦੀ ਜ਼ਿੰਮੇਵਾਰੀ ਬਾਬਾ ਬੁੱਢਾ ਜੀ ਦੀ ਨਿਗਰਾਨੀ ’ਚ ਹੋਵੇਗੀ ਤੇ ਇਹਨਾਂ ਦਾ ਮਾਣ ਸਤਿਕਾਰ ਪੂਰਾ ਕੀਤਾ ਜਾਵੇ ਤੇ ‘ਗੁਰੂ ਗ੍ਰੰਥ ਸਾਹਿਬ’ ’ਚੋਂ ਰੂਹਾਨੀਅਤ ਦੀ ਸਿੱਖਿਆ ਭਾਈ ਗੁਰਦਾਸ ਜੀ ਤੇ ਦੂਸਰੇ ਸਿੱਖ ਵਿਦਵਾਨਾਂ ਦੀ ਨਿਗਰਾਨੀ ਹੇਠ ਨਿਰਵਿਘਨ ਦਿੱਤੀ ਜਾਵੇ। ਇਸ ਉਪਰੰਤ ਗੁਰੂ ਸਾਹਿਬ ਤਿੰਨ ਸੌ ਘੋੜ ਸਵਾਰ ਜਥੇ ਨੂੰ ਨਾਲ ਲੈ ਕੇ ਦਿੱਲੀ ਲਈ ਰਵਾਨਾ ਹੋ ਗਏ।

ਬਾਦਸ਼ਾਹ ਜਹਾਂਗੀਰ ਜਦੋਂ ਗੁਰੂ ਹਰਗੋਬਿੰਦ ਜੀ ਨੂੰ ਮਿਲੇ ਤਾਂ ਉਹ ਗੁਰੂ ਸਾਹਿਬ ਦੀ ਨਿਮਰਤਾ ਤੇ ਗਿਆਨ ਭਰਪੂਰ ਸ਼ਖਸੀਅਤ ਤੋਂ ਬਹੁਤ ਪ੍ਰਭਾਵਿਤ ਹੋਏ। ਗੁਰੂ ਸਾਹਿਬ ਨੇ ਬਾਦਸ਼ਾਹ ਜਹਾਂਗੀਰ ਨਾਲ ਕਈ ਧਾਰਮਿਕ ਵਿਸ਼ਿਆਂ ’ਤੇ ਗੋਸ਼ਟੀ ਕੀਤੀ ਤੇ ਬਾਦਸ਼ਾਹ ਜਹਾਂਗੀਰ ਨੇ ਮਹਿਸੂਸ ਕੀਤਾ ਕਿ ਸਿੱਖ ਧਰਮ ਦੇ ਪ੍ਰਚਾਰ ਨਾਲ ਇਸਲਾਮ ਧਰਮ ਨੂੰ ਕੋਈ ਖਤਰਾ ਨਹੀਂ ਹੈ। ਜਹਾਂਗੀਰ ਨੇ ਗੁਰੂ ਸਾਹਿਬ ਨੂੰ ਇਕ ਪ੍ਰਸ਼ਨ ਕੀਤਾ ਕਿ ਤੁਹਾਨੂੰ ਕਿਹੜਾ ਧਰਮ ਚੰਗਾ ਲੱਗਦਾ ਹੈ ’ਹਿੰਦੂ ਧਰਮ ਜਾਂ ਮੁਸਲਮਾਨ ਧਰਮ’? ਗੁਰੂ ਜੀ ਨੇ ਇਸ ਪ੍ਰਸ਼ਨ ਦਾ ਉੱਤਰ ਦੇਣ ਲਈ ਸਤਿਗੁਰੂ ਕਬੀਰ ਦਾਸ ਜੀ ਦੇ ਵਿਚਾਰਾਂ ਦੀ ਵਿਆਖਿਆ ਨਿਮਨ-ਲਿਖਤ ਅਨੁਸਾਰ ਕੀਤੀ:

“ਪ੍ਰਮਾਤਮਾ ਨੇ ਸਭ ਤੋਂ ਪਹਿਲਾਂ ਜੋਤ (ਰੋਸ਼ਨੀ) ਪੈਦਾ ਕੀਤੀ। ਸਭ ਜੀਵਾਂ ਦੀ ਉਤਪਤੀ ਉਸ ਜੋਤ ’ਚੋਂ ਹੋਈ ਹੈ। ਸਾਰੇ ਸੰਸਾਰ ਦੀ ਰਚਨਾ ਇਸ ਜੋਤ ਦੀ ਇਕੋ ਚੰਗਿਆੜੀ ’ਚੋਂ ਹੋਈ ਹੈ। ਕੌਣ ਚੰਗਾ ਹੈ ਤੇ ਕੌਣ ਮਾੜਾ ਹੈ? ਇਸ ਰਚਨਾ ਦਾ ਕਰਤਾ ਵੀ ਇਸ ਸੰਸਾਰਕ ਰਚਨਾ ’ਚ ਹੀ ਹੈ ਤੇ ਇਹ ਸਾਰੀ ਰਚਨਾ ਵੀ ਉਸ ਕਰਤਾ ’ਚ ਹੀ ਸਮਾਈ ਹੋਈ ਹੈ। ਉਹ ਸਰਵ ਵਿਆਪੀ ਹੈ। ਮਿੱਟੀ ਸਭ ਦੀ ਇਕੋ ਜਿਹੀ ਹੈ ਪ੍ਰੰਤੂ ਉਸ ਕਰਤਾ ਨੇ ਜੀਵਾਂ ਦੀ ਰਚਨਾ ਅਲੱਗ-ਅਲੱਗ ਰੂਪਾਂ ’ਚ ਕੀਤੀ ਹੈ। ਮਿੱਟੀ ਤੇ ਕਰਤਾ ’ਚ ਕੋਈ ਫਰਕ ਨਹੀਂ ਹੈ ਇਹ ਸਭ ਉਹ ਕਰਤਾ ਹੀ ਜਾਣਦਾ ਹੈ। ਜਿਹੜਾ ਜੀਵ ਉਸ ਕਰਤਾ ਅੱਗੇ ਆਪਣੇ ਆਪ ਨੂੰ ਅਰਪਣ ਕਰ ਦਿੰਦਾ ਹੈ, ਉਹ ਹੀ ਉਸ ਕਰਤਾ ਨੂੰ ਪ੍ਰਾਪਤ ਕਰ ਲੈਂਦਾ ਹੈ। ਜੀਵ ਉਸ ਕਰਤਾ ਦਾ ਗੁਲਾਮ ਹੈ। ਉਹ ਕਰਤਾ ਦਿਸਦਾ ਨਹੀਂ ਹੈ ਤੇ ਅਤਿ ਸੂਖਮ ਹੈ ਤੇ ਸਿਰਫ ਮਹਿਸੂਸ ਹੀ ਹੁੰਦਾ ਹੈ। ਪ੍ਰਮਾਤਮਾ ਨੇ ਇਹ ਮਿਠਾਸ ਭਰਿਆ ਤੋਹਫਾ ਮੈਨੂੰ ਬਖਸ਼ਿਆ ਹੈ ਤੇ ਇਹ ਮਹਾਨ ਵਿਚਾਰ ਸਤਿਗੁਰੂ ਕਬੀਰ ਦਾਸ ਜੀ ਦੇ ਹਨ, ਜਿਹਨਾਂ ਨੇ ਮੇਰੇ ਇਸ ਪ੍ਰਤੀ ਸਾਰੇ ਭਰਮ-ਭੁਲੇਖੇ ਦੂਰ ਕਰ ਦਿੱਤੇ ਹਨ। ਮੈਂ ਉਸ ਪਵਿੱਤਰ ਕਰਤਾ ਦੇ ਅੰਮ੍ਰਿਤ ਵੇਲੇ ਹਰ ਰੋਜ਼ ਦਰਸ਼ਨ ਆਪਣੀਆਂ ਅੱਖਾਂ ਨਾਲ ਕਰਦਾ ਹਾਂ।’’

ਜਦੋਂ ਜਹਾਂਗੀਰ ਨੇ ਦੇਖਿਆ ਕਿ ਗੁਰੂ ਜੀ ਖੇਡਾਂ ਤੇ ਸ਼ਿਕਾਰ ਖੇਡਣ ਦੇ ਬਹੁਤ ਸ਼ੌਕੀਨ ਹਨ ਤਾਂ ਉਸ ਨੇ ਗੁਰੂ ਜੀ ਨੂੰ ਬਾਘ ਦਾ ਸ਼ਿਕਾਰ ਕਰਨ ਲਈ ਨਿਮੰਤਰਣ ਦਿੱਤਾ। ਜਦੋਂ ਉਹ ਜੰਗਲ ’ਚ ਸ਼ਿਕਾਰ ਦਾ ਪਿੱਛਾ ਕਰ ਰਹੇ ਸਨ ਤਾਂ ਇਕ ਬਹੁਤ ਹੀ ਖੂੰਖਾਰ ਬਾਘ ਨੇ ਬਾਦਸ਼ਾਹ ਜਹਾਂਗੀਰ ’ਤੇ ਹਮਲਾ ਕਰ ਦਿੱਤਾ। ਇਹ ਸ਼ਾਹੀ ਸ਼ਿਕਾਰੀ ਗਰੁੱਪ ਬਹੁਤ ਘਬਰਾ ਗਿਆ ਤੇ ਇਨ੍ਹਾਂ ਦੇ ਸਭ ਹਾਥੀ ਤੇ ਘੋੜੇ ਵੀ ਬਹੁਤ ਭੈ-ਭੀਤ ਹੋ ਗਏ। ਗੁਰੂ ਹਰਗੋਬਿੰਦ ਜੀ ਨੇ ਇਕ ਦਮ ਆਪਣਾ ਘੋੜਾ ਉਸ ਹਮਲਾਵਰ ਬਾਘ ਵੱਲ ਦੁੜਾਇਆ ਤੇ ਆਪਣੇ ਮਿਆਨ ’ਚ ਇਕ ਦਮ ਤਲਵਾਰ ਕੱਢ ਕੇ ਆਪਣੇ ਇਕੋ ਹੱਥ ਨਾਲ ਬਾਘ ਦੇ ਮਾਰੀ ਤੇ ਉਸ ਖਤਰਨਾਕ ਬਾਘ ਨੂੰ ਢੇਰੀ ਕਰ ਦਿੱਤਾ। ਜਹਾਂਗੀਰ ਇਕ ਦਮ ਗੁਰੂ ਜੀ ਦਾ ਸ਼ੁਕਰੀਆ ਕਰਨ ਲਈ ਅੱਗੇ ਵਧਿਆ ਕਿ ਉਹਨਾਂ ਨੇ ਆਪਣੇ ਆਪ ਨੂੰ ਖ਼ਤਰੇ ’ਚ ਪਾ ਕੇ ਜਹਾਂਗੀਰ ਦੀ ਜਾਨ ਬਚਾਈ ਹੈ। ਜਹਾਂਗੀਰ, ਗੁਰੂ ਜੀ ਦਾ ਬਹੁਤ ਅਹਿਸਾਨਮੰਦ ਹੋ ਗਿਆ ਤੇ ਉਸਨੇ ਗੁਰੂ ਜੀ ਨੂੰ ਕਿਹਾ ਕਿ, ‘ਆਪਾਂ ਅੱਗੇ ਤੋਂ ਵੀ ਸ਼ਿਕਾਰ ਲਈ ਇਕੱਠੇ ਜਾਇਆ ਕਰਾਂਗੇ’। ਇਕ ਵਾਰ ਜਦੋਂ ਗੁਰੂ ਜੀ ਆਗਰੇ ਵੱਲ ਜਾ ਰਹੇ ਸਨ ਤਾਂ ਉਨ੍ਹਾਂ ਦਾ ਇਕ ਸ਼ਰਧਾਲੂ ਘਸੇਰਾ (ਘਾਹ ਕੱਟਣ ਵਾਲਾ) ਉਹਨਾਂ ਦੇ ਦਰਸ਼ਨਾਂ ਲਈ ਆਇਆ। ਘਸੇਰਾ ਗੁਰੂ ਸਾਹਿਬ ਦੇ ਦਰਸ਼ਨਾਂ ਨੂੰ ਕੁਰਲਾ ਰਿਹਾ ਸੀ ਤੇ ਬਾਦਸ਼ਾਹ ਜਹਾਂਗੀਰ ਦੇ ਸ਼ਾਹੀ ਕਾਫਲੇ ਦੀ ਅਗਵਾਈ ਸ਼ਾਹੀ ਰੱਖਿਅਕ ਕਰ ਰਹੇ ਸਨ। ਉਸ ਘਸੇਰੇ ਨੇ ਉਹਨਾਂ ਅੱਗੇ ਇਕ ਸਿੱਕਾ ਸੁੱਟਿਆ ਤੇ ਆਪਣੇ ਹੱਥ ਜੋੜ ਕੇ ਖੜ੍ਹ ਗਿਆ ਤੇ ਦੁਆ ਕਰਦਿਆਂ ਉਸ ਦੀਆਂ ਅੱਖਾਂ ’ਚੋਂ ਹੰਝੂ ਵੱਗ ਰਹੇ ਸਨ ਤੇ ਉਸ ਦਾ ਗਲ਼ਾ ਭਾਵੁਕਤਾ ਨਾਲ ਭਰਿਆ ਹੋਇਆ ਸੀ। ਬਾਦਸ਼ਾਹ ਗੁਰੂ ਜੀ ਦੇ ਉਸ ਸ਼ਰਧਾਲੂ ਦੀਆਂ ਭਾਵਨਾਵਾਂ ਦੇਖ ਕੇ ਬਹੁਤ ਪ੍ਰਭਾਵਿਤ ਹੋਇਆ ਤੇ ਉਸ ਸ਼ਰਧਾਲੂ ਨੂੰ ਬਹੁਤ ਸਾਰੇ ਤੋਹਫ਼ੇ ਦੇਣ ਦੀ ਪੇਸ਼ਕਸ਼ ਕੀਤੀ। ਉਸ ਸ਼ਰਧਾਲੂ ਸਿੱਖ ਨੇ ਉੱਤਰ ਦਿੱਤਾ, ਹੇ! ਮੇਰੇ ਸੱਚੇ ਪਾਤਸ਼ਾਹ, ਜੇਕਰ ਤੁਸੀਂ ਮੇਰੇ ’ਤੇ ਬਹੁਤ ਪ੍ਰਸੰਨ ਹੋ ਤਾਂ ਮੇਰੇ ’ਤੇ ਉਸ ਸੱਚੇ ਪ੍ਰਮਾਤਮਾ ਦੇ ਨਾਮ ਦੀ ਮਿਹਰ ਕਰੋ ਤਾਂ ਜੋ ਮੈਂ ਮੁਕਤੀ ਪ੍ਰਾਪਤ ਕਰ ਸਕਾਂ।’ ਜਦੋਂ ਉਸ ਸ਼ਰਧਾਲੂ ਨੂੰ ਇਹ ਦੱਸਿਆ ਗਿਆ ਕਿ ਤੁਸੀਂ ਗਲਤ ਕੈਂਪ ’ਚ ਆ ਗਏ ਹੋ ਤੇ ਤੁਹਾਡਾ ਮੁਕਤੀ ਦਾਤਾ ਸਾਹਮਣੇ ਵਾਲੇ ਕੈਂਪ ’ਚ ਹੈ ਤਾਂ ਉਸ ਸ਼ਰਧਾਲੂ ਨੇ ਇਕ ਦਮ ਬੇਝਿਜਕ ਕੇ ਬਾਦਸ਼ਾਹ ਜਹਾਂਗੀਰ ਦਾ ਕੈਂਪ ਛੱਡ ਦਿੱਤਾ ਤੇ ਆਪਣਾ ਸੁੱਟਿਆ ਹੋਇਆ ਸਿੱਕਾ ਚੁੱਕ ਲਿਆ ਤੇ ਕਿਹਾ, ’ਇਸ ਲਈ ਮੇਰਾ ਇਹ ਸਿੱਕਾ ਬਾਦਸ਼ਾਹ ਲਈ ਨਹੀਂ ਹੈ ਸਗੋਂ ਉਸ ’ਸੱਚੇ ਪਾਤਸ਼ਾਹ’ ਲਈ ਹੈ।

ਆਗਰੇ ਪੜਾਅ ਕਰਦਿਆਂ ਇਕ ਦਿਨ ਬਾਦਸ਼ਾਹ ਜਹਾਂਗੀਰ ਅਚਾਨਕ ਬਿਮਾਰ ਹੋ ਗਿਆ। ਉਹ ਸਾਜ਼ਸ਼ੀ ਚੰਦੂ ਸ਼ਾਹ ਵੀ ਬਾਦਸ਼ਾਹ ਦੇ ਨਾਲ ਹੀ ਸੀ, ਉਸ ਨੇ ਫਿਰ ਸਾਜ਼ਿਸ਼ ਰਚੀ ਤੇ ਬਾਦਸ਼ਾਹ ਨੂੰ ਕਿਹਾ ਕਿ ਜੇਕਰ ਕਿਸੇ ਪਵਿੱਤਰ ਮਹਾਂਪੁਰਸ਼ ਨੂੰ ਗਵਾਲੀਅਰ ਦੇ ਕਿਲ੍ਹੇ ’ਚ ਭੇਜਿਆ ਜਾਵੇ ਤਾਂ ਹੀ ਉਨ੍ਹਾਂ ਦਾ ਬੁਖਾਰ ਹਟ ਸਕਦਾ ਹੈ ਤੇ ਉਹ ਬਾਦਸ਼ਾਹ ਲਈ ਆਪਣੀ ਜ਼ਿੰਮੇਵਾਰੀ ਲੈ ਕੇ ਪ੍ਰਾਸਚਿਤ ਕਰੇ। ਇਸ ਕੰਮ ਲਈ ਗੁਰੂ ਜੀ ਨੂੰ ਗਵਾਲੀਅਰ ਕਿਲ੍ਹੇ ’ਚ ਜਾਣ ਲਈ ਬੇਨਤੀ ਕੀਤੀ ਗਈ। ਚੰਦੂ ਸ਼ਾਹ ਇਸ ਸਾਜ਼ਿਸ਼ ਨੂੰ ਚੰਗੀ ਤਰ੍ਹਾਂ ਜਾਣਦਾ ਸੀ ਤੇ ਗੁਰੂ ਜੀ ਉਥੇ ਜਾਣ ਲਈ ਮਨ ਗਏ ਤੇ ਉਨ੍ਹਾਂ ਨਾਲ ਗੁਰੂ ਜੀ ਦੇ ਪੰਜ ਸਿੱਖ ਵੀ ਰੱਖਿਅਕ ਵਜੋਂ ਭੇਜ ਦਿੱਤੇ। ਗੁਰੂ ਜੀ ਗਵਾਲੀਅਰ ਦੇ ਕਿਲ੍ਹੇ ’ਚ 1617 ਤੋਂ 1619 ਦੇ ਵਿਚਕਾਰ ਕਈ ਮਹੀਨਿਆਂ ਤੱਕ ਅਸਲੀ ਕੈਦੀ ਵਜੋਂ ਰਹੇ। ਉਸ ਸਮੇਂ ਉਸ ਕਿਲ੍ਹੇ ’ਚ ਭਾਰਤ ਦੇ ਵੱਖ-ਵੱਖ ਸੂਬਿਆਂ ਦੇ 52 ਰਾਜੇ ਵੀ ਕੈਦੀ ਬਣਾਏ ਹੋਏ ਸਨ। ਜਿਹਨਾਂ ਨਾਲ ਬੜਾ ਭੈੜਾ ਸਲੂਕ ਕੀਤਾ ਜਾਂਦਾ ਸੀ। ਗੁਰੂ ਜੀ ਰੋਜ਼ ਨਿਤਨੇਮ ਦਾ ਪਾਠ ਕਰਦੇ ਤੇ ਉਨ੍ਹਾਂ ਕੈਦੀਆਂ ਦਾ ਮਨੋਬਲ ਵਧਾਉਣ ਲਈ ਉਹਨਾਂ ਨੂੰ ਵੀ ਪਾਠ ਕਰਨ ਨੂੰ ਆਖਦੇ। ਇਸ ਦੇ ਨਾਲ ਹੀ ਗੁਰੂ ਜੀ ਨੇ ਜੇਲ੍ਹ ’ਚ ਦਿੱਤੀ ਜਾਂਦੀ ਭੈੜੀ ਖੁਰਾਕ ’ਚ ਵੀ ਸੁਧਾਰ ਕਰਵਾਇਆ। ਚੰਦੂ ਸ਼ਾਹ ਨੇ ਗੁਰੂ ਜੀ ਨੂੰ ਮਾਰਨ ਲਈ ਖੁਰਾਕ ’ਚ ਜ਼ਹਿਰ ਮਿਲਾਉਣ ਦਾ ਯਤਨ ਵੀ ਕੀਤਾ ਪਰ ਉਹ ਇਸ ’ਚ ਕਾਮਯਾਬ ਨਾ ਹੋਇਆ। ਕਈ ਮਹੀਨੇ ਬੀਤ ਜਾਣ ਬਾਅਦ ਜਦੋਂ ਜਹਾਂਗੀਰ ਠੀਕ ਹੋਇਆ ਤਾਂ ਆਖਿਰ ਵਜ਼ੀਰ ਖਾਨ ਜਿਹੜਾ ਕਿ ਗੁਰੂ ਜੀ ਦਾ ਬਹੁਤ ਪ੍ਰਸ਼ੰਸਕ ਸੀ, ਨੇ ਬਾਦਸ਼ਾਹ ਨੂੰ ਮਨਾ ਲਿਆ ਕਿ ਗੁਰੂ ਜੀ ਨੂੰ ਜੇਲ੍ਹ ’ਚੋਂ ਰਿਹਾਅ ਕਰ ਦਿੱਤਾ ਜਾਵੇ ਤੇ ਉਨ੍ਹਾਂ ਨੂੰ ਦਿੱਲੀ ਬੁਲਾਇਆ ਜਾਵੇ। ਗੁਰੂ ਜੀ ਨੇ ਉਨਾ ਚਿਰ ਜੇਲ੍ਹ ’ਚੋਂ ਰਿਹਾਅ ਹੋਣ ਤੋਂ ਇਨਕਾਰ ਕਰ ਦਿੱਤਾ, ਜਿੰਨਾ ਚਿਰ ਉਹਨਾਂ ਦੇ ਨਾਲ ਦੂਸਰੇ 52 ਰਾਜਨੀਤਿਕ ਰਾਜੇ ਕੈਦੀਆਂ ਨੂੰ ਵੀ ਰਿਹਾਅ ਨਹੀਂ ਕੀਤਾ ਜਾਂਦਾ। ਜਹਾਂਗੀਰ ਗੁਰੂ ਜੀ ਦੀ ਇਹ ਸ਼ਰਤ ਮੰਨ ਗਿਆ ਤੇ ਵਜ਼ੀਰ ਖਾਨ ਨੇ ਗੁਰੂ ਜੀ ਨੂੰ ਇਹ ਗੱਲ ਕਹੀ ਕਿ ਬਾਦਸ਼ਾਹ ਜਹਾਂਗੀਰ ਆਪ ਜੀ ਦਾ ਸਾਰੀ ਉਮਰ ਲਈ ਬਹੁਤ ਰਿਣੀ ਬਣ ਗਿਆ ਹੈ।

ਜਦੋਂ ਗੁਰੂ ਜੀ ਦਿੱਲੀ ਬਾਦਸ਼ਾਹ ਜਹਾਂਗੀਰ ਕੋਲ ਆਏ ਤਾਂ ਉਹਨਾਂ ਨੇ ਬਾਦਸ਼ਾਹ ਨੂੰ ਕਿਹਾ ਕਿ ਚੰਦੂ ਸ਼ਾਹ ਨੇ ਉਹਨਾਂ ਨਾਲ ਸਾਜ਼ਿਸ਼ ਕਰਕੇ ਉਹਨਾਂ ਨੂੰ ਗਵਾਲੀਅਰ ਦੀ ਜੇਲ੍ਹ ’ਚ ਭੇਜਿਆ ਹੈ। ਜਹਾਂਗੀਰ ਨੇ ਚੰਦੂ ਸ਼ਾਹ ਨੂੰ ਗੁਰੂ ਜੀ ਦੇ ਹਵਾਲੇ ਕਰ ਦਿੱਤਾ ਤੇ ਕਿਹਾ ਕਿ, ’’ਤੁਹਾਡੇ ਪਿਤਾ ਗੁਰੂ ਅਰਜਨ ਦੇਵ ਜੀ ਦੀ ਮੌਤ ਦਾ ਵੀ ਇਹੀ ਜ਼ਿੰਮੇਵਾਰ ਹੈ ਤੇ ਇਸ ਤੋਂ ਤੁਸੀਂ ਬਦਲਾ ਲੈ ਸਕਦੇ ਹੋ।’’ ਗੁਰੂ ਹਰਗੋਬਿੰਦ ਜੀ ਨੇ ਚੰਦੂ ਸ਼ਾਹ ਨੂੰ ਸਿੱਖ ਸ਼ਰਧਾਲੂਆਂ ਦੇ ਹਵਾਲੇ ਕਰ ਦਿੱਤਾ। ਸ਼ਰਧਾਲੂ ਸਿੱਖ ਉਸ ਨੂੰ ਲਾਹੌਰ ਲੈ ਆਏ। ਆਖਿਰਕਾਰ ਉਹਨਾਂ ਕ੍ਰੋਧਵਾਨ ਸਿੱਖਾਂ ਨੇ ਚੰਦੂ ਸ਼ਾਹ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਕਿਉਂਕਿ ਉਹਨਾਂ ’ਚੋਂ ਬਹੁਤ ਸਾਰੇ ਸਿੱਖਾਂ ਨੇ ਲਾਹੌਰ ਵਿਖੇ ਗੁਰੂ ਅਰਜਨ ਦੇਵ ਜੀ ’ਤੇ ਆਪਣੀਆਂ ਅੱਖਾਂ ਨਾਲ ਤਸ਼ੱਦਦ ਹੁੰਦੇ ਦੇਖੇ ਸਨ। ਚੰਦੂ ਸ਼ਾਹ ਦੀ ਮੌਤ ਦੀ ਖ਼ਬਰ ਸੁਣ ਕੇ ਗੁਰੂ ਹਰਗੋਬਿੰਦ ਜੀ ਨੇ ਕਿਹਾ ਕਿ, ’’ਹੇ! ਪ੍ਰਮਾਤਮਾ ਇਸ ਚੰਦੂ ਸ਼ਾਹ ਪਾਪੀ ਨੂੰ ਮੁਆਫ਼ ਕਰ ਦੇਣਾ।’’

ਇਸ ਉਪਰੰਤ ਗੁਰੂ ਹਰਗੋਬਿੰਦ ਜੀ ਲਾਹੌਰ ਲਈ ਰਵਾਨਾ ਹੋ ਗਏ। ਉਹਨਾਂ ਦਿਨਾਂ ’ਚ ਕਾਬੁਲ ਤੋਂ ਇਕ ਸ਼ਰਧਾਲੂ ਸਿੱਖ ਜਿਸ ਦਾ ਨਾਮ ਸੁਜਾਨ ਸੀ, ਗੁਰੂ ਜੀ ਨੂੰ ਤੋਹਫ਼ੇ ਵਜੋਂ ਇਕ ਘੋੜਾ ਦੇਣ ਲਈ ਲਿਆ ਰਿਹਾ ਸੀ। ਉਹ ਘੋੜਾ ਇਕ ਮੁਸਲਮਾਨ ਕਾਜ਼ੀ ਨੇ ਰਸਤੇ ’ਚ ਉਸ ਤੋਂ ਖੋਹ ਲਿਆ ਤੇ ਉਸ ਘੋੜੇ ਨੂੰ ਮੋੜਨ ਬਦਲੇ ਮੁਆਵਜ਼ਾ ਮੰਗਣ ਲੱਗਾ। ਗੁਰੂ ਹਰਗੋਬਿੰਦ ਜੀ ਨੇ ਕਿਹਾ, ’ਘੋੜਾ ਉਸ ਸ਼ਰਧਾਲੂ ਪਾਸ ਜ਼ਰੂਰ ਆਉਣਾ ਚਾਹੀਦਾ ਹੈ, ਜਿਸ ਨੇ ਇਹ ਸਾਨੂੰ ਦੇਣ ਦਾ ਇਰਾਦਾ ਕੀਤਾ ਹੋਇਆ ਹੈ। ਛੇਤੀ ਹੀ ਉਹ ਘੋੜਾ ਬਿਮਾਰ ਹੋ ਗਿਆ ਤੇ ਉਸ ਨੇ ਖਾਣਾ-ਪੀਣਾ ਛੱਡ ਦਿੱਤਾ ਤੇ ਉਸ ਦੀ ਸਿਹਤ ਵਿਗੜਨ ਲੱਗ ਪਈ। ਉਸ ਕਾਜ਼ੀ ਨੇ ਇਹ ਘੋੜਾ ਗੁਰੂ ਜੀ ਨੂੰ ਘੱਟ ਤੋਂ ਘੱਟ ਰਕਮ ’ਚ ਵੇਚ ਦਿੱਤਾ ਕਿ ਘੋੜਾ ਛੇਤੀ ਹੀ ਮਰਨ ਵਾਲਾ ਹੈ। ਪ੍ਰੰਤੂ ਇਹ ਘੋੜਾ ਥੋੜ੍ਹਾ ਜਿਹਾ ਹੀ ਇਲਾਜ ਕਰਨ ਨਾਲ ਤੰਦਰੁਸਤ ਹੋ ਗਿਆ ਤੇ ਗੁਰੂ ਜੀ ਇਸ ਘੋੜੇ ’ਤੇ ਰੋਜ਼ ਸਵਾਰੀ ਕਰਨ ਲੱਗੇ। ਕਾਜ਼ੀ ਬਹੁਤ ਗੁੱਸੇ ’ਚ ਆ ਗਿਆ ਤੇ ਸਮਝਣ ਲੱਗਾ ਕਿ ਉਸ ਨਾਲ ਧੋਖਾ ਹੋਇਆ ਹੈ ਤੇ ਉਸ ਨੇ ਸਰਕਾਰ ਕੋਲ ਗੁਰੂ ਜੀ ਦੀ ਸ਼ਿਕਾਇਤ ਕਰ ਦਿੱਤੀ। ਸਰਕਾਰ ਨੇ ਗੁਰੂ ਜੀ ਖਿਲਾਫ ਕੋਈ ਕਾਰਵਾਈ ਨਹੀਂ ਕੀਤੀ। ਇਸੇ ਦੌਰਾਨ ਉਸ ਅੱਤਿਆਚਾਰੀ ਕਾਜ਼ੀ ਦੀ ਲੜਕੀ ਘਰੋਂ ਦੌੜ ਗਈ ਤੇ ਉਹ ਅੰਮ੍ਰਿਤਸਰ ਸਾਹਿਬ ਵਿਖੇ ਗੁਰੂ ਜੀ ਦੀ ਸ਼ਰਨ ’ਚ ਰਫ਼ੂਜੀ ਬਣ ਕੇ ਆ ਗਈ। ਉਸ ਲੜਕੀ ਦਾ ਨਾਮ ਕੁਮਾਰੀ ਕੌਲਾਂ ਸੀ। ਉਹ ਸਾਰੀ ਉਮਰ ਇੱਥੇ ਗੁਰੂ ਘਰ ਦੀ ਸ਼ਰਧਾਲੂ ਬਣ ਕੇ ਰਹੀ ਤੇ ਗੁਰੂ ਹਰਗੋਬਿੰਦ ਜੀ ਨੇ ਉਸ ਔਰਤ ਦੀ ਯਾਦ ’ਚ ’ਕੌਲਸਰ’ ਨਾਮ ਦੇ ਸਰੋਵਰ ਦੀ ਖੁਦਾਈ ਕਰਵਾਈ।

ਹੁਣ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਆਪਣੇ ਮੀਰੀ-ਪੀਰੀ ਦੇ ਮਿਸ਼ਨ ਨੂੰ ਹੋਰ ਅੱਗੇ ਵਧਾਉਣ ਦੀ ਜ਼ਿੰਮੇਵਾਰੀ ਲਈ ਤੇ ਇਸ ਕੰਮ ਲਈ ਆਪਣੀਆਂ ਯਾਤਰਾਵਾਂ ਸ਼ੁਰੂ ਕਰ ਦਿੱਤੀਆਂ। ਉਹ 1626 ’ਚ ਕੀਰਤਪੁਰ ਨਾਮ ਦੇ ਕਸਬੇ ’ਚ ਆ ਗਏ। ਇੱਥੇ ਉਹਨਾਂ ਨੂੰ ਉਸ ਕੈਦੀ ਰਾਜੇ ਨੇ ਜ਼ਮੀਨ ਤੋਹਫ਼ੇ ਵਜੋਂ ਦਿੱਤੀ, ਜਿਸ ਨੂੰ ਗੁਰੂ ਜੀ ਨੇ ਗਵਾਲੀਅਰ ਦੇ ਕਿਲ੍ਹੇ ’ਚੋਂ ਆਪਣੀ ਰਿਹਾਈ ਦੇ ਨਾਲ ਹੀ ਛੁਡਵਾਇਆ ਸੀ। ਆਪਣੀ ਸ੍ਰੀਨਗਰ ਦੀ ਯਾਤਰਾ ਸਮੇਂ ਗੁਰੂ ਜੀ ਨੇ ਸਵਾਮੀ ਰਾਮਦਾਸ ਸਾਮਰਥ ਜਿਹੜੇ ਕਿ ਰੂਹਾਨੀਅਤ ਦੇ ਇਕ ਵੱਡੇ ਵਿਦਵਾਨ ਸਨ, ਨਾਲ ਗੋਸ਼ਟੀ ਕੀਤੀ। ਇਸੇ ਸਵਾਮੀ ਜੀ ਨੇ ਮਗਰੋਂਜਾ ਕੇ ਮਰਾਠਾ ਸਾਮਰਾਜ ਦੇ ਬਾਨੀ ਸ਼ਿਵਾ ਜੀ ਭੌਂਸਲੇ ਨੂੰ ਰੂਹਾਨੀਅਤ ਦਾ ਪਾਠ ਪੜ੍ਹਾਇਆ ਸੀ। ਸਵਾਮੀ ਰਾਮਦਾਸ ਜੀ ਨੇ ਗੁਰੂ ਜੀ ਨੂੰ ਪੁੱਛਿਆ ਕਿ, ’’ਤੁਸੀਂ ਰੂਹਾਨੀਅਤ ਦੇ ਮਹਾਨ ਸੰਤ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਿੰਘਾਸਨ ’ਤੇ ਬਿਰਾਜਮਾਨ ਹੋ। ਤੁਸੀਂ ਲੜਾਈ ਕਰਨ ਵਾਲੇ ਸ਼ਸਤਰ ਪਹਿਨੇ ਹੋਏ ਹਨ ਤੇ ਤੁਹਾਡੇ ਨਾਲ ਘੋੜਿਆਂ ਤੇ ਸਵਾਰ ਵੱਡੀ ਫੌਜ ਹੈ। ਤੁਸੀਂ ਆਪਣੇ ਆਪ ਨੂੰ ’ਸੱਚਾ ਪਾਤਸ਼ਾਹ’ (ਸੱਚਾ ਬਾਦਸ਼ਾਹ) ਵੀ ਅਖਵਾਉਂਦੇ ਹੋ। ਤੁਸੀਂ ਇਹ ਕਿਸ ਤਰ੍ਹਾਂ ਦੇ ਸੰਤ ਹੋ? ਗੁਰੂ ਹਰਗੋਬਿੰਦ ਜੀ ਨੇ ਉਤਰ ਦਿੱਤਾ ਕਿ, ’’ਮੇਰੀ ਇਹ ਬਾਦਸ਼ਾਹਤ ਦਿਖਾਵੇ ਦੀ ਹੀ ਹੈ। ਅਸਲ ’ਚ ਮੈਂ ਅੰਦਰੋਂ ਇਸ ਦਿਖਾਵੇ ਨੂੰ ਵੱਖ ਕੀਤਾ ਹੋਇਆ ਹੈ ਤੇ ਅਸਲ ’ਚ ਇਕ ਇਕਾਂਤਵਾਸੀ ਸੰਤ ਜਾਂ ਸੰਨਿਆਸੀ ਹੀ ਹਾਂ। ਗੁਰੂ ਨਾਨਕ ਦੇਵ ਜੀ ਨੇ ਵੀ ਇਸ ਸੰਸਾਰ ਨੂੰ ਨਹੀਂ ਤਿਆਗਿਆ ਸੀ। ਉਹਨਾਂ ਨੇ ਸਿਰਫ ਮਾਇਆ, ਛੱਲ, ਫਰੇਬ, ਭਰਮ-ਵਹਿਮ, ਅੰਧ-ਵਿਸ਼ਵਾਸ ਤੇ ਹਉਮੈ ਨੂੰ ਤਿਆਗਿਆ ਸੀ। ਸਵਾਮੀ ਜੀ ਨੇ ਉੱਤਰ ਦਿੱਤਾ ਹਾਂ ਮੈਂ ਉਹਨਾਂ ਦੇ ਇਹਨਾਂ ਵਿਚਾਰਾਂ ਨਾਲ ਸਹਿਮਤ ਹਾਂ ਤੇ ਇਸ ਲਈ ਹੀ ਉਹਨਾਂ ਨੇ ਇੰਝ ਕਰਕੇ ਹਿੰਦੂ ਮੱਤ ਦੀਆਂ ਸਿੱਖਿਆਵਾਂ ਦਾ ਤਿਆਗ ਕੀਤਾ ਸੀ।

ਆਪਣੀਆਂ ਯਾਤਰਾਵਾਂ ਦੇ ਦੌਰਾਨ ਗੁਰੂ ਜੀ ਜਦੋਂ ਗੁਰੂ ਨਾਨਕ ਦੇਵ ਜੀ ਦੇ ਤੀਰਥ ਸਥਾਨ ’ਤੇ ਗਏ ਤਾਂ ਉਥੇ ਉਹਨਾਂ ਨੇ ਬਾਬਾ ਸ੍ਰੀ ਚੰਦ ਜੀ ਜੋ ਕਿ ਗੁਰੂ ਨਾਨਕ ਦੇਵ ਜੀ ਦੇ ਸਪੁੱਤਰ ਸਨ, ਤੋਂ ਆਸ਼ੀਰਵਾਦ ਲਿਆ। ਛੇਤੀ ਹੀ ਉਸ ਤੋਂ ਬਾਅਦ 1613 ’ਚ ਉਹਨਾਂ ਦੇ ਘਰ ਇਕ ਪੁੱਤਰ ਨੇ ਜਨਮ ਲਿਆ, ਜਿਸ ਦਾ ਨਾਮ ਭਾਈ ਗੁਰਦਿੱਤਾ ਸੀ। ਸੰਨ 1617 ’ਚ

(ਬਾਕੀ ਅਗਲੇ ਸਫੇ ਤੇ)

# 'ਮੀਰੀ-ਪੀਰੀ ਦੇ ਸੱਚੇ ਪਾਤਸ਼ਾਹ' ਤੇ 'ਸੰਤ-ਸਿਪਾਹੀ' ਸ੍ਰੀ ਗੁਰੂ ਹਰਗੋਬਿੰਦ ਜੀ

ਉਹਨਾਂ ਦੇ ਦੂਸਰੇ ਪੁੱਤਰ ਭਾਈ ਸੂਰਜ ਮੱਲ ਜੀ ਦਾ ਜਨਮ ਹੋਇਆ। ਸੰਨ 1618 ਈਸਵੀ 'ਚ ਉਹਨਾਂ ਦੇ ਤੀਸਰੇ ਪੁੱਤਰ ਭਾਈ ਐਨੀ ਰਾਏ ਦਾ ਜਨਮ ਹੋਇਆ। ਸੰਨ 1620 'ਚ ਉਨ੍ਹਾਂ ਦੇ ਚੌਥੇ ਪੁੱਤਰ ਭਾਈ ਆਤੁੱਲ ਰਾਏ ਦਾ ਜਨਮ ਹੋਇਆ। ਅਖੀਰ 'ਚ 1622 ਈਸਵੀ ਨੂੰ ਉਹਨਾਂ ਦੇ ਆਖਰੀ ਪੰਜਵੇ ਪੁੱਤਰ ਭਾਈ ਤੇਗ ਬਹਾਦਰ ਜੀ ਦਾ ਜਨਮ ਹੋਇਆ। ਗੁਰੂ ਹਰਗੋਬਿੰਦ ਜੀ ਦੇ ਜੀਵਨ ਕਾਲ 'ਚ ਸਿੱਖ ਧਰਮ ਦੇ ਕੁਝ ਬਹੁਤ ਹੀ ਪ੍ਰਭਾਵਸ਼ਾਲੀ ਤੇ ਮਹਾਨ ਸਿੱਖਾਂ ਦਾ ਦੇਹਾਂਤ ਹੋਇਆ। ਬਾਬਾ ਬੁੱਢਾ ਜੀ ਦਾ ਦੇਹਾਂਤ 1631 ਈਸਵੀ ਨੂੰ ਰਾਮਦਾਸ ਵਿਖੇ, ਭਾਈ ਗੁਰਦਾਸ ਜੀ ਦਾ ਦੇਹਾਂਤ 1636 ਨੂੰ ਗੋਇੰਦਵਾਲ ਸਾਹਿਬ ਵਿਖੇ ਤੇ ਬਾਬਾ ਸ੍ਰੀ ਚੰਦ ਜੀ ਦਾ ਦੇਹਾਂਤ 1629 'ਚ ਕੀਰਤਪੁਰ ਸਾਹਿਬ ਵਿਖੇ ਹੋਇਆ। ਅਕਤੂਬਰ 1627 ਈਸਵੀ ਨੂੰ ਬਾਦਸ਼ਾਹ ਜਹਾਂਗੀਰ ਦਾ ਦੇਹਾਂਤ ਹੋਇਆ ਤੇ ਉਸ ਤੋਂ ਬਾਅਦ ਸ਼ਾਹ ਜਹਾਨ ਦਿੱਲੀ ਦੇ ਤਖਤ 'ਤੇ ਬੈਠਾ।

ਇਕ ਦਿਨ ਬਾਦਸ਼ਾਹ ਜਹਾਂਗੀਰ ਅੰਮ੍ਰਿਤਸਰ ਦੇ ਜੰਗਲ 'ਚ ਸ਼ਿਕਾਰ ਖੇਡ ਰਿਹਾ ਸੀ। ਉਹਨਾਂ ਦਾ ਸ਼ਿਕਰਾ (ਬਾਜ) ਪੰਛੀ ਇਕ ਖਾਸ ਮਨਭਾਉਂਦਾ ਸ਼ਿਕਾਰ ਹੁੰਦਾ ਸੀ। ਉਹ ਪੰਛੀ ਉਡਾਰੀ ਮਾਰ ਕੇ ਗੁਰੂ ਹਰਗੋਬਿੰਦ ਜੀ ਦੇ ਕੈਂਪ 'ਚ ਆ ਗਿਆ, ਕਿਉਂਕਿ ਉਹ ਵੀ ਜੰਗਲ 'ਚ ਸ਼ਿਕਾਰ ਖੇਡ ਰਹੇ ਸਨ। ਜਦੋਂ ਬਾਦਸ਼ਾਹ ਦੇ ਸਿਪਾਹੀ ਆਪਣੇ ਸ਼ਿਕਾਰ ਦਾ ਪਿੱਛਾ ਕਰਦੇ ਹੋਏ ਮਗਰ ਆਏ ਤਾਂ ਉਹਨਾਂ ਨੇ ਆਪਣੇ ਸ਼ਿਕਾਰ ਦੀ ਮੰਗ ਕੀਤੀ ਤਾਂ ਗੁਰੂ ਸਾਹਿਬ ਨੇ ਨਾਂਹ ਕਰ ਦਿੱਤੀ ਤਾਂ ਇਸ 'ਤੇ ਉਹਨਾਂ ਦੀ ਸਿਪਾਹੀਆਂ ਨਾਲ ਛੋਟੀ ਜਿਹੀ ਝੜੱਪ ਹੋ ਗਈ ਪਰ ਸ਼ਿਕਾਰ ਵਾਪਸ ਨਹੀਂ ਕੀਤਾ। ਬਾਦਸ਼ਾਹ ਨੂੰ ਬਹੁਤ ਕ੍ਰੋਧ ਆ ਗਿਆ ਤੇ ਉਸ ਨੇ 7 ਹਜ਼ਾਰ ਘੋੜ ਸਵਾਰਾਂ ਦਾ ਫੌਜੀ ਦਸਤਾ ਆਪਣੇ ਜਨਰਲ ਮੁਖਲਿਸ ਖਾਨ ਦੀ ਅਗਵਾਈ 'ਚ, ਦੋਹਾਂ ਨੂੰ, ਗੁਰੂ ਜੀ ਤੇ ਸ਼ਿਕਰਾ ਨੂੰ ਗ੍ਰਿਫ਼ਤਾਰ ਕਰਕੇ ਲਿਆਉਣ ਲਈ ਭੇਜਿਆ ਕਿਉਂਕਿ ਗੁਰੂ ਜੀ ਨੇ ਉਹਨਾਂ ਦਾ ਸ਼ਿਕਾਰ ਵਾਪਸ ਨਾ ਕਰਨ ਦੀ ਗੁਸਤਾਖੀ ਕੀਤੀ ਹੈ। ਬੜਾ ਘਮਸਾਨ ਦਾ ਯੁੱਧ ਹੋਇਆ। ਮੁਖਲਿਸ ਖਾਨ ਗੁਰੂ ਜੀ ਦੇ ਇਕੋ ਤਲਵਾਰ ਦੇ ਵਾਰ ਨਾਲ ਮਾਰਿਆ ਗਿਆ ਤੇ ਗੁਰੂ ਜੀ ਦੀ ਜਿੱਤ ਹੋਈ। ਇਹ ਲੜਾਈ 1634 'ਚ ਹੋਈ। ਇਸ ਲੜਾਈ ਨੇ ਸਿੱਖਾਂ ਤੇ ਮੁਗਲ ਸਰਕਾਰ 'ਚ ਇਕ ਨਵਾਂ ਮੋੜ ਲੈਆਂਦਾ। ਸਿੱਖਾਂ ਨੇ ਮੁਗਲ ਸਰਕਾਰ ਦੇ ਜ਼ੁਲਮ ਖਿਲਾਫ ਉਗਰ ਰੂਪ ਧਾਰਨ ਕਰ ਲਿਆ।

ਇਸ ਲੜਾਈ ਤੋਂ ਪਿੱਛੋਂ ਗੁਰੂ ਸਾਹਿਬ ਨੇ ਅੰਮ੍ਰਿਤਸਰ ਛੱਡ ਦਿੱਤਾ ਤੇ ਉਹ ਮੁੜ ਦੁਬਾਰਾ ਇੱਧਰ ਨਹੀਂ ਆਏ। ਗੁਰੂ ਜੀ ਕਰਤਾਰਪੁਰ ਆ ਗਏ ਤੇ ਇੱਥੇ ਆ ਕੇ ਬਿਆਸ ਨਦੀ ਦੇ ਕਿਨਾਰੇ 'ਤੇ ਵਸਾਏ ਨਵੇਂ ਸ਼ਹਿਰ ਹਰਗੋਬਿੰਦਪੁਰ ਦੀ ਉਸਾਰੀ 'ਚ ਜੁਟ ਗਏ। ਉਸ ਪਿੰਡ ਦੇ ਘੀਰਾਰ ਕਬੀਲੇ ਦੇ ਲੋਕ ਬੜੇ ਉਤਸ਼ਾਹਿਤ ਸਨ ਕਿ ਗੁਰੂ ਜੀ ਇਸ ਨਗਰ 'ਚ ਆ ਕੇ ਵੱਸ ਜਾਣ ਪਰ ਉਸ ਕਬੀਲੇ ਦਾ ਸਰਦਾਰ ਭਗਵਾਨ ਦਾਸ ਨਹੀਂ ਚਾਹੁੰਦਾ ਸੀ ਕਿ ਗੁਰੂ ਜੀ ਇਸ ਨਗਰ ਨੂੰ ਆਪਣਾ ਪੱਕਾ ਟਿਕਾਣਾ ਬਣਾਉਣ ਕਿਉਂਕਿ ਭਗਵਾਨ ਦਾਸ ਦੀ ਮੁਗਲ ਅਧਿ-ਕਾਰੀਆਂ ਨਾਲ ਚੰਗੀ ਦੋਸਤੀ ਸੀ। ਉਹ ਗੁਰੂ ਸਾਹਿਬ ਦੀ ਸ਼ਾਨ ਦੇ ਖਿਲਾਫ ਅਪਸ਼ਬਦ ਬੋਲਦਾ ਸੀ ਤੇ ਇਸ 'ਤੇ ਸਿੱਖਾਂ ਨੂੰ ਗੁੱਸਾ ਆ ਗਿਆ। ਇਸ ਝੜੱਪ 'ਚ ਭਗਵਾਨ ਦਾਸ ਮਾਰਿਆ ਗਿਆ। ਉਸ ਦਾ ਪੁੱਤਰ ਰਤਨ ਚੰਦ, ਅਬਦੁਲ ਖਾਨ ਪਾਸ ਗਿਆ, ਜਿਹੜਾ ਕਿ ਜਲੰਧਰ ਦਾ ਸੂਬੇਦਾਰ ਸੀ ਤੇ ਉਸ ਸੂਬੇਦਾਰ ਨੂੰ ਗੁਰੂ ਸਾਹਿਬ 'ਤੇ ਹਰਗੋਬਿੰਦਪੁਰ ਵਿਖੇ ਹਮਲਾ ਕਰਨ ਲਈ ਮਨਾ ਲਿਆ। ਸੂਬੇਦਾਰ ਨੇ ਦਸ ਹਜ਼ਾਰ ਫੌਜੀਆਂ ਦੀ ਟੁਕੜੀ ਗੁਰੂ ਜੀ 'ਤੇ ਹਮਲਾ ਕਰਨ ਲਈ ਭੇਜ ਦਿੱਤੀ। ਗੁਰੂ ਸਾਹਿਬ ਨੇ ਮਹਿਸੂਸ ਕੀਤਾ ਕਿ ਸਾਨੂੰ ਲੜਨ ਲਈ ਮਜਬੂਰ ਕੀਤਾ ਜਾ ਰਿਹਾ ਹੈ ਜਦਕਿ ਇਹ ਇਕ ਧਾਰਮਿਕ ਮਸਲਾ ਹੈ, ਜਿਸ ਨੂੰ ਮਿਲ ਬੈਠ ਕੇ ਇਕੱਲਿਆਂ ਵੀ ਸੁਲਝਾਇਆ ਜਾ ਸਕਦਾ ਹੈ। ਗੁਰੂ ਜੀ ਨੇ ਕਿਹਾ ਕਿ, ''ਅਸੀਂ ਦਿਆਨਤਦਾਰੀ ਦੇ ਮੰਤਵ ਨਾਲ ਲੜ ਰਹੇ ਹਾਂ, ਅਸੀਂ ਚਾਹੁੰਦੇ ਹਾਂ ਕਿ ਅਸੀਂ ਆਰਾਮ ਨਾਲ, ਸ਼ਾਨ ਨਾਲ ਤੇ ਸ਼ਾਂਤੀ ਨਾਲ ਰਹੀਏ- ਨਾ ਕਿ ਆਪਣੀ ਸ਼ਾਨ ਬਣਾਉਣ ਦੀ ਖਾਤਰ ਜਾਂ ਦੂਸਰਿਆਂ 'ਤੇ ਹਕੂਮਤ ਕਰਨ ਦੀ ਖਾਤਰ ਲੜੀਏ।'' ਬਹੁਤ ਹੀ ਘਮਾਸਾਨ ਦਾ ਯੁੱਧ ਹੋਇਆ, ਭਾਵੇਂ ਮੁਗਲਾਂ ਦੀ ਫੌਜ ਦੇ ਮੁਕਾਬਲੇ 'ਚ ਗੁਰੂ ਜੀ ਦੀ ਫੌਜ ਗਿਣਤੀ 'ਚ ਅੱਧੀ ਹੀ ਸੀ। ਕਰਮ ਚੰਦ ਜਿਹੜਾ ਕਿ ਚੰਦੂ ਸ਼ਾਹ ਦਾ ਪੁੱਤਰ ਵੀ ਸੀ ਰਤਨ ਚੰਦ ਪੁੱਤਰ ਭਗਵਾਨ ਦਾਸ ਦੀ ਸੈਨਾ ਨਾਲ ਮਿਲ ਗਿਆ। ਕਿਉਂਕਿ ਉਹ ਵੀ ਆਪਣੇ ਬਾਪ ਦੀ ਮੌਤ ਦਾ ਬਦਲਾ ਲੈਣਾ ਚਾਹੁੰਦਾ ਸੀ। ਇਸ ਘਮਾਸਾਨ ਦੀ ਲੜਾਈ 'ਚ ਸੂਬੇਦਾਰ ਅਬਦੁਲਾ ਖਾਨ ਤੇ ਉਸ ਦਾ ਪੁੱਤਰ ਦੋਵੇਂ ਮਾਰੇ ਗਏ। ਰਤਨ ਚੰਦ ਵੀ ਮਾਰਿਆ ਗਿਆ ਤੇ ਰਤਨ ਚੰਦ ਨੂੰ ਸਿੱਖ ਭਾਈ ਬਿਧੀ ਚੰਦ ਨੇ ਬੰਦੀ ਬਣਾ ਲਿਆ। ਗੁਰੂ ਹਰਗੋਬਿੰਦ ਸਾਹਿਬ ਜੀ ਨੇ ਆਦੇਸ਼ ਦਿੱਤਾ ਕਿ ਕਰਮ ਚੰਦ ਨੂੰ ਛੱਡ ਦਿੱਤਾ ਜਾਵੇ ਪ੍ਰੰਤੂ ਉਹ ਰਿਹਾਅ ਹੋਣ ਤੋਂ ਬਾਅਦ ਛੇਤੀ ਹੀ ਫਿਰ ਲੜਾਈ ਦੇ ਮੈਦਾਨ 'ਚ ਆ ਟਪਕਿਆ। ਹੁਣ ਗੁਰੂ ਹਰਗੋਬਿੰਦ ਜੀ ਦਾ ਸਿੱਧਾ ਇਕੱਲਿਆਂ ਸਾਹਮਣਾ ਰਤਨ ਚੰਦ ਨਾਲ ਹੋ ਗਿਆ। ਆਹਮੋ-ਸਾਹਮਣੇ ਸਿੱਧੀ ਲੜਾਈ, ਬਿਨਾਂ ਹਥਿਆਰਾਂ ਤੋਂ ਹੋਈ ਤੇ ਗੁਰੂ ਜੀ ਨੇ ਬਿਨਾਂ ਕਿਸੇ ਹਥਿਆਰ ਦੇ ਖਾਲੀ ਹੱਥਾਂ ਨਾਲ ਰਤਨ ਚੰਦ ਨੂੰ ਮਾਰ ਦਿੱਤਾ। ਮੁਗਲ ਫੌਜ ਦੀ ਬੁਰੀ ਤਰ੍ਹਾਂ ਹਾਰ ਹੋਈ ਤੇ ਮਜਬੂਰਨ ਉਹਨਾਂ ਨੂੰ ਪਿੱਛੇ ਹਟਣਾ ਪਿਆ। ਲੜਾਈ ਖਤਮ ਹੋਣ ਤੋਂ ਬਾਅਦ ਗੁਰੂ ਸਾਹਿਬ ਨੇ ਹਰਗੋਬਿੰਦਪੁਰ 'ਚ ਗੁਰਦੁਆਰੇ ਦੀ ਉਸਾਰੀ ਪੂਰੀ ਕਰਵਾਈ ਤੇ ਇਸ ਦੇ ਨਾਲ ਹੀ ਗੁਰੂ ਜੀ ਨੇ ਮੁਸਲਮਾਨਾਂ ਲਈ ਵੀ ਇਸੇ ਹੀ ਨਗਰ 'ਚ ਇਕ ਮਸਜਿਦ ਦੀ ਉਸਾਰੀ ਵੀ ਕਰਵਾਈ।

ਮੁਗਲ ਹਕੂਮਤ ਨਾਲ ਖਹਿਬਾਜ਼ੀ ਚੱਲਦੀ ਰਹੀ। ਅਫ਼ਗਾਨਿਸਤਾਨ ਤੋਂ ਇਕ ਸਿੱਖ ਸ਼ਰਧਾਲੂਆਂ ਦਾ ਜਥਾ ਗੁਰੂ ਸਾਹਿਬ ਦੇ ਦਰਸ਼ਨਾਂ ਲਈ ਤੇ ਤੋਹਫ਼ੇ ਵਜੋਂ ਦੋ ਸ਼ਾਨਦਾਰ ਘੋੜੇ ਦੇਣ ਲਈ ਲਿਆ ਰਹੇ ਸਨ। ਰਸਤੇ 'ਚ ਲਾਹੌਰ ਵਿਖੇ ਮੁਗਲ ਹਕੂਮਤ ਦੇ ਅਧਿਕਾਰੀਆਂ ਨੇ ਉਹ ਦੋਵੇਂ ਘੋੜੇ ਸ਼ਰਧਾਲੂਆਂ ਪਾਸੋਂ ਖੋਹ ਲਏ ਤੇ ਬਾਦਸ਼ਾਹ ਸ਼ਾਹ ਜਹਾਨ ਜਿਹੜਾ ਕਿ ਉਹਨਾਂ ਦਿਨਾਂ ਵਿਚ ਲਾਹੌਰ ਦੌਰੇ ਤੇ ਆਇਆ ਹੋਇਆ ਸੀ, ਨੂੰ ਦੇ ਦਿੱਤੇ। ਜਦੋਂ ਸਿੱਖਾਂ ਨੂੰ ਇਸ ਘਟਨਾ ਦਾ ਪਤਾ ਲੱਗਾ ਤਾਂ ਭਾਈ ਬਿਧੀ ਚੰਦ ਜੀ ਨੇ ਆਪਣਾ ਮਨ ਬਣਾ ਲਿਆ ਕਿ ਉਹ ਇਹ ਘੋੜੇ ਜ਼ਰੂਰ ਗੁਰੂ ਸਾਹਿਬ ਲਈ ਲੈ ਕੇ ਆਵੇਗਾ। ਉਸ ਨੇ ਸਭ ਤੋਂ ਪਹਿਲਾਂ ਮੁਗਲ ਹਕੂਮਤ ਦੇ ਅਧਿਕਾਰੀਆਂ ਨਾਲ ਇਕ ਘਸੇਰੇ ਦੇ ਰੂਪ 'ਚ ਚੰਗੀ ਸਾਂਝ ਪੈਦਾ ਕਰ ਲਈ ਤੇ ਉਹ ਘੋੜਿਆਂ ਲਈ ਹਰ ਰੋਜ਼ ਵਧੀਆ-ਵਧੀਆ ਘਾਹ ਲਿਆਉਂਦਾ ਰਿਹਾ ਤੇ ਦੂਸਰੀ ਵਾਰ ਉਸ ਨੇ ਇਕ ਜਾਦੂਗਰ ਤੇ ਜੋਤਸ਼ੀ ਦੇ ਰੂਪ 'ਚ ਅਧਿਕਾਰੀਆਂ ਨਾਲ ਨੇੜਤਾ ਪੈਦਾ ਕਰ ਲਈ। ਇਸ ਤਰ੍ਹਾਂ ਉਹ ਦੋਵੇਂ ਘੋੜਿਆਂ ਨੂੰ ਗੁਰੂ ਜੀ ਵਾਸਤੇ ਲਿਆਉਣ 'ਚ ਸਫਲ ਹੋ ਗਿਆ। ਗੁਰੂ ਜੀ ਨੂੰ ਪਤਾ ਸੀ ਇਸ ਦਾ ਬਦਲਾ ਲੈਣ ਲਈ ਮੁਗਲ ਫੌਜ ਜ਼ਰੂਰ ਉਹਨਾਂ 'ਤੇ ਹਮਲਾ ਕਰੇਗੀ। ਇਸ ਲਈ ਗੁਰੂ ਜੀ ਨੇ ਆਪਣਾ ਠਿਕਾਣਾ ਹਰਗੋਬਿੰਦਪੁਰ ਨੂੰ ਛੱਡ ਕੇ ਨਾਭੇ ਜ਼ਿਲ੍ਹੇ ਦੇ ਘਣੇ ਜੰਗਲਾਂ 'ਚ ਕਰ ਲਿਆ। ਮੁਗਲ ਬਾਦਸ਼ਾਹ ਨੇ ਲਾਲ ਵੇਗ ਦੀ ਅਗਵਾਈ 'ਚ ਕੋਈ 18 ਘੰਟੇ ਦਾ ਖੂਨੀ ਯੁੱਧ ਹੋਇਆ, ਜਿਸ 'ਚ ਸਿੱਖ ਫੌਜ ਦਾ 1200 ਜਵਾਨ ਫੱਟੜ ਹੋਇਆ ਤੇ ਵੱਡੀ ਗਿਣਤੀ 'ਚ ਸਿੱਖ ਮਾਰੇ ਵੀ ਗਏ। ਇਸ ਦੇ ਨਾਲ ਹੀ ਮੁਗਲ ਫੌਜ ਦਾ ਵੀ ਜਾਨੀ ਤੇ ਮਾਲੀ ਨੁਕਸਾਨ ਵੱਡੀ ਪੱਧਰ 'ਤੇ ਹੋਇਆ ਤੇ ਮੁਗਲ ਫੌਜਾਂ ਨੂੰ ਪਿੱਛੇ ਹਟਣਾ ਪਿਆ ਤੇ ਜਿੱਤ ਗੁਰੂ ਸਾਹਿਬ ਦੀ ਹੋਈ। ਇਹ ਯੁੱਧ 1631 ਈਸਵੀ 'ਚ ਹੋਇਆ।

ਗੁਰੂ ਨਾਨਕ ਦੇਵ ਜੀ ਦੇ ਵੱਡੇ ਪੁੱਤਰ ਬਾਬਾ ਸ੍ਰੀ ਚੰਦ ਜੀ ਨੇ ਗੁਰੂ ਹਰਗੋਬਿੰਦ ਜੀ ਨੂੰ ਕਿਹਾ ਕਿ ਅਗਰ ਉਹ ਆਪਣੇ ਇਕ ਪੁੱਤਰ ਨੂੰ ਮੇਰਾ ਮੁਤਬੰਨਾ ਬਣਾ ਦੇਣ ਤਾਂ ਬਹੁਤ ਚੰਗਾ ਹੋਵੇਗਾ। ਕਿਉਂਕਿ ਮੇਰਾ ਕੋਈ ਬੱਚਾ ਨਹੀਂ ਹੈ। ਸਤਿਕਾਰ ਵਜੋਂ ਗੁਰੂ ਜੀ ਨੇ ਆਪਣੇ ਵੱਡੇ ਪੁੱਤਰ ਬਾਬਾ ਗੁਰਦਿੱਤਾ ਜੀ ਲਈ ਹਾਂ ਕਰ ਦਿੱਤੀ। ਬਾਬਾ ਸ੍ਰੀ ਚੰਦ ਜੀ ਨੇ ਬਾਬਾ ਗੁਰਦਿੱਤਾ ਜੀ ਨੂੰ ਆਪਣਾ ਮੁਤਬੰਨਾ ਪੁੱਤਰ ਬਣਾ ਲਿਆ ਤੇ ਉਸ ਨੂੰ ਆਪਣੀ ਗੁਰਗੱਦੀ ਦਾ ਵਾਰਿਸ ਐਲਾਨ ਕਰ ਦਿੱਤਾ। ਬਾਬਾ ਗੁਰਦਿੱਤਾ ਜੀ ਦੀ ਸ਼ਾਦੀ ਬੀਬੀ ਨਾਤੀ ਜੀ ਨਾਲ ਹੋਈ-ਹੋਈ ਸੀ ਤੇ ਉਹਨਾਂ ਦੇ ਘਰ ਇਕ ਪੁੱਤਰ ਨੇ ਜਨਮ ਲਿਆ, ਜਿਸ ਦਾ ਨਾਮ ਧੀਰ ਮੱਲ ਰੱਖਿਆ ਗਿਆ, ਜਿਸ ਨੇ ਵੱਡੇ ਹੋ ਕੇ ਗੁਰੂ ਹਰਗੋਬਿੰਦ ਜੀ ਤੇ ਉਹਨਾਂ ਦੇ ਬਾਕੀ ਪਰਿਵਾਰ ਨੂੰ ਕਈ ਮੁਸ਼ਕਿਲਾਂ 'ਚ ਪਾ ਦਿੱਤਾ। ਸੰਨ 1630 ਈਸਵੀ ਨੂੰ ਬਾਬਾ ਗੁਰਦਿੱਤਾ ਜੀ ਦੇ ਘਰ ਦੂਸਰੇ ਪੁੱਤਰ ਨੇ ਜਨਮ ਲਿਆ, ਜਿਸ ਦਾ ਨਾਮ ਹਰ ਰਾਏ ਰੱਖਿਆ ਗਿਆ। ਇਹ ਬਾਲਕ ਗੁਰੂ ਜੀ ਦੇ ਪਰਿਵਾਰ ਲਈ ਬੜਾ ਹੋਣਹਾਰ ਸਾਬਤ ਹੋਇਆ। ਗੁਰੂ ਹਰਗੋਬਿੰਦ ਜੀ ਦੇ ਸਪੁੱਤਰ ਬਾਬਾ ਅਟੱਲ ਰਾਏ ਜੀ ਨੇ ਅਲੌਕਿਕ ਚਮਤਕਾਰਾਂ ਦਾ ਢੌਂਗ ਦਿਖਾਉਣਾ ਸ਼ੁਰੂ ਕਰ ਦਿੱਤਾ। ਜਦੋਂ ਅਜਿਹੀਆਂ ਢੌਂਗੀ ਗੱਲਾਂ ਦਾ ਗੁਰੂ ਹਰਗੋਬਿੰਦ ਜੀ ਨੂੰ ਪਤਾ ਲੱਗਾ ਤਾਂ ਉਹਨਾਂ ਨੇ ਆਪਣੇ ਪੁੱਤਰ ਨੂੰ ਝਿੜਕਦਿਆਂ ਹੋਇਆਂ ਕਿਹਾ ਕਿ 'ਮੇਰਾ ਪੁੱਤਰ ਅਵਾਰਾ ਤੇ ਅਯਾਸ਼ ਹੋ ਗਿਆ ਹੈ ਤੇ ਬਿਨਾਂ ਕਿਸੇ ਨਾਲ ਭੇਦ-ਭਾਵ ਕੀਤਿਆਂ ਅਜਿਹਾ ਕਰ ਰਿਹਾ ਹੈ। ਇਹ ਵੀ ਕਿਹਾ ਕਿ ਇਹ ਸਾਡਾ ਪੇਸ਼ਾ ਨਹੀਂ ਹੈ ਕਿ ਅਸੀਂ ਪ੍ਰਮਾਤਮਾ ਦੇ ਕੰਮਾਂ 'ਚ ਦਖਲ ਦੇਈਏ। ਜੋ ਵੀ ਚੰਗਾ ਜਾਂ ਮਾੜਾ ਹੋ ਰਿਹਾ ਹੈ, ਉਹ ਪ੍ਰਮਾਤਮਾ ਦੀ ਖੁਸ਼ੀ 'ਚ ਹੋ ਰਿਹਾ ਹੈ। ਗੁਰੂ ਸਾਹਿਬ ਨੇ ਆਪਣੇ ਪੁੱਤਰ 'ਤੇ ਕਾਫੀ ਸਖਤੀ ਕੀਤੀ ਤੇ ਉਸ ਤੋਂ ਬਾਅਦ ਅਟੱਲ ਰਾਏ ਜੀ ਦੀ ਜਲਦੀ ਹੀ 9 ਸਾਲ ਦੀ ਛੋਟੀ ਉਮਰ 'ਚ ਮੌਤ ਹੋ ਗਈ। ਆਪਣੇ ਪੁੱਤਰ ਦੀ ਮੌਤ 'ਤੇ ਗੁਰੂ ਜੀ ਨੇ ਕਾਫੀ ਦੁੱਖ ਮਹਿਸੂਸ ਕੀਤਾ ਤੇ ਆਪਣੇ ਪੁੱਤਰ ਦੀ ਯਾਦ 'ਚ 9 ਮੰਜ਼ਿਲਾ ਬੁੰਗਾ ਬਣਵਾਇਆ ਤੇ ਉਸ ਦਾ ਨਾਮ 'ਬੁੰਗਾ ਬਾਬਾ ਅਟੱਲ' ਰੱਖਿਆ। ਇਹ ਅੱਜ ਵੀ ਅੰਮ੍ਰਿਤਸਰ ਸਾਹਿਬ ਵਿਖੇ ਮੌਜੂਦ ਹੈ।

ਛੇਤੀ ਹੀ ਗੁਰੂ ਸਾਹਿਬ ਦੀਆਂ ਫੌਜਾਂ 'ਚ ਆਪਸੀ ਵਿਰੋਧ ਪੈਦਾ ਹੋ ਗਿਆ। ਗੁਰੂ ਸਾਹਿਬ ਦੇ ਬਹੁਤ ਹੀ ਚਹੇਤੇ ਯੋਧੇ ਪੈਂਦੇ ਖਾਨ ਨੂੰ ਗੁਰੂ ਸਾਹਿਬ ਨੇ ਲੜਾਈਆਂ 'ਚ ਬਹਾਦਰੀ ਦਿਖਾਉਣ ਬਦਲੇ ਕਈ ਤੋਹਫ਼ੇ ਦੇ ਕੇ ਨਿਵਾਜਿਆ। ਇਹਨਾਂ ਤੋਹਫਿਆਂ 'ਚੋਂ ਕੁਝ ਤੋਹਫ਼ੇ ਉਸ ਨੇ ਆਪਣੇ ਜਵਾਈ ਅਸਮਾਨ ਖਾਨ ਨੂੰ ਦੇ ਦਿੱਤੇ। ਉਸ ਕੋਲ ਪਹਿਲਾਂ ਵੀ ਗੁਰੂ ਸਾਹਿਬ ਜੀ ਦਾ ਬਹੁਤ ਹੀ ਚਹੇਤਾ ਬਾਜ ਸੀ, ਜਿਹੜਾ ਕਿ ਉਸ ਨੇ ਗੁਰੂ ਸਾਹਿਬ ਨੂੰ ਵਾਪਸ ਕਰਨ ਤੋਂ ਇਨਕਾਰ ਕਰ ਦਿੱਤਾ ਸੀ। ਜਦੋਂ ਗੁਰੂ ਸਾਹਿਬ ਨੇ ਪੈਂਦੇ ਖਾਨ ਦੀ ਜਵਾਬਤਲਬੀ ਕੀਤੀ ਤਾਂ ਉਸ ਨੇ ਗੁਰੂ ਸਾਹਿਬ ਨੂੰ ਅਪਸ਼ਬਦ ਬੋਲ ਕੇ ਬੇਇੱਜ਼ਤੀ ਕੀਤੀ। ਪੈਂਦੇ ਖਾਨ ਦਾ ਇਸ ਤਰ੍ਹਾਂ ਦਾ ਬੁਰਾ ਵਿਵਹਾਰ ਦੇਖ ਕੇ ਗੁਰੂ ਜੀ ਨੇ ਉਸ ਦੀਆਂ ਆਪਣੀ ਫੌਜ 'ਚੋਂ ਸੇਵਾਵਾਂ ਖਤਮ ਕਰਨ ਦਾ ਫੈਸਲਾ ਲੈ ਲਿਆ। ਗੁੱਸੇ 'ਚ ਆਏ ਪੈਂਦੇ ਖਾਨ ਨੇ ਆਪਣੇ 500 ਵਫ਼ਾਦਾਰ ਫੌਜੀ ਗੁਰੂ ਸਾਹਿਬ ਦੀ ਸੈਨਾ 'ਚੋਂ ਕੱਢ ਲਏ ਤੇ ਲਾਹੌਰ ਵਿਖੇ ਮੁਗਲ ਬਾਦਸ਼ਾਹ ਨੂੰ ਪਹੁੰਚ ਕਰਕੇ, ਗੁਰੂ ਜੀ ਦੇ ਖਿਲਾਫ ਕਾਰਵਾਈ ਕਰਨ ਲਈ ਮੁਗਲ ਬਾਦਸ਼ਾਹ ਦੀ ਸ਼ਾਹੀ ਸੈਨਾ 'ਚ ਜਾ ਮਿਲਿਆ। ਬਾਦਸ਼ਾਹ ਬਹੁਤ ਖੁਸ਼ ਹੋਇਆ ਕਿ ਗੁਰੂ ਸਾਹਿਬ ਦਾ ਇਕ ਨਜ਼ਦੀਕੀ ਤੇ ਵਫ਼ਾਦਾਰ ਸੈਨਾਪਤੀ ਬਾਗੀ ਹੋ ਕੇ ਬਾਦਸ਼ਾਹ ਦੀ ਮਦਦ ਕਰਨ ਲਈ ਉਸ ਨਾਲ ਆ ਮਿਲਿਆ ਹੈ। ਪੈਂਦੇ ਖਾਨ ਨੇ ਮੁਗਲ ਬਾਦਸ਼ਾਹ ਨੂੰ ਦੱਸਿਆ ਕਿ ਗੁਰੂ ਸਾਹਿਬ ਦੀ ਸੈਨਾ 'ਚ ਭਰਤੀ ਉਹੀ ਲੋਕ ਹਨ ਜੋ ਗਰੀਬ, ਕਿਸਾਨ, ਖੇਤੀਬਾੜੀ ਦਾ ਧੰਦਾ ਕਰਦੇ ਹਨ। ਸੰਨ 1634 ਈਸਵੀ 'ਚ ਕਾਲੇ ਖਾਨ ਦੀ ਅਗਵਾਈ 'ਚ ਤੇ ਪੈਂਦੇ ਖਾਨ ਦੀ ਮਦਦ ਨਾਲ ਪੰਜਾਹ ਹਜ਼ਾਰ ਮੁਗਲ ਫੌਜੀਆਂ ਨੇ ਮਿਲ ਕੇ ਕਰਤਾਰਪੁਰ ਵਿਖੇ ਗੁਰੂ ਸਾਹਿਬ ਦੀ ਸਿੱਖ ਫੌਜ 'ਤੇ ਹਮਲਾ ਕਰ ਦਿੱਤਾ। ਜਦੋਂ ਗੁਰੂ ਸਾਹਿਬ ਦੀਆਂ ਫੌਜਾਂ ਨੂੰ ਇਸ ਹਮਲੇ ਦਾ ਪਤਾ ਲੱਗਾ, ਧੀਰ ਮੱਲ ਜਿਹੜਾ ਕਿ ਗੁਰੂ ਸਾਹਿਬ ਦਾ ਪੋਤਰਾ ਸੀ, ਉਸ ਨੇ ਪੈਂਦੇ ਖਾਨ ਨੂੰ ਉਸਦੀ ਪੂਰੀ ਮਦਦ ਕਰਨ ਲਈ ਇਕ ਗੁਪਤ ਚਿੱਠੀ ਲਿਖੀ। ਮੁਗਲ ਫੌਜ ਨਾਲ ਲੜਾਈ ਗੁਰੂ ਸਾਹਿਬ ਤੇ ਉਹਨਾਂ ਦੇ ਦੋ ਪੁੱਤਰਾਂ ਭਾਈ ਗੁਰਦਿੱਤਾ ਤੇ ਤੇਗ ਬਹਾਦਰ ਜੀ ਨੇ ਕੀਤੀ। ਲੜਾਈ ਦੇ ਮੈਦਾਨ 'ਚ ਕਾਲੇ ਖਾਨ ਸਮੇਤ ਕਈ ਮਹਾਨ ਯੋਧੇ ਮਾਰੇ ਗਏ। ਮੁਗਲ ਬਾਦਸ਼ਾਹ ਦੀ ਫੌਜ 'ਚ ਪੈਂਦੇ ਖਾਨ ਸਮੇਤ ਦਸਵਾਂ ਹਿੱਸਾ ਤਾਂ ਗੱਦਾਰ ਫੌਜ ਦਾ ਹੀ ਸੀ, ਜਿਹੜੇ ਕਿ ਗੁਰੂ ਸਾਹਿਬ ਨਾਲ ਗੱਦਾਰੀ ਕਰਕੇ ਮੁਗਲ ਫੌਜ 'ਚ ਸ਼ਾਮਲ ਹੋਏ ਸਨ। ਪੈਂਦੇ ਖਾਨ ਨਾਲ ਗੁਰੂ ਸਾਹਿਬ ਦਾ ਬਚਪਨ ਤੋਂ ਹੀ ਪਿਆਰ ਬਹੁਤ ਸੀ ਤੇ ਉਹਨਾਂ ਦੀ ਇੰਨੀ ਸਾਂਝ ਸੀ ਕਿ ਗੁਰੂ ਸਾਹਿਬ ਉਸ ਨੂੰ ਆਪਣੇ ਪੁੱਤਰਾਂ ਵਾਂਗ ਹੀ ਪਿਆਰ ਕਰਦੇ ਸਨ। ਇਸ ਲਈ ਗੁਰੂ ਸਾਹਿਬ ਨੇ ਲੜਾਈ ਦੇ ਮੈਦਾਨ 'ਚ ਪਹਿਲਾਂ ਪੈਂਦੇ ਖਾਨ 'ਤੇ ਵਾਰ ਨਹੀਂ ਕੀਤਾ। ਸਗੋਂ ਪੈਂਦੇ ਖਾਨ ਨੇ ਗੁਰੂ ਜੀ ਤੇ ਦੋ ਵਾਰੀ ਵਾਰ ਕੀਤਾ ਪਰ ਗੁਰੂ ਜੀ ਨੇ ਉਸ ਦੇ ਦੋਵੇਂ ਵਾਰ ਰੋਕ ਲਏ। ਪੈਂਦੇ ਖਾਨ ਵਾਰ ਕਰਨ ਸਮੇਂ ਗੁਰੂ ਜੀ ਨੂੰ ਅੱਪਸ਼ਬਦ ਬੋਲਦਾ ਤੇ ਬੇਇੱਜ਼ਤੀ ਕਰਦਾ। ਅਖੀਰ ਗੁਰੂ ਜੀ ਨੇ ਪੈਂਦੇ ਖਾਨ 'ਤੇ ਤਲਵਾਰ ਦੇ ਇਕੋ ਵਾਰ ਨਾਲ ਹਮਲਾ ਕਰਕੇ ਉਸਨੂੰ ਮਾਰ ਦਿੱਤਾ। ਉਸ ਦਾ ਸਰੀਰ ਮਿੱਟੀ ਨਾਲ ਭਰਿਆ ਹੋਇਆ ਜ਼ਮੀਨ 'ਤੇ ਡਿੱਗਿਆ ਪਿਆਸੀ ਤੇ ਗੁਰੂ ਜੀ ਨੇ ਆਪਣੇ ਪੁਰਾਣੇ ਸਾਥੀ ਨੂੰ ਆਪਣੀ ਗਲਵੱਕੜੀ 'ਚ ਲਿਆ ਤੇ ਉਸ ਦੇ ਮੂੰਹ ਤੇ ਪੈ ਰਹੀ ਸੂਰਜ ਦੀ ਤੇਜ ਧੁੱਪ ਨੂੰ ਆਪਣੀ ਢਾਲ ਨਾਲ ਰੋਕ ਕੇ ਛਾਂ ਕਰ ਦਿੱਤੀ। ਇਸ ਦਰਦਨਾਕ ਦ੍ਰਿਸ਼ ਨੂੰ ਦੇਖ ਕੇ ਗੁਰੂ ਸਾਹਿਬ ਦੀਆਂ ਧਾਹਾਂ ਨਿਕਲ ਗਈਆਂ ਕਿ ਇਹ ਮੇਰਾ ਬਚਪਨ ਦਾ ਬਹੁਤ ਹੀ ਪਿਆਰਾ ਸਾਥੀ ਸੀ। ਗੁਰੂ ਸਾਹਿਬ ਨੇ ਉਸ ਦੀ ਆਤਮਕ ਸ਼ਾਂਤੀ ਲਈ ਅਰਦਾਸ ਕੀਤੀ ਤੇ ਕਿਹਾ, 'ਹੇ ਪ੍ਰਮਾਤਮਾ ਪੈਂਦੇ ਖਾਨ ਨੂੰ ਮੁਆਫ਼ ਕਰਨਾ ਤੇ ਇਸ ਦਾ ਸਵਰਗ 'ਚ ਵਾਸਾ ਕਰਨਾ।' ਲੜਾਈ ਦੇ ਮੈਦਾਨ ਦੇ ਦੂਸਰੇ ਹਿੱਸੇ 'ਚ ਬਾਬਾ ਗੁਰਦਿੱਤਾ ਜੀ ਦੇ ਹੱਥੋਂ ਮੁਗਲ ਜਰਨੈਲ ਅਸਮਾਨ ਖਾਨ ਮਾਰਿਆ ਗਿਆ। ਇਸ ਦੀ ਮੌਤ 'ਤੇ ਵੀ ਬਾਬਾ ਗੁਰਦਿੱਤਾ ਜੀ ਨੇ ਹੰਝੂ ਵਹਾਏ ਕਿਉਂਕਿ ਇਹ ਵੀ ਉਹਨਾਂ ਦਾ ਬਚਪਨ ਦਾ ਦੋਸਤ ਸੀ। ਮੁਗਲ ਫੌਜ ਦਾ ਜਾਨੀ ਤੇ ਮਾਲੀ ਨੁਕਸਾਨ ਬਹੁਤ ਹੋਇਆ ਤੇ ਮਜਬੂਰਨ ਉਹਨਾਂ ਨੂੰ ਪਿੱਛੇ ਹਟਣਾ ਪਿਆ। ਇਸ ਲੜਾਈ 'ਚ ਸੱਤ ਸੌ ਸਿੱਖ ਜਵਾਨ ਮਾਰਿਆ ਗਿਆ ਤੇ ਵੱਡੀ ਗਿਣਤੀ 'ਚ ਜਵਾਨ ਜ਼ਖਮੀ ਵੀ ਹੋਏ। ਇਹ ਗੁਰੂ ਸਾਹਿਬ ਦੇ ਜੀਵਨ ਦੀ ਆਖਰੀ ਲੜਾਈ ਸੀ।

ਇਸ ਆਖਰੀ ਲੜਾਈ ਤੋਂ ਜਲਦੀ ਹੀ ਬਾਅਦ ਗੁਰੂ ਹਰਗੋਬਿੰਦ ਜੀ ਨੇ ਕਰਤਾਰਪੁਰ ਛੱਡ ਦਿੱਤਾ ਤੇ ਸ਼ਾਂਤੀਪੂਰਵਕ ਜੀਵਨ ਬਤੀਤ ਕਰਨ ਲਈ ਤੇ ਅੱਗੋਂ ਤੋਂ ਖੂਨੀ ਸੰਘਰਸ਼ ਤੋਂ ਬਚਣ ਲਈ ਉਹ ਕੀਰਤਪੁਰ ਸਾਹਿਬ ਵਿਖੇ ਆ ਵੱਸੇ। ਇੱਥੋਂ ਗੁਰੂ ਸਾਹਿਬ ਨੇ ਆਪਣਾ ਮਨ ਸਿੱਖ ਸ਼ਰਧਾਲੂ ਬੁੱਢਣ ਸ਼ਾਹ ਨੂੰ ਮਿਲਣ ਦਾ ਬਣਾਇਆ, ਜਿਹੜਾ ਕਿ ਬਹੁਤ ਬਿਰਧ ਅਵਸਥਾ 'ਚ ਸੀ ਤੇ ਉਹ ਗੁਰੂ ਨਾਨਕ ਦੇਵ ਜੀ ਨੂੰ ਮਿਲਿਆ ਵੀ ਸੀ। ਗੁਰੂ ਸਾਹਿਬ ਦੇ ਪੋਤਰੇ ਧੀਰ ਮੱਲ ਨੇ ਕਰਤਾਰਪੁਰ ਛੱਡਣ ਤੋਂ ਇਨਕਾਰ ਕਰ ਦਿੱਤਾ ਤੇ ਉਹ ਉਥੇ ਹੀ ਟਿਕਿਆ ਰਿਹਾ। ਉਸ ਕੋਲ 'ਆਦਿ (ਗੁਰੂ) ਗ੍ਰੰਥ' ਸਾਹਿਬ ਦੀ ਅਸਲੀ ਹੱਥ ਲਿਖਤ ਕਾਪੀ ਸੀ ਤੇ ਉਹ ਹੱਥ ਲਿਖਤ ਕਾਪੀ ਉਸ ਨੇ ਗੁਰੂ ਸਾਹਿਬ ਨੂੰ ਦੇਣ ਤੋਂ ਇਨਕਾਰ ਕਰ ਦਿੱਤਾ। ਉਹ ਆਪਣੇ ਆਪ ਨੂੰ ਗੁਰੂ ਹਰਗੋਬਿੰਦ ਸਾਹਿਬ ਜੀ ਤੋਂ ਬਾਅਦ 'ਸੱਤਵਾਂ ਸਿੱਖ ਗੁਰੂ' ਹੋਣ ਦਾ ਦਾਅਵਾ ਪੇਸ਼ ਕਰਦਾ ਸੀ ਤੇ ਕਹਿੰਦਾ ਸੀ ਕਿ ਸਿਰਫ ਮੇਰੇ ਪਾਸ ਹੀ ਪਵਿੱਤਰ 'ਆਦਿ (ਗੁਰੂ) ਗ੍ਰੰਥ' ਸਾਹਿਬ ਦੀ ਕਾਪੀ ਹੈ।

ਕੀਰਤਪੁਰ ਸਾਹਿਬ ਆ ਕੇ ਗੁਰੂ ਹਰਗੋਬਿੰਦ ਜੀ ਨੇ ਆਪਣੇ ਜੀਵਨ ਦੇ ਬਾਕੀ ਦਿਨ ਬੜੇ ਸ਼ਾਂਤੀਪੂਰਵਕ ਤਰੀਕੇ ਨਾਲ ਬਤੀਤ ਕੀਤੇ। ਉਨ੍ਹਾਂ ਨੇ ਆਪਣੇ ਪਾਸ ਸਿਰਫ ਆਪਣੀ ਸੁਰੱਖਿਆ ਲਈ ਹੀ 900 ਸਿੱਖ ਸਿਪਾਹੀ ਰੱਖੇ। ਕੀਰਤਪੁਰ ਸਾਹਿਬ ਵਿਖੇ ਉਨ੍ਹਾਂ ਦੇ ਹਜ਼ਾਰਾਂ ਦੀ ਗਿਣਤੀ 'ਚ ਸ਼ਰਧਾਲੂ ਸਿੱਖ ਜੁੜਨ ਲੱਗੇ। ਗੁਰੂ ਸਾਹਿਬ ਨੇ ਸਿੱਖ ਧਰਮ ਦੇ ਫੈਲਾਅ ਲਈ ਸਾਰੇ ਭਾਰਤ ਵਰਸ਼ 'ਚ ਯਤਨ ਕੀਤੇ। ਉਸ ਸਮੇਂ ਸਿੱਖ ਧਰਮ ਦੇ ਫੈਲਾਅ ਲਈ ਕੀਤੀਆਂ ਜਾ ਰਹੀਆਂ ਕੋਸ਼ਿਸ਼ਾਂ ਨੂੰ ਇਕ ਮਸ਼ਹੂਰ ਮੁਸਲਮਾਨ ਲਿਖਾਰੀ ਮੁਹਸਿਨ ਫਾਨੀ ਦੀ ਲਿਖੀ ਹੋਈ ਪੁਸਤਕ 'ਦਾਵਿਸਥਾਨ-ਏ-ਮਜ਼ਹਬ' ਵਿਚ ਅੱਖੀਂ ਦੇਖਿਆ ਹਾਲ ਵਰਣਨ ਕੀਤਾ ਗਿਆ ਹੈ। ਇਸ ਸਮੇਂ ਸਿੱਖ ਧਰਮ ਭਾਰਤ 'ਚ ਆਪਣੀ ਵੱਡੀ ਪਹਿਚਾਣ ਬਣਾ ਚੁੱਕਾ ਸੀ। ਇਸ ਪੁਸਤਕ 'ਚ ਇਹ ਲਿਖਾਰੀ ਸਿੱਖਾਂ ਬਾਰੇ ਲਿਖਦਾ ਹੈ ਕਿ, "ਗੁਰੂ ਇਕ ਪ੍ਰਮਾਤਮਾ 'ਚ ਵਿਸ਼ਵਾਸ ਰੱਖਦਾ ਹੈ। ਉਸ ਦੇ ਸ਼ਰਧਾਲੂ ਪਾਠ-ਪੂਜਾ 'ਚ ਵਿਸ਼ਵਾਸ ਨਹੀਂ ਰੱਖਦੇ। ਉਹ ਹਿੰਦੂਆਂ ਦੀ ਤਰ੍ਹਾਂ ਬੁੱਤ ਪੂਜਾ ਨਹੀਂ ਕਰਦੇ। ਉਹ ਦੇਹਧਾਰੀ ਗੁਰੂਆਂ ਨੂੰ ਨਹੀਂ ਮੰਨਦੇ। ਉਹ ਤੀਰਥ ਯਾਤਰਾਵਾਂ ਤੇ ਜਾਣ ਦੀ ਮਨਾਹੀ ਕਰਦੇ ਹਨ ਤੇ ਨਾ ਹੀ ਉਹ ਸੰਸਕ੍ਰਿਤ ਭਾਸ਼ਾ ਨੂੰ ਹਿੰਦੂਆਂ ਦੀ ਤਰ੍ਹਾਂ ਰੱਬ ਦੀ ਭਾਸ਼ਾ ਮੰਨਦੇ ਹਨ। ਉਹ ਇਹ ਵੀ ਮੰਨਦੇ ਹਨ ਕਿ ਸਾਰੇ ਗੁਰੂ, ਗੁਰੂ ਨਾਨਕ ਦੇਵ ਜੀ ਦੇ ਸਮਾਨ ਹੀ ਹਨ। ਉਹਨਾਂ ਨੂੰ ਖਾਣ-ਪੀਣ ਦੀ ਵੀ ਕੋਈ ਮਨਾਹੀ ਨਹੀਂ ਹੈ।'

ਛੇਤੀ ਹੀ ਇੱਥੇ ਆਉਣ ਉਪਰੰਤ ਉਹਨਾਂ ਨੂੰ ਆਪਣੇ ਸਭ ਤੋਂ ਵੱਡੇ ਪੁੱਤਰ ਬਾਬਾ ਗੁਰਦਿੱਤਾ ਜੀ ਦੀ ਦੁਖਦਾਇਕ ਮੌਤ ਦੀ ਖ਼ਬਰ ਮਿਲੀ। ਉਹਨਾਂ ਦੀ ਉਸ ਸਮੇਂ ਉਮਰ ਸਿਰਫ 24 ਸਾਲ ਦੀ ਹੀ ਸੀ। ਗੁਰੂ ਜੀ ਦਾ ਇਹ ਪੁੱਤਰ ਵੀ ਅਟੱਲ ਰਾਏ ਵਾਂਗ ਰਿੱਧੀਆਂ-ਸਿੱਧੀਆਂ ਤੇ ਚਮਤਕਾਰ ਕਰਨ 'ਚ ਵਿਸ਼ਵਾਸ ਰੱਖਦਾ ਸੀ ਪਰ ਸਿੱਖ ਧਰਮ ਅਜਿਹੇ ਕਰਮ-ਕਾਂਡਾਂ ਨੂੰ ਢੌਂਗ ਮੰਨਦਾ ਹੈ ਤੇ ਅਜਿਹੇ ਕਰਮ-ਕਾਂਡਾਂ ਦਾ ਰੱਜ ਕੇ ਵਿਰੋਧ ਕਰਦਾ ਹੈ।

ਗੁਰੂ ਹਰਗੋਬਿੰਦ ਜੀ ਨੇ ਆਪਣੇ ਪੁੱਤਰ ਦੀ ਮੌਤ 'ਤੇ ਬੜਾ ਦੁੱਖ ਮਹਿਸੂਸ ਕੀਤਾ ਤੇ ਆਪਣੇ ਪੋਤਰੇ ਬਾਬਾ ਧੀਰ ਮੱਲ ਜੀ ਨੂੰ ਕਿਹਾ ਕਿ ਉਹ, ਉਸ ਦੀ ਮੌਤ 'ਤੇ ਹੋਣ ਵਾਲੀਆਂ ਸਾਰੀਆਂ ਆਖਰੀ ਰਸਮਾਂ 'ਤੇ ਮੇਰੀ ਥਾਂ ਤੇ ਜਾ ਕੇ ਨਿਭਾਉਣ ਤੇ ਪਗੜੀ ਵੀ ਬਨ੍ਹਵਾਉਣ ਪਰ ਧੀਰ ਮੱਲ ਨੇ ਅਜਿਹੀਆਂ ਰਸਮਾਂ 'ਤੇ ਜਾਣ ਤੋਂ ਇਨਕਾਰ ਕਰ ਦਿੱਤਾ ਤੇ ਇੱਥੋਂ ਤੱਕ ਕਿ ਉਸ ਨੇ ਗੁਰੂ ਸਾਹਿਬ ਨਾਲ ਮੌਤ 'ਤੇ ਅਫਸੋਸ ਵੀ ਪ੍ਰਗਟ ਨਹੀਂ ਕੀਤਾ ਸਗੋਂ ਆਪਣੇ ਆਪ ਨੂੰ ਸੱਤਵਾਂ ਸਿੱਖ ਗੁਰੂ ਹੋਣ ਦੀ ਰੱਟ ਹੀ ਲਾਉਂਦਾ ਰਿਹਾ।

ਹੁਣ ਗੁਰੂ ਹਰਗੋਬਿੰਦ ਜੀ ਨੇ ਆਪਣੇ ਪੋਤਰੇ ਹਰਰਾਏ ਜੀ ਜਿਹੜਾ ਕਿ ਬਾਬਾ ਗੁਰਦਿੱਤਾ ਜੀ ਦਾ ਦੂਸਰਾ ਪੁੱਤਰ ਸੀ, ਨੂੰ ਆਪਣੀ ਗੁਰਗੱਦੀ ਦਾ ਵਾਰਸ ਥਾਪਣ ਲਈ ਸਿੱਖਿਅਤ ਕਰਨਾ ਸ਼ੁਰੂ ਕਰ ਦਿੱਤਾ।

ਗੁਰੂ ਜੀ ਦਾ ਆਪਣਾ ਪੁੱਤਰ ਬਾਬਾ ਗੁਰਦਿੱਤਾ ਜੀ ਵੀ ਚਲਾਣਾ ਕਰ ਚੁੱਕੇ ਸਨ। ਸੂਰਜ ਮੱਲ ਤੇ ਅਨੀ ਰਾਏ ਬਹੁਤ ਹੀ ਸੰਸਾਰਕ ਰੁਚੀਆਂ ਦੇ ਮਾਲਕ ਸਨ, ਸਿਰਫ ਤੇਗ ਬਹਾਦਰ ਜੀ ਹੀ ਇਕਾਂਤਚਿੱਤ ਤੇ ਅਧਿਆਤਮਕ ਰੁਚੀਆਂ ਦੇ ਮਾਲਕ ਸਨ। ਹਰ ਰਾਏ ਜੀ ਬਹੁਤ ਹੀ ਧਾਰਮਿਕ ਰੁਚੀਆਂ ਵਾਲੇ ਨੌਜਵਾਨ ਸਨ ਤੇ ਗੁਰੂ ਹਰਗੋਬਿੰਦ ਜੀ ਨੇ ਉਹਨਾਂ ਨੂੰ ਹੀ ਆਪਣੇ ਆਸ਼ੇ ਮੁਤਾਬਕ ਮੀਰੀ-ਪੀਰੀ ਦੇ ਸਿਧਾਂਤ ਅਨੁਸਾਰ ਸਿੱਖਿਅਤ ਕੀਤਾ। ਚੌਦਾਂ ਸਾਲ ਦੀ ਉਮਰ 'ਚ ਹਰਰਾਏ ਜੀ ਨੂੰ ਗੁਰੂ ਹਰਗੋਬਿੰਦ ਜੀ ਨੇ ਆਪਣੀ ਗੁਰਗੱਦੀ ਦਾ 'ਸੱਤਵਾਂ ਸਿੱਖ ਗੁਰੂ' ਐਲਾਨ ਕਰ ਦਿੱਤਾ ਤੇ ਉਨ੍ਹਾਂ ਨੂੰ ਆਪਣਾ ਸਿਰ ਝੁਕਾਅ ਕੇ ਨਮਸਕਾਰ ਕੀਤਾ।

ਇਸ ਉਪਰੰਤ ਗੁਰੂ ਹਰਗੋਬਿੰਦ ਜੀ 19 ਮਾਰਚ, 1644 ਈਸਵੀ ਨੂੰ ਜੋਤੀ-ਜੋਤ ਸਮਾਅ ਗਏ। ਉਹਨਾਂ ਨੇ ਆਪਣਾ ਸਾਰਾ ਜੀਵਨ ਇਕ ਸੰਤ-ਸਿਪਾਹੀ ਵਜੋਂ ਬਤੀਤ ਕੀਤਾ ਤੇ ਆਪਣੇ ਸਿੱਖ ਸ਼ਰਧਾਲੂਆਂ ਨੂੰ ਵੀ ਵਰਤਮਾਨ ਤੇ ਭਵਿੱਖ 'ਚ ਅਜਿਹਾ ਜੀਵਨ ਜਿਊਣ ਦੀ ਪ੍ਰੇਰਨਾ ਦਿੱਤੀ।

## "ਚੰਗਾ ਮਾਂ ਮੈਂ ਚੱਲਦਾ ਹਾਂ"

ਮੈਨੂੰ ਨਹੀਂ ਲੱਗਦਾ ਇਥੇ ਰਹਿ ਹੋਵੇਗਾ,
ਜਾਬਰਾ ਦਾ ਜੁਲਮ ਸਹਿ ਹੋਵੇਗਾ,
ਭੁੱਖ ਲੱਗੀ ਤੇ ਘੁੱਟੇ ਦਮ ਮੇਰਾ, ਬੱਸ ਮਹਿਮਾਨ ਕੁੱਝ ਪਲ਼ ਦਾ ਹਾਂ,
ਚੰਗਾ ਮਾਂ ਮੈਂ ਚੱਲਦਾ ਹਾਂ, ਚੰਗਾ ਮਾਂ ਮੈਂ ਚੱਲਦਾ ਹਾਂ।
ਤੂੰ ਜਾਣੇ ਦਰਦ ਮੇਰਾ, ਕਿਲਕਾਰੀ ਮੇਰੀ ਇਹ ਸੁਣਦੇ ਨਾ,
ਸ਼ਾਹਿਦ ਮੈਂ ਬਚ ਜਾਵਾਂ, ਜਿਉਂਣੇ ਦਾ ਰਾਹ ਇਹ ਬੁਣਦੇ ਨਾ,
ਮੈਂ ਮਰਿਆ ਨਹੀਂ ਮਾਰਿਆ ਗਿਆ, ਗੁੱਸੇ ਇਸੇ ਗੱਲ ਦਾ ਹਾਂ,
ਚੰਗਾ ਮਾਂ ਮੈਂ ਚੱਲਦਾ ਹਾਂ, ਚੰਗਾ ਮਾਂ ਮੈਂ ਚੱਲਦਾ ਹਾਂ।
ਮੈਨੂੰ ਲੱਗੇ ਮੇਰੇ ਤੋਂ ਨਹੀਂ ਰਹਿ ਹੋਣਾ, ਇਸ ਮਤਲਬ ਖੋਰੀ ਦੁਨੀਆ ਵਿੱਚ,
ਜਾਬਰ-ਜੁਲਮੀ,ਪਾਖੰਡੀ, ਕਾਤਲ ਤੇ, ਸਾਫ ਪਹਿਰਾਵੇ ਵਾਲੇ ਖੂਨੀਆਂ ਵਿੱਚ,
ਮੈਨੂੰ ਰੋਕ ਨਾ, ਜਾ ਲੈਣ ਦੇ, ਮੈਂ ਮਾਸੂਮ ਕਿਥੇ ਇਹਨਾ 'ਚ ਰੱਲਦਾ ਹਾਂ?
ਚੰਗਾ ਮਾਂ ਮੈਂ ਚੱਲਦਾ ਹਾਂ, ਚੰਗਾ ਮਾਂ ਮੈਂ ਚੱਲਦਾ ਹਾਂ।
ਪਤਾ ਮੈਨੂੰ ਇਹ ਬੇਰਹਿਮੀ ਨਾਲ ਕੱਢ ਵੇਖਣਗੇ,
ਕਈ ਤਾਂ ਮੇਰੀ ਚਿਤਾ ਤੇ ਵੀ ਰੋਟੀਆਂ ਸੇਕਣਗੇ,
ਇੱਕ ਤੂੰ ਹੀ ਮੇਰਾ ਸੇਕ ਜਾਣੇ, ਮੈਂ ਕਿਦਾ ਜਲ਼ਦਾ ਹਾਂ?
ਚੰਗਾ ਮਾਂ ਮੈਂ ਚੱਲਦਾ ਹਾਂ, ਚੰਗਾ ਮਾਂ ਮੈਂ ਚੱਲਦਾ ਹਾਂ।
ਮੈਂ ਤਾਰਾ ਬਣੂ ਮੈਨੂੰ ਯਾਦ ਰੱਖਿਓ,
ਹਰ ਰਾਤ ਅੰਬਰ ਜਰੂਰ ਤੱਕਿਓ,
ਆਖਰੀ ਸਲਾਮ ਆਪਣਾ ਮੈਂ ਘੱਲਦਾ ਹਾਂ,
ਚੰਗਾ ਮਾਂ ਮੈਂ ਚੱਲਦਾ ਹਾਂ, ਚੰਗਾ ਮਾਂ ਮੈਂ ਚੱਲਦਾ ਹਾਂ।

**- ਇੰਦਰਜੀਤ ਸਿੰਘ ਕਠਾਰ 91-97793-24972**



# ਗਦਰੀ ਬਾਬਾ ਮੰਗੂ ਰਾਮ ਮੁੱਗੋਵਾਲੀਆ (14 ਜਨਵਰੀ 1886 ਤੋਂ 22 ਅਪ੍ਰੈਲ 1980)

**(ਬਾਨੀ ਆਦਿ-ਧਰਮ ਲਹਿਰ, ਸਾਬਕਾ ਐਮ.ਐਲ.ਏ, ਫਰੀਡਮ ਫਾਈਟਰ ਗਦਰ ਪਾਰਟੀ, ਸਾਬਕਾ ਐਮ. ਬੀ. ਡੀ., ਸਾਬਕਾ ਪ੍ਰਧਾਨ ਪੰਜਾਬ ਸ਼ਡੂਲਡ ਕਾਸਟ ਫੈਡਰੇਸ਼ਨ, ਸਾਬਕਾ ਪ੍ਰਧਾਨ ਆਲ-ਇੰਡੀਆ ਆਦਿ-ਧਰਮ ਫੈਡਰੇਸ਼ਨ)**

**"ਉੱਘੇ ਸਮਾਜ ਸੇਵਕ, ਸਾਬਕਾ ਤਹਿਸੀਲ ਭਲਾਈ ਅਫਸਰ, ਬਹੁਜਨ ਸਮਾਜ ਬੁਲੇਟਿਨ ਦੇ ਰੈਜ਼ੀਡੈਂਟ ਐਡੀਟਰ, ਬਹੁਜਨ ਸਮਾਜ ਦੇ ਜਾਣੇ-ਪਛਾਣ ਨਿਧੱੜਕ, ਨਿਰਪੱਖ, ਬੇ-ਖੌਫ, ਨਿਰਪੱਖ ਲੇਖਣੀ ਦੇ ਬੇਤਾਜ ਮਹਾਨ ਚਿੰਤਕ ਅਤੇ ਲੇਖਕ ਮਾਨਯੋਗ ਸੀ.ਐਲ. ਚੁੰਬਰ, ਐਡੀਟਰ-ਇੰਨ-ਚੀਫ ਕੌਮੀ ਉਡਾਰੀਆਂ ਜਲੰਧਰ,(ਪੰਜਾਬ) ਭਾਰਤ, ਸ਼੍ਰੀਮਾਨ ਸੀ. ਐਲ. ਚੁੰਬਰ , ਨੇ ਆਦਿ ਧਰਮ ਮੰਡਲ ਦੇ ਦਸਤਾਵੇਜਾਂ ਨੂੰ ਬਹੁਜਨ ਸਮਾਜ ਬੁਲੇਟਿਨ ਦੇ ਅੰਕ 9 ਵਿੱਚ "ਨਾਮ ਮੰਗੂ ਰਾਮ ਜੀ ਦਾ ਭੁੱਲਣਾ ਨਹੀਂ ਚਾਹੀਦਾ" ਦੇ ਸਿਰਲੇਖ ਹੇਠ ਪ੍ਰਕਾਸ਼ਿਤ ਕੀਤਾ। ਜਿਸਨੂੰ ਆਦਿ ਧਰਮ ਮੰਡਲ ਦੇ ਸੁਨਹਿਰੀ ਇਤਿਹਾਸ ਦੇ 11-12 ਜੂਨ ਦੇ ਸ਼ੁਭ ਦਿਹਾੜੇ ਮੌਕੇ ਫਿਰ ਤੋਂ ਇਕ ਵਾਰ ਪਾਠਕਾਂ ਦੇ ਰੂਬਰੂ ਕੀਤਾ ਜਾ ਰਿਹਾ ਹੈ। ਉਮੀਦ ਹੈ ਆਪ ਸਭ ਪਸੰਦ ਕਰੋਗੇ।**

**– ਤੇਜਪਾਲ ਗੰਗੜ**
**ਬਰਨਬੀ, ਬ੍ਰਿਟਿਸ ਕੁਲੰਬੀਆ, ਕੈਨੇਡਾ (ਫੋਨ: 778.319.5431)**

### ਵਾਇਸਰਾਏ ਅਤੇ ਗਵਰਨ ਜਨਰਲ ਨੂੰ ਯਾਦ ਪੱਤਰ

1931 ਦੀ ਮਰਦਮ ਸ਼ੁਮਾਰੀ ਤੋ ਬਾਅਦ ਅਤੇ ਗੋਲਮੇਜ਼ ਕਾਨਫਰੰਸ ਵਿੱਚ ਨਾਮਜ਼ਦਗੀ ਤੋਂ ਪਹਿਲਾਂ ਬਾਬੂ ਮੁੱਗੋਵਾਲੀਆ ਨੇ ਮਿਸਰਟ ਫਰੀਮੈਂਨ ਥਾਮਸ, ਅਰਲ ਆਫ ਵਿਲਿੰਗਡਨ, ਜੀ ਐਮ ਐਸ ਆਈ, ਜੀ.ਜੀ.ਐਮ. ਜੀ., ਜੀ.ਐਮ.ਆਈ.ਈ, ਜੀ.ਵੀ ਈ. ਵਾਇਸਰਾਏ ਅਤੇ ਗਵਰਨਰ ਜਨਰਲ ਆਫ ਇੰਡੀਆ ਨੂੰ ਯਾਦ ਪੱਤਰ ਭੇਜਿਆ। ਇਸ ਯਾਦ ਪੱਤਰ ਵਿੱਚ ਆਦਿ-ਧਰਮੀਆਂ ਦੇ ਇਤਹਾਸ ਅਤੇ ਉਨ੍ਹਾਂ ਉੱਪਰ ਉੱਚ ਜਾਤੀ ਦੇ ਜੁਲਮਾਂ ਨੂੰ ਚਿੱਤਰਿਆ ਹੈ ਆਦਿ-ਧਰਮੀਆ ਨੂੰ ਦੁਨੀਆਂ ਦੀ ਪ੍ਰਾਚੀਨਤਮ ਅਤੇ ਉੱਤਮ ਨਸਲ ਐਲਾਨਦਿਆਂ ਕਿਹਾ ਕਿ 5000 ਹਜ਼ਾਰ ਸਾਲ ਪਹਿਲਾਂ ਉਨ੍ਹਾਂ ਦਾ ਭਾਰਤ ਉੱਤੇ ਰਾਜ ਸੀ ਅਤੇ ਮੱਧ ਏਸ਼ੀਆ ਤੋਂ ਆਏ ਆਰਿਆ ਨੇ ਇਨ੍ਹਾਂ ਨੂੰ ਗੁਲਾਮ ਬਣਾਇਆ ਹੈ ਆਦਿ-ਧਰਮੀਆ ਉੱਪਰ ਉੱਚ ਜਾਤੀ ਹਿੰਦੂਆ ਅਤੇ ਅੰਗਰੇਜਾਂ ਦੀਆ ਦੋ ਸਰਕਾਰਾਂ ਦਾ ਰਾਜ ਦੱਸਿਆ ਹੈ।

ਯਾਦ ਪੱਤਰ ਵਿੱਚ ਪੰਜਾਬ ਵਿੱਚ ਮੁਸਲਿਮ ਰਾਜ ਰਹਿਣ ਕਾਰਨ ਦੂਜੇ ਰਾਜਾਂ ਮੁਕਾਬਲੇ ਘੱਟ ਛੂਆ ਛਾਤ ਦਾ ਦਾਅਵਾ ਕੀਤਾ ਹੈ ਪਰ ਰਾਜਨੀਤਕ ਤੌਰ ਤੇ ਗਏ ਗੁਜਰੇ ਕਿਹਾ ਹੈ ਕਿਉਂਕਿ ਪੰਜਾਬ ਵਿਚ ਵਿਧਾਨ ਪ੍ਰੀਸ਼ਦ ਜਾਂ ਸਥਾਨਕ ਸਰਕਾਰ ਵਿਚ ਇੱਕੋ ਵੀ ਮੈਂਬਰ ਨੂੰ ਨਾਮਜ਼ਦ ਨਹੀਂ ਕੀਤਾ ਜਦੋਂ ਕਿ ਦੂਜੇ ਸੂਬਿਆਂ ਵਿਚ 1 ਤੋਂ 11 ਤੱਕ ਨਾਮਜ਼ਦਗੀਆਂ ਇਨ੍ਹਾਂ ਵਰਗਾਂ ਚੋਂ ਕੀਤੀਆਂ ਹਨ। ਸੰਯੁਕਤ ਚੋਣ ਖੇਤਰ ਪ੍ਰਬੰਧ ਦੀ ਥਾਂ ਵੱਖਰੇ ਚੋਣ ਪ੍ਰਬੰਧ ਨੂੰ ਆਦਿ-ਧਰਮੀਆ ਦੇ ਰਾਜਨੀਤਕਨ ਅਤੇ ਸਮਾਜਿਕ ਅਤੇ ਇੱਥੋ ਤੱਕ ਕਿ ਨੈਤਿਕ ਮੁਕਤੀ ਦੇ ਲਈ ਸਹਾਈ ਦੱਸਿਆ। ਆਦਿ-ਧਰਮੀਆਂ ਦੀ ਮੌਜੂਦਾ ਸਥਿਤੀ ਦਾ ਵਰਨਣ ਕਰਦਿਆਂ ਉਨ੍ਹਾਂ ਦੀ ਸਥਿਤੀ ਵਿੱਚ ਸੁਧਾਰ ਲਈ 15 ਮੰਗਾਂ ਰੱਖੀਆਂ। ਜਿਨ੍ਹਾਂ ਵਿੱਚੋਂ ਮੁੱਖ ਸਨ:

1. ਆਦਿ-ਧਰਮ ਨੂੰ ਹਿੰਦੂ ਧਰਮ ਤੋਂ ਵੱਖਰਾ ਮੰਨਣਾ,
2. ਐਮ ਐਲ਼. ਏ ਆਦਿ ਦੀ ਚੋਣ ਮੰਡਲ ਵਲੋਂ ਕਰਨਾ,
3. ਧਾਰਮਿਕ ਘੱਟ ਗਿਣਤੀਆ ਦੀ ਨੁਮਾਇੰਦਗੀ ਦੇ ਮੁੱਦੇ ਨੂੰ ਨਿਜੱਠਣ ਤੋਂ ਪਹਿਲਾਂ ਕੇਂਦਰ ਸਵਿਧਾਨ ਵਿੱਚ ਸੋਧ ਨਾ ਕੀਤੀ ਜਾਵੇ, ਪੁਲਿਸ, ਸਿਵਲ, ਫੌਜ, ਸਿੱਖਿਆ, ਰੇਲਵੇ ਅਤੇ ਸਿਹਤ ਆਦਿ ਖੇਤਰਾਂ ਵਿੱਚ ਬਣਦੀ ਨੁਮਾਇੰਦਗੀ ਦੇਣਾ,
4. ਆਦਿ-ਧਰਮੀ ਨਾਂ ਥੱਲੇ ਫੌਜੀ ਰੈਜੀਮੈਂਟ ਦੀ ਸਥਾਪਨਾ ਕਰਨਾ,
5. ਮਿਊਂਸਪਲਟੀਆਂ, ਡਿਸਟ੍ਰਿਕਟ ਬੋਰਡਾਂ, ਕੌਂਸਲਾਂ ਅਤੇ ਅਸੰਬਲੀ ਵਿੱਚ ਅਬਾਦੀ ਅਨੁਸਾਰ 18 ਪ੍ਰਤੀਸ਼ਤ ਨੁਮਾਇਦਗੀ ਦੀ ਮੰਗ,
6. ਪੰਜਾਬ ਭੂਮੀ ਇੰਤਕਾਲ ਆਦਿ ਐਕਟ 1900 ਵਿੱਚ ਆਦਿ-ਧਰਮੀਆਂ ਨੂੰ ਸਹੂਲਤਾਂ ਦੇਣ ਸਬੰਧੀ ਸੋਧ ਕਰਨਾ,
7. ਦੂਜੀਆ ਕੌਮਾਂ ਵਾਂਗ ਜਾਇਦਾਦ ਦਾ ਅਧਿਕਾਰ ਦੇਣਾ, ਪੰਜਾਬ ਸਰਕਾਰ ਕੋਲ ਪਈ 151872 ਹਜਾਰ ਏਕੜ ਜ਼ਮੀਨ ਅਣਵਾਹੀ ਪਈ ਹੈ ਜੋ ਦੂਜੀਆ ਕੌਮਾ ਵਾਂਗ ਆਦਿ-ਧਰਮੀਆਂ ਵਿੱਚ ਵੰਡੀ ਜਾਵੇ।
8. ਆਦਿ-ਧਰਮੀਆਂ ਨੂੰ ਆਪਣੇ ਆਦਿ-ਧਰਮੀ ਭਰਾ ਦੀ ਜ਼ਾਮਨੀ ਦੇਣ ਦਾ ਕਾਨੂੰਨ ਹੋਵੇ।
9. ਆਦਿ-ਧਰਮੀਆਂ ਤੇ ਜ਼ਰਾਇਮ ਪੇਸ਼ਾ ਦਾ ਧੱਬਾ ਧੋਣਾ, ਵਿਦੇਸ਼ਾ ਖਾਸ ਕਰਕੇ ਕਨੇਡਾ, ਨਿਊਜੀਲੈਂਡ, ਅਸਟ੍ਰੇਲੀਆਂ ਆਦਿ ਵਿੱਚ ਜਾਣ ਦੀ ਇਜ਼ਾਜ਼ਤ ਦੇਣ ਕਿਉਕਿ ਆਦਿ-ਧਰਮੀ ਗਰੀਬ ਹਨ।
10. ਪ੍ਰਸ਼ਾਸਨ ਟੈਕਸ ਆਦਿ-ਧਰਮੀਆਂ ਤੋਂ ਖਤਮ ਕਰਨਾ, ਜਦੋਂ ਤੱਕ ਉਨ੍ਹਾਂ ਨੂੰ ਸਬੰਧਤ ਅਦਾਰਿਆਂ ਵਿੱਚ ਬਣਦੀ ਨੁਮਾਇੰਦਗੀ ਸਰਕਾਰ ਨਹੀ ਦਿੰਦੀ,
11. ਬੈਂਕਾ ਆਦਿ-ਧਰਮੀਆਂ ਨੂੰ ਕਰਜੇ ਨਹੀਂ ਦਿੰਦਆਂ ਇਸ ਲਈ ਸਪੈਸ਼ਲ ਬੈਂਕਿੰਗ ਪ੍ਰਬੰਧ ਸਰਕਾਰ ਦੇ ਅਧੀਨ ਹੋਣੇ ਚਾਹੀਦੇ ਹਨ, ਜਾਂ ਤਾਂ ਪੰਚਾਇਤ ਵਿੱਚ ਆਦਿ-ਧਰਮੀਆਂ ਨੂੰ ਨੁਮਾਇੰਦਗੀ ਮਿਲੇ ਜਾਂ ਫਿਰ ਆਦਿ ਧਰਮੀਆਂ ਦੀਆਂ ਪੰਚਾਇਤਾਂ ਨੂੰ ਕਾਨੂੰਨੀ ਮਾਨਤਾ ਮਿਲੇ।
12. ਜਨ ਗਣਨਾ ਦੌਰਾਨ ਆਦਿ-ਧਰਮੀਆਂ ਉੱਪਰ ਸਿੱਖਾਂ ਅਤੇ ਹਿੰਦੂਆਂ ਦੇ ਜੁਲਮਾਂ ਕਾਰਨ ਇਹ ਜਨ ਗਣਨਾ ਪ੍ਰਵਾਨ ਨਹੀਂ। ਇਸ ਸਬੰਧੀ ਇੰਨਕੁਆਇਰੀ ਕਰਾ ਕੇ ਸਹੀ ਜਣਗਣਨਾ ਕੀਤੀ ਜਾਵੇ। ਆਦਿ ਧਰਮੀ ਲੜਕੇ ਲੜਕੀਆਂ ਲਈ ਵਧੀਆ ਪੜ੍ਹਾਈ ਦਾ ਪ੍ਰਬੰਧ ਕੀਤਾ ਜਾਵੇ।
13. ਨੈਸ਼ਨਲ ਸਕਾਲਰ ਸ਼ਿੱਪ ਦੇਣ ਅਤੇ ਆਦਿ-ਧਰਮੀਆਂ ਲਈ ਜਿੱਥੇ ਤੱਕ ਹੋ ਸਕੇ ਵੱਖਰੇ ਸਕੂਲ ਖੋਲ੍ਹੇ ਜਾਣ, ਆਦਿ-ਧਰਮ ਮੰਡਲ ਆਫ ਪੰਜਾਬ ਜਲੰਧਰ ਨੂੰ ਆਦਿ-ਧਰਮੀਆਂ ਦਾ ਨੁਮਾਇੰਦਾ ਸਮਝਿਆ ਜਾਵੇ। ਦਇਆ ਨੰਦ ਦਲਿਤ ਉਦਾਰ ਮੰਡਲ ਹੁਸ਼ਿਆਰਪੁਰ, ਪਤਿਤ ਉਦਾਰ ਮੰਡਲ, ਅਛੂਤ ਉਦਾਰ ਮੰਡਲ ਅਤੇ ਅੰਤਜ ਉਦਾਰ ਮੰਡਲ ਲਾਹੌਰ ਆਦਿ-ਧਰਮੀਆਂ ਦੇ ਨੁਮਾਇੰਦਗੇ ਨਹੀ ਹਨ, ਮਤੇ ਪਾਸ ਕੀਤੇ।
14. ਲੰਡਨ ਵਿਖੇ ਆਯੋਜਿਤ ਹੋਣ ਜਾ ਰਹੀ ਗੋਲਮੇਜ ਕਾਨਫਰੰਸ ਵਿੱਚ ਆਦਿ ਧਰਮੀਆਂ ਦਾ ਘੱਟ ਤੋ ਘੱਟ ਇੱਕ ਨੁਮਾਇੰਦਾ ਭੇਜਿਆ ਜਾਵੇ।
15. ਸਰਕਾਰ ਆਦਿ-ਧਰਮ ਮੰਡਲ ਰਾਂਹੀ ਚਮੜੇ ਦੀ ਵਸਤਾਂ ਫੋਜ ਪੁਲਿਸ ਆਦਿ ਲਈ ਖਰੀਦੇ ਤਾਂ ਜੋ ਇਨ੍ਹਾਂ ਦੀ ਆਰਥਿਕ ਹਾਲਤ ਸੁੱਧਰੇ। ਇਹ ਯਾਦ ਪੱਤਰ ਸੁੰਦਰ ਦਿੱਖ ਵਾਲਾ ਕਿਸ਼ਨ ਸਕੀਮ ਪ੍ਰੈਸ, ਰੇਲਵੇ ਰੋਡ ਜਲੰਧਰ ਸ਼ਹਿਰ ਤੋਂ ਛਪਿਆਂ ਜਿੱਥੋ ਆਦਿ ਡੰਕਾਂ ਛੱਪਦਾ ਸੀ ਅੱਜ ਕੱਲ ਉਨ੍ਹਾਂ ਦੀ ਪ੍ਰੈਸ ਦਾ ਨਾਮ ਸੋਨੀ ਪ੍ਰਿੰਟਿੰਗ ਪ੍ਰੈਸ ਹੈ।

### ਪ੍ਰਧਾਨ ਫ੍ਰੈਚਾਈਜ਼ ਕਮੇਟੀ ਨੂੰ ਮਿਲਣ ਨੂੰ ਯਾਦ ਪੱਤਰ 1932 ਈ:

30 ਮਾਰਚ 1932 ਨੂੰ ਰਾਤ 8 ਵਜੇ ਆਦਿ ਧਰਮ ਮੰਡਲ ਦੀ ਖਾਸ ਮੀਟਿੰਗ ਕਿਲਾ ਗੁੱਜਰ ਸਿੰਘ, ਫੇਰੂ ਰੋਡ, ਲਾਹੌਰ ਵਿੱਖੇ ਬਾਬੂ ਬਿਹਾਰੀ ਲਾਲ ਸਿਆਲਕੋਟ ਦੀ ਪ੍ਰਧਾਨਗੀ ਹੇਠ ਮੀਟਿੰਗ ਵਿੱਚ ਹੋਈ ਜਿਸ ਵਿਚ ਇਹ ਫੈਸਲਾ ਲਿਆ ਕਿ ਬਾਬੂ ਮੁੱਗੋਵਾਲੀਆ ਪ੍ਰਧਾਨ ਅਤੇ ਬਾਬੂ ਹਜਾਰਾ ਰਾਮ ਪਿਪਲਾਂ ਵਾਲਾ ਜਨਰਲ ਸਕੱਤਰ ਲਾਰਡ ਲੋਥੀਅਨ ਕਮੇਟੀ (ਫਰੈਂਚਾਈਜ਼ ਕਮੇਟੀ) ਨੂੰ ਪੰਜਾਬ ਕੌਂਸਲ ਵਿੱਚ ਮਿਲਣਗੇ। ਜਿਨ੍ਹਾਂ ਦੀ ਮੱਦਦ ਲਈ 15 ਆਦਿ ਧਰਮੀ ਆਗੂ ਵੀ ਨਾਲ ਜਾਣਗੇ ਜਿਨ੍ਹਾਂ ਦੇ ਨਾਂ ਸਨ: ਪੰਡਿਤ ਹਰੀ ਰਾਮ ਉਪ ਪ੍ਰਧਾਨ, ਸੰਤ ਰਾਮ ਆਜ਼ਾਦ, ਰਾਮ ਚੰਦ ਸੰਪਾਦਕ, ਉਆਦਿ ਡੰਕਾ", ਹਰਦਿੱਤਾ ਮੱਲ ਪ੍ਰਧਾਨ ਮਜ਼ਬੀ ਬਰਾਦਰੀ ਜ਼ਿਲ੍ਹਾ ਫਿਰੋਜ਼ਪੁਰ, ਭਗਤ ਗੁਲਾਬਾ ਮੱਲ, ਮੈਨੇਜਰ, ਮੈਨੇਜਿੰਗ ਕਮੇਟੀ, ਰੋਸ਼ਨ ਲਾਲ ਵਾਲਮੀਕ ਲਾਹੌਰ ਸ਼ਹਿਰ, ਬਿਹਾਰੀ ਲਾਲ ਸਿਆਲਕੋਟ, ਰੇਸੀ ਰਾਮ ਖਾਲਸਾ ਬਰਾਦਰੀ ਅੰਬਾਲਾ, ਰਾਮ ਸਿੰਘ ਕਬੀਰ ਪੰਥੀ ਜਿਲਾ ਹੁਸ਼ਿਆਰਪੁਰ, ਭੁੱਲਾ ਰਾਮ ਸੈਕਟਰੀ ਜਿਲ੍ਹਾ ਲਾਇਲਪੁਰ,ਚਮਨ ਲਾਲ ਰਵੀਦਾਸੀਆ ਜਿਲ੍ਹਾ ਲੁਧਿਆਣਾ। ਖੜਕੂ ਮੱਲ ਜਿਲ੍ਹਾ ਕਾਂਗੜਾ, ਉੱਤਮ ਚੰਦ ਚੀਚਾਵਤਨੀ, ਜਿਲਾ ਮਿਟਗੁੰਮਰੀ, ਹਰਦਿਆਲ ਡਲਹੌਜ਼ੀ।




ਇਸ ਖਾਸ ਮੀਟਿੰਗ ਵਿੱਚ ਪੰਜ ਮਤੇ ਹੋਰ ਪਾਸ ਕੀਤੇ:

ਪਹਿਲਾ ਮਤਾ- ਆਦਿਧਰਮੀ ਕੀ ਮਰਦ, ਕੀ ਔਰਤ, ਆਪਣੇ ਵਿਚਾਰ ਪ੍ਰਗਟ ਕਰਨ ਲਈ ਆਜ਼ਾਦ ਹਨ।

ਦੂਜਾ- ਮੰਡਲ ਵੱਖਰੇ ਚੋਣ ਕਰਤਾ ਪ੍ਰਣਾਲੀ ਦੇ ਪੱਖ ਵਿਚ ਹੈ। ਅਤੇ ਸੰਯੁਕਤ ਚੋਣ ਕਰਤਾ ਪ੍ਰਣਾਲੀ ਦੇ ਸਖਤ ਵਿਰੁਧ ਹੈ।

ਤੀਜਾ ਮਤਾ- ਰਾਜਾ ਮੁੰਜੇ ਪੈਕਟ ਦੀ ਸਖਤ ਵਿੋਰਧਤਾ ਕਰਦੇ ਹਾਂ।

ਚੌਥਾ ਮਤਾ: ਇਹ ਫੈਸਲਾ ਕਰਦੇ ਹਾਂ ਕਿ ਮਹਾਤਮਾ ਗਾਂਧੀ, ਕਾਂਗਰਸ, ਐਮ. ਸੀ. ਰਾਜਾ ਅਛੂਤਾਂ ਦੇ ਨੇਤਾ ਨਹੀਂ ਹਨ।ਸਗੋਂ ਡਾ. ਅੰਬੇਡਕਰ ਅਛੂਤਾਂ ਦੇ ਅਸਲੀ ਨੇਤਾ ਹਨ।

ਪੰਜਵਾਂ ਮਤਾ- ਹਿੰਦੂਵਾਦ, ਦਇਆਨੰਦ ਦਲਿਤ ਉਧਾਰ, ਅਛੂਤ ਉਧਾਰ ਅਤੇ ਆਰੀਆ ਸਮਾਜ ਅਛੂਤ ਵਰਗ ਨੂੰ ਧੋਖਾ ਦੇਣ ਲਈ ਬਣਾਏ ਗਏ ਹਨ। ਇਹ ਚਾਹੁੰਦੇ ਹਨ ਕਿ ਸਰਕਾਰ ਅਛੂਤਾਂ ਦੇ ਮਸਲਿਆ ਵਾਰੇ ਇਨ੍ਹਾਂ ਨਾਲ ਕੋਈ ਸੰਬੰਧ ਨਾ ਰੱਖੇ। ਇਨਾਂ ਮਤਿਆਂ ਦਾ ਪੱਤਰ ਬਾਬੂ ਪਿੱਪਲਾਂਵਾਲਾ ਵਲੋਂ ਪ੍ਰਧਾਨ, ਫਰੈਂਚਾਈਜ਼ ਕਮੇਟੀ ਲਾਹੌਰ ਨੂੰ 31 ਮਾਰਚ, 1932 ਨੂੰ ਲਿਖਿਆ।

ਜਿਸ ਲੈਟਰਪੈਡ 'ਤੇ ਇਹ ਪੱਤਰ ਟਾਈਪ ਕੀਤਾ ਉਸ ਉੱਪਰ 'ਆਦਿ ਧਰਮ ਮੰਡਲ (ਪੰਜਾਬ) ਜਲੰਧਰ ਸ਼ਹਿਰ' ਅੰਗਰੇਜ਼ੀ, ਪੰਜਾਬੀ ਅਤੇ ਉਰਦੂ ਵਿੱਚ ਲਿਖਿਆ ਹੈ। ਉਪਰ ਖੱਬੇ ਹੱਥ ਜੈ ਗੁਰਦੇਵ, ਸੱਜੇ ਹੱਥ ਆਦਿ-ਧਰਮ ਕੀ ਜੈ' ਅਤੇ ਵਿਚਕਾਰ ਵਿਚ ਉਸੋਂਹੰ''' ਛਪਿਆ ਹੈ। ਖੱਬੇ ਪਾਸੇ ਅਦਿ ਧਰਮ ਮੰਡਲ ਦੇ ਉਦੇਸ਼' ਸਿਰਲੇਖ ਹੇਠ ਛਪਿਆ ਹੈ:

1. ਆਦਿ ਧਰਮੀਆਂ ਦੇ ਖੁੱਸੇ ਹੋਏ ਹੱਕਾਂ ਦੀ ਪ੍ਰਾਪਤੀ ਕਰਨਾ।
2. ਮਨੂੰ ਸਿਮਰਤੀ ਅਤੇ ਹੋਰ ਸ਼ਾਸ਼ਤਰ ਜਿਨ੍ਹਾਂ ਵਿਚ ਆਦਿ ਧਰਮੀਆਂ ਨੂੰ ਗਿਰਾਇਆ ਗਿਆ ਕਾਨੂੰਨਨ ਜ਼ਬਤ ਕਰਾਉਣੇ।
3 ਜਾਤਪਾਤ ਦਾ ਪੱਖਵਾਦ ਛੱਡਕੇ ਏਕਤਾ ਪ੍ਰੇਮ ਵਧਾਉਣਾ।
4. ਆਦਿ ਧਰਮੀਆਂ ਦੇ ਦੁੱਖਾਂ ਦੀ ਹਾਲ ਪੁਕਾਰ ਗਵਰਨਮੈਂਟ ਤੱਕ ਪਹੁੰਚਾਉਣੀ।
5. ਜਥੇਬੰਦੀ ਅਤੇ ਵਿਦਿਆ ਦਾ ਹਾਸਲ ਕਰਨਾ।

ਉਦੇਸ਼ਾਂ ਦੀ ਡੱਬੀ ਦੇ ਨਾਲ ਟੇਢੇ ਰੋਕ ਲਿਖਿਆ ਹੈ- ਆਦਿ ਧਰਮ ਨਾ ਛੋਡਨਾ ਨਿਕਲ ਜਾਏ ਚਾਹੇ ਪ੍ਰਾਣ, ਛੋਟੇ ਬੜੋ ਸਭ ਮੰਨ ਲਉ ਬੁੱਢੇ ਅਤੇ ਜੁਆਨ।

### ਪੰਜਾਬ ਫਰੈਂਚਾਈਜ਼ ਕਮੇਟੀ, ਲਾਹੌਰ ਨੂੰ ਮੈਮੋਰੰਡਮ:

ਬਾਬੂ ਮੁੱਗੋਵਾਲੀਆ ਨੇ ਪੰਜਾਬ ਫਰੈਂਚਾਈਜ਼ ਕਮੇਟੀ, ਲਾਹੋਰ ਨੂੰ ਇੱਕ ਮੈਮੋਰੰਡਮ ਦਿੱਤਾ ਜੋ ਆਦਿ-ਧਰਮ ਮੰਡਲ ਦੀ ਫਿਲਾਸਪੀ ਨੂੰ ਬੜਾ ਉਘਾੜ ਕੇ ਪੇਸ਼ ਕਰਦਾ ਹੈ ਅਤੇ ਆਦਿ-ਧਰਮ ਨੂੰ ਇੱਕ ਵੱਖਰੇ ਧਰਮ ਵਜੋਂ ਅਤੇ ਆਦਿ-ਧਰਮੀ ਇੱਕ ਵੱਖਰੀ ਕੌਮ ਵਜੋ ਪੇਸ਼ ਕਰਦਾ ਹੈ ਉੱਚ ਜ਼ਾਤੀਆਂ ਵਲੋਂ ਆਦਿ-ਧਰਮੀਆਂ 'ਤੇ ਕੀਤੇ ਜ਼ੁਲਮਾਂ ਲਈ ਮਨੂੰ ਸਿਮਰਤੀ 17 ਸਲੋਕਾਂ, ਵਿਸ਼ਨੂੰ ਸਿਮਰਤੀ ਵਿੱਚੋਂ ਇੱਕ ਸਲੋਕ, ਮਹਾਂ ਰਿਸ਼ਿ ਗੋਤਮ ਧਰਮ ਸੂਤਰ ਦੇ ਇੱਕ ਸਲੋਕ ਅਤੇ ਭਗਵਾਨ ਬਾਲਮੀਕ ਰਮਾਇਣ ਦੇ ਉੱਤਰ ਕਾਂਡ ਦੇ ਸਰਗ 87 ਦਾ ਹਵਾਲਾ ਦਿੱਤਾ ਹੈ। ਇਹ ਹਵਾਲੇ ਦੇ ਕੇ ਸਿੱਧ ਕੀਤਾ ਹੈ ਕਿ ਆਦਿ-ਧਰਮ ਹਿੰਦੂਆਂ ਤੋਂ ਅਲੱਗ ਕੌਮ ਹੈ ਅਤੇ ਹਿੰਦੂਆਂ ਵਿੱਚ ਕਿਸੇ ਕੀਮਤ ਤੇ ਸ਼ਾਮਲ ਨਾ ਹੋਣ ਦਾ ਦਾਅਬਾ ਕੀਤਾ ਹੈ ਉਵੱਖਰੇ ਚੋਣ ਖੇਤਰ ਪ੍ਰਨਾਲੀ" ਸ਼ਏਪਓਰਓਟਏ ਓਲਏਚਟੋਰਓਟਏ ਤੇ ਜ਼ੋਰ ਦੇ ਕੇ ਕਿਹਾ ਕਿ ਇਸ ਵਿੱਚ ਅਸੀਂ ਅਸੰਬਲੀ ਵਿੱਚ ਸਹੀ ਅਵਾਜ਼ ਨਹੀਂ ਭੇਜ ਸਕਦੇ ਉਨ੍ਹਾਂ ਨੇ ਸਰਕਾਰ ਤੇ ਦੋਸ਼ ਲਾਇਆ ਕਿ ਉਸ ਨੇ ਸਾਨੂੰ ਹਿੰਦੂਆਂ ਨਾਲ ਨੱਥੀ ਕਰਕੇ ਸਦਾ ਬੇਇੰਨਸਾਫੀ ਕੀਤੀ ਹੈ।

1921 ਦੀ ਜਨ ਗਣਨਾ ਜਾਤੀਵਾਰ ਦੀ ਲਿਸਟ ਦਿੱਤੀ ਹੈ ਜਿਸ ਵਿੱਚ 40 ਲੱਖ ਡਿਪਰੈਸਡ ਕਲਾਸਿਜ਼ (Depressed Classes) ਦੀ ਗਿਣਤੀ ਹੈ 1931 ਦੀ ਜਨ ਗਣਨਾ ਵਿੱਚ 4.5 ਲੱਖ ਵਲੋ ਆਦਿ-ਧਰਮ ਲਿਅਉਣ ਤੇ ਉਨ੍ਹਾਂ ਵਲੋਂ ਜਗੀਰਦਾਰਾਂ ਅਤੇ ਸਰਮਾਏਦਾਰਾਂ ਵਲੋ ਕੀਤੇ ਜ਼ੁਲਮਾਂ ਬਾਰੇ ਲਿਖਿਆ ਹੈ ਕਿ ਇਹ ਜੁਲਮ ਨਾ ਹੁੰਦੇ ਤਾਂ ਇਹ ਗਿਣਤੀ ਹੋਰ ਵੀ ਵਧ ਜਾਂਦੀ ਇਹ ਤਰੱਕੀ ਸਿਰਫ 5 ਸਾਂਲਾ ਵਿੱਚ ਹੋਈ ਕਿਉਕਿ 1925 ਵਿੱਚ ਆਦਿ ਧਰਮ ਮੰਡਲ ਦੀ ਸਥਾਪਨਾ ਹੋਈ ਸੀ। ਬਾਲਗ ਵੋਟ ਦੀ ਮੰਗ ਕੀਤੀ ਗਈ ਕਿਉਂਕਿ ਆਦਿ-ਧਰਮੀਆ ਕੋਲ ਵੋਟ ਦੀ ਸ਼ਰਤ ਪੂਰੀ ਕਰਨ ਲਈ ਜ਼ਾਇਦਾਦ ਆਦਿ ਨਹੀਂ ਸੀ । ਸੈਕੰਡਰੀ ਵੋਟ ਦੀ ਵਿਰੋਧਤਾ ਕੀਤੀ।

ਸਰਕਾਰ ਵਲੋਂ ਅਛੂਤਾਂ ਲਈ ਵੱਖਰੇ ਚੋਣ ਖੇਤਰ ਬਣਾਉਣ ਤੇ ਟਾਲ ਮਟੋਲ ਕਰਨ ਤੇ ਬਾਬੂ ਜੀ ਨੇ ਦਲੀਲ ਕੀਤੀ ਕਿ ਜੋ ਹਿੰਦੂਆਂ, ਮੁਸਲਮਾਨਾਂ, ਸਿੱਖਾਂ, ਇਸਾਈਆਂ ਲਈ ਵੱਖਰੇ ਖੇਤਰ ਬਣ ਸਕਦੇ ਹਨ ਤਾਂ ਫਿਰ ਅਛੂਤਾਂ ਲਈ ਕਿਉ ਨਹੀਂ। ਹਿੰਦੂ ਲੀਡਰ ਰਾਜਾ ਨਰਿੰਦਰ ਨਾਥ ਮੈਂਬਰ ਗੋਲਮੇਜ ਕਾਨਫਰੰਸ ਅਤੇ ਡਾ. ਗੋਕਲ ਚੰਦ ਨਾਰੰਗ, ਮੰਤਰੀ ਸਥਾਈ ਪ੍ਰਸ਼ਾਸ਼ਨ ਪੰਜਾਬ ਸਰਕਾਰ 'ਤੇ ਵਰ੍ਹਦਿਆ, ਬਾਬੂ ਮੁੱਗੋਵਾਲੀਆ ਨੇ ਕਿਹਾ ਕਿ ਉਹ ਕਹਿੰਦੇ ਹਨ ਕਿ ਪੰਜਾਬ ਵਿੱਚ ਕੋਈ ਅਛੂਤ ਨਹੀ ਉਜਦੋ ਕਿ ਪੰਜਾਬ ਰਿਫਾਰਮਜ਼ ਕਮੇਟੀ ਦੇ ਇੱਕ ਮੈਂਬਰ ਅਤੇ ਸਾਈਮਨ ਕਮਿਸ਼ਨ ਨੇ ਡਿਸਪ੍ਰੈਸਡ ਕਲਾਸਿਸ ਨੂੰ ਵੱਖਰੇ ਰਾਜਨੀਤਕ ਅਧਿਕਾਰ ਦੇਣ ਦੀ ਵਕਾਲਤ ਕੀਤੀ। ਇਸੇ ਛਪੇ ਪੱਤਰ ਉੱਪਰ ਬਾਬੂ ਮੁੱਗੋਵਾਲੀਆ ਅਤੇ ਬਾਬੂ ਪਿਪਲਾਂਵਾਲਾ ਅਤੇ ਬਾਬੂ ਹੰਸ ਰਾਜ ਪ੍ਰੇਮਗੜ੍ਹ ਸਾਬਕਾ ਪ੍ਰਧਾਨ ਆਦਿ ਧਰਮ ਮੰਡਲ ਦੇ ਨਾਂ ਛਪੇ ਹਨ। (ਦੀ ਰਿਪਨ ਪ੍ਰਿੰਟਿੰਗ ਪ੍ਰੈਸ, ਬੁੱਲ ਰੋਡ ਲਾਹੌਰ) ਤੋਂ ਇਸ ਪਿੱਤਰ ਨੂੰ ਛਪਵਾ ਕੇ ਲੋਕਾਂ ਵਿਚ ਵੀ ਵੰਡਿਆ ਗਿਆ।

ਅਖੀਰ ਵਿੱਚ ਬਾਬੂ ਮੁੱਗੋਵਾਲੀਆ ਨੇ ਪ੍ਰਧਾਨ , ਲਾਰਡ ਲੋਥੀਅਨ ਕਮੇਟੀ ਨੂੰ ਉਪਰੋਕਤ ਅਧਾਰ 'ਤੇ ਆਪਣੀ ਗਵਾਹੀ ਦੇਣ ਲਈ ਮੌਕਾ ਪੁੱਛਿਆ।

### ਬਾਬਾ ਸਾਹਿਬ ਅੰਬੇਡਕਰ ਦੀ ਪਹਿਲੀ ਪੰਜਾਬ ਫੇਰੀ 'ਤੇ ਸੁਆਗਤੀ ਭਾਸ਼ਨ

ਆਦਿ ਧਰਮ ਮੰਡਲ ਨੇ ਡਾ. ਅੰਬੇਡਕਰ ਐਮ. ਏ., ਪੀ. ਐਚ. ਡੀ. ਬਾਰ ਐਟ ਲਾਅ, ਐਮ. ਐਲ. ਸੀ. ਮੈਂਬਰ ਇੰਡੀਅਨ ਫਰੈਂਚਾਈਜ਼ ਕਮੇਟੀ (ਲਾਰਡ ਲੋਥੀਅਨ ਕਮੇਟੀ) ਨੂੰ ਸੁਆਗਤੀ ਭਾਸ਼ਨ ਵਿਚ ਇਸ ਤਰ੍ਹਾਂ ਪੇਸ਼ ਕੀਤਾ:- "ਅਸੀਂ ਪੰਜਾਬ ਆਦਿ ਧਰਮ ਮੰਡਲ ਅਤੇ ਮੈਨੇਜਿੰਗ ਕਮੇਟੀ ਦੇ ਮੈਂਬਰ ਸਾਡੇ ਸੂਬੇ ਦੀ ਪਹਿਲੀ ਫੇਰੀ ਸਮੇਂ ਆਪ ਦਾ ਤਹਿ ਦਿਲੋਂ ਸੁਆਗਤ ਕਰਦੇ ਹਾਂ। ਅਸੀਂ ਆਪਣੇ ਵਲੋਂ ਬੰਬਈ ਵਿਧਾਨ ਸਭਾ ਪ੍ਰੀਸ਼ਦ ਦੇ ਮੈਂਬਰ ਵਜੋਂ ਲੰਡਨ ਵਿੱਚ ਭਾਰਤੀ ਗੋਲਮੇਜ਼ ਕਾਨਫਰੰਸ ਵਿੱਚ ਇਕ ਡੈਲੀਗੇਟ ਵਜ਼ੋਂ ਅਤੇ ਇੰਡੀਅਨ ਫਰੈਂਚਾਈਜ਼ ਕਮੇਟੀ (ਲਾਰਡ ਲੋਥੀਅਨ ਕਮੇਟੀ) ਦੇ ਇੱਕ ਮੈਂਬਰ ਵਜੋਂ ਡਿਪ੍ਰੈਸਡ ਕਲਾਸਿਜ਼ ਦੇ ਲੋਕਾਂ ਲਈ ਕੀਤੀਆਂ ਸੇਵਾਵਾਂ ਲਈ ਬਹੁਤ ਧੰਨਵਾਦੀ ਹਾਂ। ਤੁਸੀਂ ਇਹ ਜਾਣਕੇ ਹੈਰਾਨ ਹੋਵੋਂਗੇ ਕਿ ਉੱਚ ਜਾਤੀਆਂ ਵਲੋਂ ਸਾਡੇ ਸੂਬੇ ਵਿਚ ਸਾਡੀ ਹੋਂਦ ਤੋਂ ਮੁਕਰਿਆ ਜਾ ਰਿਹਾ ਹੈ। ਸਾਡੇ ਸੂਬੇ ਵਿਚ ਦੂਜੇ ਸੂਬਿਆਂ ਵਾਂਗ ਛੂਆ-ਛਾਤ ਬਰਕਰਾਰ ਹੈ। ਸਾਡੀ ਛੋਹ ਨਾਲ ਹੀ ਇਕ ਉੱਚੀ ਜਾਤੀ ਦਾ ਭਿਟਿਆ ਜਾਂਦਾ ਹੈ। ਸਾਨੂੰ ਜਨਤਕ ਖੂਹਾਂ ਤੇ ਪਾਣੀ ਭਰਨ ਦੀ ਇਜ਼ਾਜਤ ਨਹੀਂ ਹੈ। ਬ੍ਰਾਹਮਣ ਪੁਜਾਰੀ ਸਾਡੀ ਪੂਜਾ ਪਾਠ ਨਹੀਂ ਕਰਵਾ ਸਕਦਾ। ਧੋਬੀ ਸਾਡੇ ਕਪੜੇ ਨਹੀਂ ਧੋਂਦਾ। ਨਾਈ ਸਾਡੀ ਹਜ਼ਾਮਤ ਨਹੀਂ ਕਰ ਸਕਦਾ। ਝਿਉਰ ਸਾਡਾ ਪਾਣੀ ਨਹੀਂ ਭਰਦਾ। ਸਾਡੇ ਵਿਆਹਾਂ ਸਮੇਂ ਅਤੇ ਹੋਰ ਤਿਓਹਾਰਾਂ ਮੌਕਿਆਂ ਸਮੇਂ ਅਸੀਂ ਪਿੰਡਾਂ ਵਿਚ ਡੋਲੀ ਲੈਕੇ ਨਹੀਂ ਲੰਘ ਸਕਦੇ ਅਤੇ ਬੈਂਡ ਨਹੀਂ ਵਜਾ ਸਕਦੇ।

ਅਸੀਂ ਨਾ ਤਾਂ ਸਾਂਝਾ ਕਾਰੋਬਾਰ ਕਰ ਸਕਦੇ ਹਾਂ ਅਤੇ ਨਾ ਹੀ ਇਕੱਠੇ ਵਿਚਰ ਸਕਦੇ ਹਾਂ। ਸੰਖੇਪ ਵਿੱਚ ਸਾਡੀ ਉਨ੍ਹਾਂ ਨਾਲ ਭੋਰਾ ਭਰ ਵੀ ਸਾਝ ਨਹੀਂ ਹੈ। ਭੂਮੀ ਇੰਤਕਾਲ ਆਰਜੀ ਐਕਟ ਨੇ ਡ੍ਰਿਰੈਸਡ ਕਲਾਸਿਜ਼ ਦੀ ਹਾਲਤ ਨਾਜ਼ੁਕ ਕਰ ਦਿੱਤੀ ਹੈ। ਇਸ ਕਾਨਫਰੰਸ ਵਿੱਚ ਵਿਦਿਆ ਨੂੰ ਪ੍ਰਫੁੱਲਤ ਕਰਨ ਲਈ ਸਿਖਿਆ ਮੰਤਰਾਲੇ ਨੇ ਆਪਣੇ ਮਤਾ ਨੰਬਰ 20181-ਜੀ, ਮਿਤੀ 19-11-1929 ਰਾਹੀ ਕੁੱਝ ਰਿਆਇਤਾਂ ਦਾ ਐਲਾਨ ਕੀਤਾ। ਇਹ ਪੰਜਾਬ ਦੇ ਇਤਹਾਸ ਵਿੱਚ ਪਹਿਲਾ ਮੌਕਾ ਹੈ ਕਿ ਇੱਕ ਡਿਸਪ੍ਰੈਸਡ ਕਲਾਸਿਜ਼ ਦੇ ਮੈਂਬਰ ਨੂੰ ਸਥਾਈ ਫਰੈਂਚਾਈਜ਼ ਕਮੇਟੀ ਵਿੱਚ ਨਿਯੁਕਤ ਕੀਤਾ ਗਿਆ ਹੈ ਅਸੀ ਖੁਸ਼ੀ-ਖੁਸ਼ੀ ਜਕੀਨ ਕਰਦੇ ਹਾਂ ਕਿ ਆਪਦੇ ਹੱਥਾਂ ਵਿੱਚ ਸਾਡੇ ਹੱਕ ਸੁਰੱਖਿਆਤ ਹਨ ਸਾਨੂੰ ਉਮੀਦ ਹੈ ਕਿ ਆਪ ਪੰਜਾਬ ਦੀਆਂ ਡਿਪ੍ਰੈਸਡ ਕਲਾਸਿਜ਼ ਨੂੰ ਬੜੈ ਧਿਆਨ ਨਾਲ ਗੌਰ ਕਰੋਗੇ ਕਿਉਕਿ ਸਾਡੀ ਹੋਂਦ ਨੂੰ ਹੀ ਨਕਾਰਿਆ ਜਾ ਰਿਹਾ ਹੈ ਆਉਣ ਵਾਲੀ ਪੀੜ੍ਹੀ ਆਪ ਦੇ ਨਾਮ ਨੂੰ ਡਿਪ੍ਰੈਸਡ ਕਲਾਸਿਜ਼ ਦੇ ਚੈਂਪਿਅਨ ਵਜੋਂ ਸੁਨੈਹਰੀ ਅੱਖਰਾਂ ਵਿੱਚ ਲਿਖੇਗੀ ਆਪ ਜੀ ਦੀ ਲੰਮੀ ਉਮਰ ਦੀ ਕਾਮਨਾ ਕਰਦੇ ਹਾਂ।

### ਸੱਤਵੀ ਸਲਾਨਾ ਕਾਨਫਰੰਸ 1932 ਈ:

18 ਅਤੇ 19 ਜੂਨ 1932 ਨੂੰ ਆਦਿ-ਧਰਮ ਮੰਡਲ ਦੀ 7ਵੀ ਸਲਾਨਾ ਕਾਨਫਰੰਸ ਜਲੰਧਰ ਸ਼ਹਿਰ ਵਿੱਚ ਕੀਤੀ ਗਈ ਜਿਸ ਵਿੱਚ ਰਿਪੋਰਟ ਅਨੁਸਾਰ 4000 ਆਦਿ-ਧਰਮੀ ਸ਼ਾਮਲ ਹੋਏ। ਪਹਿਲੇ ਦਿਨ ਸੰਤ ਮਾਹਾਤਮਾ ਰਾਮ ਅਜਾਦ ਮਿਸ਼ਨਰੀ ਜਿਲ੍ਹਾ ਲਾਇਲਪੁਰ (ਪਿਛਲਾ ਪਿੰਡ ਨੰਗਲ ਸ਼ਹੀਦਾ ਤਹਿਸੀਲ ਹੁਸ਼ਿਆਰਪੁਰ) ਨੇ ਪ੍ਰਧਾਨਗੀ ਕੀਤੀ। ਕਾਨਫਰੰਸ ਦਾ ਉਦਘਾਟਨੀ ਭਾਸ਼ਨ ਸਵੇਰੇ ਬਾਬੂ ਮੁੱਗੋਵਾਲੀਆ ਨੇ ਕੀਤਾ ਅਤੇ ਸਵਾਗਤੀ ਕਮੇਟੀ ਵਲੋ ਡੇਲੀਗੇਟਾਂ ਨੂੰ ਜੀ ਆਇਆਂ ਕਿਹਾ ਉ ਧਾਰਮਿਕ ਗੀਤਾ ਅਤੇ ਭਾਸ਼ਨਾ ਤੋਂ ਬਾਅਦ ਮੰਡਲ ਦੇ ਅਨੇਕ ਕਾਰਜਾਂ ਲਈ ਅਨੇਕਾਂ ਪ੍ਰੋਗਰਾਂਮਾ ਦਾ ਐਲਾਨ ਕੀਤਾ। ਕਾਨਫਰੰਸ ਦੇ ਪਹਿਲੇ ਦਿਨ ਦੀ ਸਮਾਪਤੀ ਮੌਕੇ ਡੈਲੀਗੇਟਾਂ ਨੇ ਵੱਖਰੇ ਚੋਣ ਖੇਤਰ ਪ੍ਰਨਾਲੀ ਦੇ ਵਿੱਚਕਾਰ ਪ੍ਰਗਟ ਕੀਤੀ।"

19 ਜੂਨ ਨੂੰ ਮਾਸਟਰ ਲਾਲ ਚੰਦ ਪ੍ਰਧਾਨ ਬਾਲਮੀਕ ਆਦਿ ਧਰਮ ਸਭਾ ਅਕਲੀਆਂਵਾਲਾ ਜ਼ਿਲ੍ਹਾ ਫਿਰੋਜ਼ਪੁਰ ਨੇ ਕਾਨਫਰੰਸ ਦੀ ਕੁਰਸੀ ਸੰਭਾਲੀ ਦੁਪਹਿਰ 12 ਵਜੇ ਤੱਕ ਡਿਪ੍ਰੈਸਡ ਕਲਾਸਿਜ਼ ਦੀ ਏਕਤਾ ਤੇ ਜੋਰ ਦੇਣ ਵਾਲੇ ਭਾਸ਼ਨ

**(ਬਾਕੀ ਅਗਲੇ ਸਫੇ ਤੇ)**

# ਗਦਰੀ ਬਾਬਾ ਮੰਗੂ ਰਾਮ ਮੁੱਗੋਵਾਲੀਆ (14 ਜਨਵਰੀ 1886 ਤੋਂ 22 ਅਪ੍ਰੈਲ 1980)

ਦਿੱਤੇ। ਦੁਪਹਿਰ ਇੱਕ ਵਜੇ ਤੱਕ ਮੈਨੇਜਿੰਗ ਕਮੇਟੀ ਦੇ ਮੈਂਬਰਾ ਅਤੇ ਅਹੁੱਦੇਦਾਰਾਂ ਦੀ ਚੋਣ ਹੋਈ।

ਮੰਡਲ ਦੇ ਪ੍ਰਧਾਨ ਬਾਬੂ ਮੁੱਗੋਵਾਲੀਆ, ਪੰਡਿਤ ਹਰੀ ਰਾਮ ਪੰਡੋਰੀ ਅਤੇ ਬੀਬੀ ਉੱਪ ਪ੍ਰਧਾਨ, ਬਾਬੂ ਹਜਾਰਾ ਰਾਮ ਪਿਪਲਾਵਾਲਾਂ ਜਨਰਲ ਸਕੱਤਰ, ਬਾਬੂ ਲਸ਼ਮਣ ਦਾਸ ਮੁਕੇਰੀਆਂ ਸਹਾਇਕ ਸਕੱਤਰ , ਮਹਾਤਮਾ ਸੰਤ ਰਾਮ ਆਜ਼ਾਦ ਚੱਕ ਨੰਬਰ 290, ਲਾਇਲਪੁਰ ਮਿਸ਼ਨਰੀ, ਬਾਬੂ ਰਾਮ ਚੰਦ ਖੇੜਾ ਸੰਪਾਦਕ ਆਦਿ-ਡੰਕਾ' ਸ. ਨਗੀਨਾ ਸਿੰਘ ਚੱਕ ਨੰਬਰ 276, ਲਾਇਲਪੁਰ, ਹੈੱਡ ਕਲਰਕ, ਮਹਾਤਮਾ ਗਣੇਸ਼ ਦਾਸ ਨੂੰ ਸਾਰੇ ਆਦਿ-ਧਰਮ ਦਲਾਂ ਦਾ ਜਨਰਲ ਨਿਯੁਕਤ ਕੀਤਾ।

ਪ੍ਰਬੰਧਕੀ ਕਮੇਟੀ ਦੇ ਪ੍ਰਧਾਨ: ਸੇਠ ਲੱਭੂ ਰਾਮ ਸੂਚੀ ਪਿੰਡ ਜਲੰਧਰ ਸ਼ਹਿਰ, ਭਗਤ ਗੁਲਾਬਾ ਮੱਲ, ਮੁਸਾਹਿਬਪੁਰ ਮੁਕੇਰੀਆਂ। ਉਪ ਪ੍ਰਧਾਨ: ਮਾਸਟਰ ਲਾਲ ਚੰਦ ਵਾਲਮੀਕੀ, ਵਾਲਮੀਕਿ ਆਦਿ ਧਰਮ ਮੰਡਲ, ਅਕਲੀਆਂਵਾਲਾ ਫਿਰੋਜ਼ਪੁਰ ਉਪ ਪ੍ਰਧਾਨ, ਮਾਸਟਰ ਗੁਰਬੰਤਾ ਸਿੰਘ ਜਨਰਲ ਸਕੱਤਰ, ਪੰਡਿਤ ਬਖਸ਼ੀ ਰਾਮ ਵਾਲਮੀਕਿ ਬੁੰਡਾਲਾ ਜਿਲ੍ਹਾ ਜਲੰਧਰ। ਸਹਾਇਕ ਸਕੱਤਰ, ਸ਼ਾਹੂਕਾਰ ਲੱਛੂ ਮੱਲ ਪਿੰਡ ਮੇਹਰ ਭਟੋਲ਼ੀ ਹੁਸ਼ਿਆਰਪੁਰ। ਸਹਾਇਕ ਸਕੱਤਰ, ਸੇਠ ਕਿਸ਼ਨ ਦਾਸ, ਲਾਲ ਬਾਜਾਰ ਜਲੰਧਰ ਸ਼ਹਿਰ ਖਜਾਨਚੀ, ਸ਼੍ਰੀਮਤੀ ਰਾਮਾ ਬਾਈ ਪਿੰਡ ਸਾਂਗਲਾ ਜਿਲ੍ਹਾ ਹੁਸ਼ਿਆਰਪੁਰ, ਸ਼੍ਰੀਮਤੀ ਠਾਕੁਰ ਰਾਣੀ ਬਾਈ ਪਤਨੀ ਸਰਦਾਰ ਰੱਲਾ ਸਿੰਘ ਚੱਕ ਨੰ: 86 ਜਿਲ੍ਹਾ ਮਿੰਟਗੁਮਰੀ ਅਤੇ 28 ਹੋਰ ਵਿਅਕਤੀ ਕਾਰਜਕਾਰਨੀ ਦੇ ਮੈਂਬਰ ਲਏ ਗਏ। ਸੱਤਵੀਂ ਸਲਾਨਾ ਕਾਨਫਰੰਸ ਵਿਚ ਸਰਵ ਸੰਮਤੀ ਨਾਲ ਚੌਦਾਂ ਮਤੇ ਪਾਸ ਕੀਤੇ-ਮੰਡਲ ਨੂੰ ਰਜਿਸਟਰ ਕੀਤਾ ਜਾਵੇ ਅਤੇ ਨਵੀਂ ਖਰੀਦੀ ਜ਼ਮੀਨ ਦੀ ਰਜ਼ਿਸਟਰੀ ਮੰਡਲ ਦੇ ਨਾਂ ਕਰਵਾਈ ਜਾਵੇ।

1 ਅੱਜ ਤੋਂ ਮੰਡਲ ਨੂੰ 'ਦੀ ਪੰਜਾਬ ਆਦਿ-ਧਰਮ (ਡਿਪ੍ਰੈਸਡ ਕਲਾਸਿਜ਼ ਫੈਡਰੇਸ਼ਨ) ਦੇ ਨਾਂ ਨਾਲ ਬੁਲਾਇਆ ਜਾਵੇ।

2 ਹਰ ਜਿਲ੍ਹੇ ਵਿਚ ਮੰਡਲ ਦੇ ਦਫਤਰ ਖੋਲ੍ਹੇ ਜਾਣ।

3 ਜਨਰਲ ਸਕੱਤਰ ਹਰ ਮਹੀਨੇ ਹਿਸਾਬ ਕਿਤਾਬ ਦੇਖੇਗਾ।

4 ਰਾਜਾ ਮੁੰਜੇ ਪੈਕਟ ਦਾ ਵਿਰੋਧ ਕੀਤਾ ਗਿਆ।

5 ਵਿਧਾਨ ਪ੍ਰੀਸ਼ਦਾਂ, ਜਿਲ੍ਹਾ ਬੋਰਡਾਂ ਅਤੇ ਮਿਉਸਪਲ ਕਮੇਟੀਆਂ ਵਿਚ ਨਾਮਜ਼ਦਗੀ। ਸਿੱਖਿਆ ਵਿਚ ਵਿਸ਼ੇਸ ਰਿਆਇਤਾਂ ਦੇਣ ਅਤੇ ਜੇ.ਵੀ. ਟ੍ਰੇਂਡ ਅਧਿਆਪਕਾਂ ਨੂੰ ਨਿ-ਯੁਕਤੀਆਂ ਦੇਣ ,ਸਰਕਾਰ ਵਲੋਂ ਡਿਪ੍ਰੈਸਿਡ ਕਾਲਸਿਜ਼ ਦੀ ਫੌਜ਼ ਅਤੇ ਪੁਲਿਸ ਵਿਚ ਭਰਤੀ ਸਮੇਂ ਕੇਸਾਂ ਤੇ ਇਤਰਾਜ਼ ਨੂੰ ਯੋਗ ਨਾ ਠਹਿਰਾਇਆ। ਆਦਿ ਧਰਮ ਮਹਾਂ ਸਭਾ ਅਕਲੀਆਂ ਨੂੰ ਅਤੇ ਇਸ ਵਲੋਂ ਖੋਲ੍ਹੇ ਅਦਾਰਿਆਂ ਨੂੰ ਆਦਿ ਧਰਮ ਮੰਡਲ ਵਜੋਂ ਮਾਨਤਾ ਦੇਣਾ ਆਦਿ ਮਤੇ ਪਤਾ ਕੀਤੇ।

### ਆਦਿ ਧਰਮ ਮੰਡਲ ਦਾ ਸ਼ਿਮਲੇ ਵਿਚ ਡੈਲੀਗੇਟ ਇਜਲਾਸ

27 ਅਤੇ 28 ਅਗੱਸਤ 1932 ਨੂੰ ਬਾਬੂ ਚੁੰਨੀ ਲਾਲ ਥਾਂਪਰ ਵਾਲਮੀਕਿ ਲੀਡਰ ਦੀ ਪ੍ਰਧਾਨਗੀ ਹੇਠ ਸ਼ਿਮਲੇ ਵਿਖੇ ਆਦਿ-ਧਰਮ ਮੰਡਲ ਦੀ ਡੈਲੀਗੇਟ ਕਾਨਫਰੰਸ ਹੋਈ। ਫਿਰਕੇਦਰਾਨਾ ਅਵਾਰਡ ਪੰਜਾਬ ਦੀਆਂ ਡਿਪ੍ਰੈਸਡ ਕਲਾਸਿਜ਼ ਨੂੰ ਅਣਗੌਲਣ ਦੀ ਸਖਤ ਸ਼ਬਦਾਂ ਵਿੱਚ ਨਿੰਦਿਆ ਕੀਤੀ ਗਈ ਅਤੇ ਸਾਰੀਆਂ ਜਾਂਤਾ ਨੂੰ ਆਪਣੇ ਵਿਤਕਰੇ ਭੁਲਾ ਕੇ ਅਵਾਰਡ ਦੀ ਵਿਰੋਧਤਾ ਕਰਨ ਦੀ ਅਪੀਲ ਕੀਤੀ ਗਈ। ਬਾਬੂ ਮੰਗੂ ਰਾਮ ਮੁੱਗੋਵਾਲੀਆ ਜੀ ਦੀ ਅੱਗਵਾਈ ਹੇਠ ਵਿਸ਼ਾ ਕਮੇਟੀ ਨੇ ਕਾਨਫਰੰਸ ਦੇ ਖੁੱਲੇ ਸੈਸ਼ਨ ਵਿੱਚ ਸਰਬ ਸੰਮਤੀ ਨਾਲ ਪਾਸ ਕੀਤਾ ਤੇ ਇਹ ਕਾਨਫਰੰਸ ਫਿਰਕੇਦਾਰਾਨਾ ਅਵਾਰਡ ਵਿੱਚ ਪੰਜਾਬ ਦੇ ਅਛੂਤਾਂ ਨੂੰ ਛੱਡਣ ਤੇ ਡੂੰਘੀ ਨਰਾਜ਼ਗੀ ਅਤੇ ਨਿਰਾਸ਼ਾ ਦਾ ਪ੍ਰਗਟਾਅ ਕਰਦੀ ਹੈ। ਅਤੇ ਬਾਬੂ ਮੰਗੂ ਰਾਮ ਮੁੱਗੋਵਾਲੀਆ, ਪ੍ਰਧਾਨ ਆਦ ਧਰਮ ਮੰਡਲ, ਪੰਜਾਬ ਵਲੋਂ ਡਿਸਪ੍ਰੈਸਡ ਕਲਾਸਿਜ਼ ਨੂੰ ਬਣਦੀ ਨੁਮਾਇੰਦਗੀ ਦਾ ਯਾਦ ਪੱਤਰ ਭਾਰਤ ਸਰਕਾਰ ਨੂੰ ਦਿੱਤੇ ਦਾ ਪੂਰਨ ਸਮੱਰਥਨ ਕਰਦੀ ਹੈ।

ਕਾਨਫਰੰਸ ਨੇ ਮਤਾ ਪਾਸ ਕੀਤਾ ਕਿ 2 ਹਫਤਿਆਂ ਵਿੱਚ ਤਸੱਲੀ ਬਖਸ਼ ਜੁਆਬ ਦੇਣ ਲਈ ਸਰਕਾਰ ਨੂੰ ਕਿਹਾ ਕਿ ਵਰਨਾ ਕਾਰਜਕਾਰਨੀ ਚੋਣਾਂ ਦੇ ਬਾਈਕਾਟ ਦਾ ਮਤਾ ਪਾਸ ਕਰਕੇ ਡਿਪ੍ਰੈਸਡ ਕਲਾਸਿਜ਼ ਨੂੰ ਆਪਣੇ ਹੱਕ ਪ੍ਰਾਪਤ ਕਰਨ ਲਈ ਬਣਦੇ ਤੌਰ ਤਰੀਕੇ ਅਪਣਾਉਣ ਲਈ ਕਹੇਗੀ।

ਕਾਨਫਰੰਸ ਵਿੱਚ ਮਤਾ ਪਾਸ ਕੀਤਾ ਕਿ ਪੰਜਾਬ ਦੀਆ ਡਿਪ੍ਰੈਸਡ ਕਲਾਸਜ਼ ਵਲੋ ਇੱਕ ਡੈਪੂਟੇਸ਼ਨ ਇੰਗਲੈਂਡ ਭੇਜਿਆ ਜਾਵੇ ਤਾਂ ਜੋ ਇੰਨਸਾਫ ਪ੍ਰਾਪਤ ਕੀਤਾ ਜਾ ਸਕੇ। ਕਾਨਫਰੰਸ ਨੇ ਸਰਕਾਰ ਨੂੰ ਇੱਕ ਕਮੇਟੀ ਬਣਾਉਣ ਲਈ ਅਪੀਲ ਕੀਤੀ ਤਾਂ ਜੋ ਸੰਭਾਵੀ ਸਵਿਧਾਨ ਵਿੱਚ ਡ੍ਰਿਰੈਸਡ ਕਲਾਸਜ਼ਿ ਨੂੰ ਯੋਗ ਨੁਮਾਇੰਦਗੀ ਯਕੀਨੀ ਬਣਾਇਅ ਜਾ ਸਕੇ। ਇਸ ਕਮੇਟੀ ਦੇ ਅੱਧੇ ਮੈਂਬਰ ਇਨ੍ਹਾਂ ਵਰਗਾਂ ਵਿੱਚੋਂ ਲੈਣ ਲਈ ਕਿਹਾ ਸਫਾਈ ਸੇਵਕਾਂ ਅਤੇ ਹੋਰ ਮੁਲਾਜ਼ਮਾਂ ਲਈ ਘੱਟ ਤੋਂ ਘੱਟ 30 ਰੁਪਏ ਮਹੀਨਾ ਤਨਖਾਹ ਲੈਣ ਦੀ ਮੰਗ ਕੀਤੀ।

ਇਸ ਕਾਨਫਰੰਸ ਵਿੱਚ ਸਰਕਾਰ ਨੂੰ ਡਿਪ੍ਰੈਸਡ ਕਲਾਸਿਜ਼ ਤੋਂ ਟੈਕਸ ਨਾ ਉਗਰਾਉਣ ਲਈ ਕਿਹਾ ਗਿਆ ਕਿਉਂਕਿ ਇਨ੍ਹਾਂ ਨੂੰ ਇਨਸਾਨ ਨਹੀਂ ਸਮਝਿਆ ਜਾਂਦਾ ਅਤੇ ਦੂਸਰਾ ਫਿਰਕੇਦਾਰਾਨ ਅਵਾਰਡ ਵਿੱਚ ਵੀ ਇਹੋ ਸਲੂਕ ਸਰਕਾਰ ਨੇ ਕੀਤਾ ਹੈ।

ਕਾਨਫਰੰਸ ਨੇ ਬਾਬੂ ਮੁੱਗੋਵਾਲੀਆ ਅਤੇ ਬਾਬੂ ਚੂਨੀ ਲਾਲ ਥਾਪਰ ਨੂੰ ਪੰਜਾਬ ਦੇ ਡ੍ਰਿਰੈਸਡ ਕਲਾਸਿਜ਼ ਵਲੋ ਕੇਂਦਰੀ ਸਰਕਾਰ ਅਤੇ ਅੰਗਰੇਜ਼ ਸਰਕਾਰ ਨਾਲ ਗੱਲਬਾਤ ਕਰਨ ਦਾ ਅਧਿਕਾਰ ਦਿੱਤਾ।

### ਰਿਫਾਰਮਜ਼ ਕਮਿਸ਼ਨਰ ਪੰਜਾਬ ਨੂੰ 1933 'ਚ ਮੈਮੋਰੰਡਮ:

ਬਾਬੂ ਮੁੱਗੋਵਾਲੀਆ ਨੇ 24 ਮਈ 1933 ਨੂੰ ਖਾਨ ਬਹਾਦੁਰ ਨਵਾਬ ਮੁਜ਼ੱਫਰ ਖਾਨ ਸੀ.ਆਈ.ਡੀ., ਰਿਫਾਰਮਜ਼ ਕਮਿਸ਼ਨਰ ਪੰਜਾਬ ਅਤੇ ਜੁਆਇੰਟ ਸੈਕਰੇਟਰੀ, ਟ੍ਰਾਂਸਫਰਡ ਮਹਿਕਮਾ, ਪੰਜਾਬ ਸਰਕਾਰ ਨੂੰ ਆਪਣੀਆਂ ਮੰਗਾਂ ਪੇਸ਼ ਕੀਤੀਆਂ ।

1. ਪਹਿਲੀ ਮੰਗ- ਸਰਕਾਰ ਵਲੋਂ ਅਨੁਸੂਚਿਤ ਜਾਤੀਆਂ ਦੀ ਲਿਸਟ ਛੇ ਨੂੰ ਪੂਰਨ ਦੱਸਦਿਆਂ ਕਿਹਾ ਕਿ ਸ਼ੁੱਧੀਕਰਨ ਹਿੰਦੂਆਂ ਨੂੰ ਇਸ ਵਿਚ ਸ਼ਾਮਿਲ ਨਾ ਕੀਤਾ ਜਾਏ। ਕਿਉਂਕਿ ਜਦੋਂ ਹਿੰਦੂ ਧਰਮ ਅਪਨਾ ਲੈਂਦੇ ਹਨ ਤਾਂ ਉਨ੍ਹਾਂ ਨੂੰ ਹਿੰਦੂਆਂ ਵਲੋਂ ਸਿਖਾਇਆ ਜਾਂਦਾ ਹੈ , ਉਹ ਅਛੂਤਾਂ ਨਾਲ ਕੋਈ ਸਬੰਧ ਨਾ ਰੱਖੇ।

2. ਦੂਜੀ ਮੰਗ- ਹੈਰਾਨੀ ਦੀ ਗੱਲ ਹੈ ਕਿ ਜਦੋਂ ਅਸੀਂ ਆਦਿ ਕਹਿੰਦੇ ਹਾਂ ਕਿ ਸਾਨੂੰ 'ਵੱਖਰੇ ਚੋਣ ਖੇਤਰ ਪ੍ਰਬੰਧ' ਚਾਹੀਦਾ ਹੈ ਕਿਉਂਕਿ ਅਸੀਂ ਹਿੰਦੂ ਨਹੀਂ ਅਛੂਤ ਹਾਂ। ਤਾਂ ਹੰਕਾਰੀ ਹਿੰਦੂ ਕਹਿੰਦੇ ਹਨ: ਪੰਜਾਬ ਵਿੱਚ ਕੋਈ ਅਛੂਤ ਨਹੀਂ ਹਨ''। ਹੁਣ ਜਦੋਂ ਅਛੂਤਾਂ ਨੂੰ ਹੱਕ ਮਿਲੇ ਹਨ ਤਾਂ ਹਿੰਦੂ ਇਤਰਾਜ਼ ਕਰਦੇ ਹਨ ਅਤੇ ਸ਼ੁਧੀਕਰਣ ਹੋਏ ਹਿੰਦੂਆਂ ਨੂੰ ਅਨੁਸੂਚਿਤ ਜਾਤੀਆਂ ਦੀ ਲਿਸਟ ਵਿਚ ਸ਼ਾਮਿਲ ਕਰਨਾ ਚਾਹੁੰਦੇ ਹਨ। ਇਸ ਤੋਂ ਸਾਫ ਦਿਖਾਈ ਦਿੰਦਾ ਹੈ ਕਿ ਹਿੰਦੂ ਆਦਿ ਧਰਮੀਆਂ ਨੂੰ ਮਿਲੇ ਹੱਕ ਖੋਹਣੇ ਚਾਹੁੰਦੇ ਹਨ ਪਰ ਅਸੀਂ ਸਰਕਾਰ ਵਲੋਂ ਐਲਾਨੀ ਅਨੁਸੂਚਿਤ ਜਾਤੀਆਂ ਦੀ ਲਿਸਟ ਤੋਂ ਸਤੁੰਸ਼ਟ ਹਾਂ।

3. ਤੀਜੀ ਮੰਗ – ਰਿਜ਼ਰਵੇਸ਼ਨ ਦਾ ਹੱਕ ਸਿਰਫ ਆਦਿ ਧਰਮੀਆਂ ਨੂੰ ਹੋਣਾ ਚਾਹੀਦਾ ਹੈ।ਕਿਉਂਕਿ ਉਹ ਹੀ ਅਛੂਤ ਹਨ। ਇੱਥੋਂ ਤੱਕ ਕਿ ਹਿੰਦੂ ਲੀਡਰ ਰਾਜਾ ਨਰਿੰਦਰ ਨਾਥ, ਮੈਂਬਰ ਗੋਲਮੇਜ਼ ਕਾਰਨਫਰੰਸ ਨੇ ਵੀ ਦੂਜੀ ਗੋਲਮੇਜ਼ ਕਾਨਫਰੰਸ ਲੰਡਨ ਵਿਚ ਜ਼ੋਰ ਦੇ ਕੇ ਕਿਹਾ , ਉਪੰਜਾਬ ਵਿਚ ਆਦਿਧਰਮੀਆਂ ਤੋਂ ਬਿਨਾਂ ਕੋਈ ਅਛੂਤ ਨਹੀਂ ਹੈ''। ਇਸੇ ਤਰ੍ਹਾਂ ਦਯਾਨੰਦ ਦਲਿਤ ਉਦਾਰ ਮੰਡਲ, ਹੁਸ਼ਿਆਰਪੁਰ ਨੇ ਕਿਹਾ ਹੈ ਅਤੇ ਇਡੀਅਨ ਫਰੈਂਚਾਈਜ਼ ਕਮੇਟੀ (ਲਾਰਡ ਲੋਥੀਅਨ ਕਮੇਟੀ) ਦੀਆਂ ਸਿਫਾਰਿਸ਼ਾਂ ਵਿਚ ਵੀ ਇਸੇ ਤਰ੍ਹਾਂ ਕਿਹਾ ਹੈ। ਇਸ ਲਈ ਆਦਿ ਧਰਮੀ ਹੀ ਇਸ ਹੱਕ ਦੇ ਯੋਗ ਹਨ ਅਤੇ ਜਿਨ੍ਹਾਂ ਨੇ ਇਹ ਹੱਕ ਪ੍ਰਾਪਤ ਕਰਨ ਲਈ ਕੁਰਬਾਨੀਆਂ ਦਿੱਤੀਆਂ ਹਨ ਜਦੋਂ ਕਿ ਸ਼ੁੱਧੀਕਰਣ ਹਿੰਦੂਆਂ ਨੇ ਨਾ ਤਾਂ ਕੁਰਬਾਨੀਆਂ ਦਿੱਤੀਆਂ ਹਨ ਨਾ ਹੀ ਉਹ ਇਹ ਹੱਕ ਪ੍ਰਾਪਤ ਕਰਨ ਲਈ ਖਾਹਿਸ਼ਮੰਦ ਹਨ। ਇਸ ਲਈ ਸ਼ੁੱਧੀਕਰਨ ਹੋਏ ਹਿੰਦੂਆਂ ਨੂੰ ਅਨੁਸੂਚਿਤ ਜਾਤੀਆਂ ਵਿੱਚ ਸ਼ਾਮਿਲ ਨਾ ਕੀਤਾ ਜਾਵੇ।

4. ਚੌਥੀ ਮੰਗ –ਸ਼ੁੱਧੀਕਰਣ ਹਿੰਦੂਆਂ ਨੂੰ ਕਦੇ ਵੀ ਅਨੁਸੂਚਿਤ ਜਾਤੀਆਂ ਵਿਚ ਸ਼ਾਮਿਲ ਨਾ ਕੀਤਾ ਜਾਵੇ ਕਿਉਂਕਿ ਜੇ ਉਨ੍ਹਾਂ ਨੂੰ ਸ਼ਾਮਿਲ ਕੀਤਾ ਤਾਂ ਗਰੀਬ ਆਦਿ-ਧਰਮੀ ਸਰਕਾਰ ਵਲੋਂ ਮਿਲੇ ਹੱਕਾਂ ਨੂੰ ਪ੍ਰਾਪਤ ਕਰ ਸਕਣਗੇ ਕਿਉਂ ਹਿੰਦੂ ਸਾਡੀਆਂ ਰਿਜ਼ਰਵ ਸੀਟਾਂ 'ਤੇ ਸਰਮਾਏਦਾਰ ਹੋਣ ਕਰਕੇ ਕਬਜ਼ਾ ਕਰ ਲੈਣਗੇ ਅਤੇ ਸ਼ੁੱਧੀਕਰਣ ਹਿੰਦੂ ਉਹਨਾ ਦੇ ਦਬਾਅ ਥੱਲੇ ਹਨ। ਇਸ ਤਰਾਂ ਗਰੀਬ ਆਦਿ-ਧਰਮੀ ਆਪਣੇ ਨੁਮਾਇਦਗੇ ਭੇਜਣ ਵਿੱਚ ਸਫਲ ਨਹੀ ਹੋਣਗੇ ਅਤੇ ਆਦਿ-ਧਰਮੀ ਤਬਾਹ ਹੋ ਜਾਣਗੇ। ਇਸ ਨਾਲ ਈਸਾਇਆਂ ਅਤੇ ਮੁਸਲਮਾਨਾ ਵਿੱਚਲੇ ਅਛੂਤ ਵੀ ਸਾਡੇ ਹੱਕ ਮੰਗਣਗੇ। ਇਸ ਲਈ ਸ਼ੁੱਧੀਕਰਣ ਹੋਏ ਹਿੰਦੂਆਂ ਨੂੰ ਅਨੁਸੂਚਿਤ ਜਾਤੀਆਂ ਦੀ ਲਿਸਟ ਵਿੱਚ ਸ਼ਾਮਿਲ ਨਾ ਕਤਿਾ ਜਾਵੇ।

5. ਪੰਜਵੀਂ ਮੰਗ:- ਸਾਡੇ ਲੋਕ ਗਰੀਬ ਹਨ ਇਸ ਲਈ ਪੜੇ ਲਿਖਿਆ ਨੂੰ ਚੋਣ ਮਹਿਕਮੇ ਵਿੱਚ ਭਰਤੀ ਖੀਤਾ ਜਾਵੇ ਅਤੇ ਡਿਪ੍ਰੈਸਡ ਕਲਾਸਜ ਦੀਆ ਵੋਟਾ ਬਣਾਉਣ ਵੇਲੇ ਖਾਸ ਧਿਆਨ ਦਿੱਤਾ ਜਾਵੇ। ਪੱਤਰ ਤੇ ਬਾਬੂ ਮੰਗੂ ਰਾਮ ਪ੍ਰਧਾਨ, ਹਜਾਰਾ ਰਾਮ ਪਿੱਪਲਾਂਵਾਲਾ ਜਨਰਲ ਸਕੱਤਰ , ਪੰਡਤ ਬਖਸ਼ੀ ਰਾਮ ਜਨਰਲ ਸਕੱਤਰ, ਅਤੇ ਬਾਬੂ ਡੋਗਰ ਮੱਲ ਉੱਪ ਪ੍ਰਧਾਨ ਪੰਜਾਬ ਬਾਲਮੀਕ ਅਛੂਤ ਐਸੋਸੀਏਸ਼ਨ ਜਲੰਧਰ ਸ਼ਹਿਰ ਦੇ ਨਾ ਹਨ।

ਇਸ ਪੱਤਰ ਤੇ The Punjab Ad-Dharmi (Depressed Casses ) Federation Jalandhar City ਅੰਗਰੇਜੀ ਅਤੇ ਉਰਦੂ ਵਿੱਚ ਛਪਿਆ ਹੈ ਖੱਬੇ ਹੱਥ ਡੱਬੀ ਵਿੱਚ ਅੰਗਰੇਜੀ ਵਿੱਚ ਛਪਿਆਂ ਹੈ (Principles)

1. To work in every way for the uplift for all Ad-Dharmi (Aborging depressed classes) of punjab generally calles Achhuts and Shudras especially.
2. To work without religious prejudge for the unity of all.
3. To obtain all political rights in cooperation with the government.
4. To keep government intouch with the true state of Ad-Dharmi's.
5. To organizes and execute by mean of publication of History Literature etc and to popularize arts and science by means of school , press and libraries .

### ਗਵਰਨਰ ਪੰਜਾਬ ਨੂੰ 1935 ਵਿੱਚ ਯਾਦ ਪੱਤਰ

ਬਾਬੂ ਮੰਗੂ ਰਾਮ ਮੁਗੋਵਾਲੀਆ ਨੇ 3 ਜਨਵਰੀ 1935 ਨੂੰ ਹੈਰਬਰਟ ਵਿਲੀਅਮ ਸੀ.ਐਸ. ਆਈ., ਸੀ. ਆਈ. ਈ., ਓ.ਬੀ. ਈ. ਗਵਰਨਰ, ਪੰਜਾਬ, ਲਾਹੌਰ ਨੂੰ ਹਜ਼ਾਰਾਂ ਆਦਿ ਧਰਮੀਆਂ ਸਣੇ ਇਕ ਮੈਮੋਰੰਡਮ ਦਿੱਤਾ। ਇਸ ਮੈਮੋਰੰਡਮ ਤੋਂ ਪਤਾ ਲੱਗਦਾ ਹੈ ਕਿ ਪਹਿਲੀ ਜੂਨ 1933 ਨੂੰ ਵੀ ਬਾਬੂ ਮੁੱਗੋਵਾਲੀਆ ਨੇ ਗਵਰਨਰ ਨੂੰ ਇਕ ਮੈਮੋਰੰਡਮ ਦਿੱਤਾ ਸੀ। 1933 ਦੇ ਮੈਮੋਰੰਡਮ ਸਬੰਧੀ ਪੰਜਾਬ ਸਰਕਾਰ ਲਾਹੌਰ ਦੇ ਮੁੱਖ ਸੱਕਤਰ ਨੇ ਪੱਤਰ ਨੰ.33246 ਜਨਰਲ ਮਿਤੀ 18 ਦਿਸੰਬਰ 1933 ਰਾਹੀਂ ਦੱਸਿਆ ਕਿ ਪੰਜਾਬ ਮੰਤਰੀ ਮੰਡਲ ਨੇ ਆਦਿ ਧਰਮੀਆਂ ਦੀਆਂ ਮੰਗਾਂ ਬਾਰੇ ਵਿਚਾਰ ਕਰਕੇ ਉਨ੍ਹਾਂ ਨੂੰ ਪੂਰਾ ਕਰਨ ਲਈ ਉਦਮ ਸ਼ੁਰੂ ਕਰ ਦਿੱਤੇ ਹਨ।

ਬਾਬੂ ਮੁੱਗੋਵਾਲੀਆ ਨੇ 1935 ਦੇ ਮੈਮੋਰੰਡਮ ਵਿਚ ਗਵਰਨਰ ਨੂੰ ਲਿਖਿਆ ਕਿ ਪੰਜਾਬ ਸਰਕਾਰ ਵਲੋਂ ਬਗਾਰ ਪ੍ਰਥਾ ਜਾਰੀ ਹੈ ਖਾਸ ਕਰ ਜਿਲਾ ਕਾਂਗੜਾ ਵਿੱਚ ਮੁਰਦਿਆਂ ਨੂੰ ਚੁੱਕਣ ਲਈ ਮਜ਼ਬੂਰ ਕੀਤਾ ਜਾਂਦਾ ਹੈ। ਇਸ ਵਾਰੇ ਜਿਲਾ ਅਧਿਕਾਰੀਆਂ ਨੂੰ ਲਿਖਿਆ, ਪਰ ਵਿਅਰਥ ਗਿਆ ਹੈ। ਪਰ ਬਾਬੂ ਜੀ ਨੇ ਗਵਰਨਰ ਨੂੰ ਲਿਖਿਆ ਕਿ ਉਹ ਅਧਿਕਾਰੀਆਂ ਨੂੰ ਸਖਤ ਹਦਾਇਤਾਂ ਕਰਨ। ਦਰਿਆ ਬਿਆਸ ਪਾਰ ਕਰਨ ਵੇਲੇ ਬੇੜੀ ਵਾਲੇ ਆਦਿ-ਧਰਮੀਆਂ ਨੂੰ ਬਿਠਾਉਂਦੇ ਨਹੀਂ ਜਦੋਂ ਕਿ ਦਰਿਆ ਸਰਕਾਰੀ ਜਾਇਦਾਦ ਹਨ।

ਬਾਬੂ ਨੇ ਅੱਗੇ ਲਿਖਿਆ ਕਿ ਮਿਉਂਸਪਲ ਕਮੇਟੀਆਂ ਅਤੇ ਜ਼ਿਲ੍ਹਾ ਬੋਰਡਾਂ ਵਿਚਲੇ ਗੈਰ-ਆਦਿਧਰਮੀ, ਆਦਿ ਧਰਮੀਆਂ ਤੇ ਪ੍ਰੋਫੈਸ਼ਨਲ ਟੈਕਸ ਮਨਮਰਜ਼ੀ ਨਾਲ ਲਾਉਂਦੇ ਹਨ ਜੋ ਕਿ ਬੇਇਨਸਾਫੀ ਹੈ। ਨੰਬਰਦਾਰ, ਸਫੈਦ ਪੋਸ਼, ਪਟਵਾਰੀ ਅਤੇ ਜ਼ੈਲਦਾਰ ਬਗਾਰ ਨਾ ਕਰਨ ਵਾਲੇ ਆਦਿ-ਧਰਮੀਆਂ ਤੇ ਮਨਮਰਜ਼ੀ ਦਾ ਟੈਕਸ ਲਾਕੇ ਪੁਲਿਸ ਰਾਹੀਂ ਪ੍ਰੇਸ਼ਾਨ ਕਰਦੇ ਹਨ। ਬਾਬੂ ਜੀ ਨੇ ਸਖਤ ਸ਼ਬਦਾਂ ਵਿਚ ਲਿਖਿਆ ਕਿ ਜੇ ਅਛੂਤ ਆਪਣਾ ਧਰਮ ਆਦਿ-ਧਰਮ ਦੱਸਦੇ ਹਨ ਤਾਂ ਉਨ੍ਹਾਂ ਤੇ ਪ੍ਰੋਫੈਸ਼ਨਲ ਟੈਕਸ ਠੋਕਕੇ ਲਾਇਆ ਜਾਂਦਾ ਹੈ। ਜੇ ਉਹ ਆਪਣਾ ਧਰਮ ਸਿੱਖ , ਹਿੰਦੂ, ਮੁਸਲਿਮ ਦੱਸਦੇ ਹਨ ਤਾਂ ਕੋਈ ਟੈਕਸ ਨਹੀਂ ਲਾਉਂਦੇ। ਬਾਬੂ ਜੀ ਨੇ ਆਦਿਧਰਮੀਆਂ 'ਤੋਂ ਇਸ ਟੈਕਸ ਨੂੰ ਹਟਾਉਣ ਦੀ ਅਪੀਲ ਕੀਤੀ। ਉਨ੍ਹਾਂ ਨੇ ਲੋਕਲ ਬਾਡੀਜ਼ ਵਿਚ ਆਦਿ ਧਰਮੀਆਂ ਦੀ ਨੁਮਾਇੰਦਗੀ 'ਤੇ ਜ਼ੋਰ ਦਿੱਤਾ। ਉਨ੍ਹਾਂ ਨੇ ਜ਼ਿਲ੍ਹਾ ਹੁਸ਼ਿਆਰਪੁਰ ਦੀ ਤਹਿਸੀਲ ਦਸੂਹਾ ਦੇ ਪਿੰਡ ਰਲਹਣ ਵਿਚ ਅਫਸਰਾਂ ਵਲੋਂ ਆਦਿਧਰਮੀਆਂ 'ਤੇ ਕੀਤੇ ਜੁਲਮਾਂ ਲਈ ਇੰਨਕੁਆਰੀਆਂ ਕਰਵਾਉਣ ਤੇ ਵੀ ਜੋਰ ਦਿੱਤਾ।

ਬਾਬੂ ਜੀ ਨੇ ਆਦਿ ਧਰਮੀਆਂ ਨੂੰ ਉਨ੍ਹਾਂ ਦੀ ਆਬਾਦੀ ਅਨੁਸਾਰ ਸਰਕਾਰੀ ਨੋਕਰੀਆਂ ਵਿੱਚ ਰਿਜਰਵਰੇਸ਼ਨ ਤੇ ਜੋਰ ਦਿੱਤਾ। 1901 ਈ. ਵਿੱਚ ਆਦਿ-ਧਰਮੀਆਂ ਨੂੰ ਦਬਾਉਣ ਲਈ ਪੰਜਾਬ ਭੂੰਮੀ ਇੰਤਕਾਲ ਆਰਜੀ ਐਕਟ ਬਣਿਆ ਜਿਸ ਨੂੰ ਬਾਬੂ ਜੀ ਨੇ ਆਦਿ-ਧਰਮੀਆਂ ਨੂੰ ਦਬਾਉਣ ਵਾਲਾ ਐਲਾਨਦਿਆਂ ਰੱਦ ਕਰਨ ਲਈ ਕਿਹਾ ਤਾ ਜੋ ਆਦਿ-ਧਰਮੀ ਆਪਣੀ ਰਿਹਾਇਸ਼ ਲਈ ਥਾਂ ਖਰੀਦ ਸਕਣ। ਸਰਕਾਰ ਵਲੋਂ ਨਵੇ ਸਵਿਧਾਨ ਵਿੱਚ ਐਲਾਨੀਆਂ ਅਨੁਸੂਚਿਤ ਜਾਤੀਆਂ ਦੀ ਲਿਸਟ ਵੇਖ ਕੇ ਵੱਖ ਵੱਖ ਮਹਿਕਮਿਆਂ ਵਿੱਚ ਭੇਜਣ ਬਾਰੇ ਅਤੇ ਇਹਨਾ ਜਾਂਤਾ ਦਾ ਧਰਮ ਅਦਿ-ਧਰਮ ਮੰਨਣ ਬਾਰੇ ਵੀ ਗਵਰਨਰ ਨੂੰ ਲਿਖਿਆ। ਇਹ ਮੈਮੋਰੰਡਮ ਅੰਗਰੇਜੀ ਵਿੱਚ ਪਾਪੂਲਰ ਪ੍ਰੈਸ ਜਲੰਧਰ ਸ਼ਹਿਰ ਤੋਂ ਛਪਵਾ ਕੇ ਵੰਡਿਆ ਗਿਆ। ਸਾਡੇ ਕੋਲ ਮੈਨੋਰੰਡਮ ਦੀ ਕਾਪੀ ਉੱਪਰ ਬਾਬੂ ਹਜਾਰਾ ਰਾਮ ਪਿੱਪਲਾਂਵਾਲਾ ਦੇ ਹਸਤਾਖਰ ਅਤੇ ਆਦਿ-ਧਰਮ ਮੰਡਲ ਆਫ ਪੰਜਾਬ ਦੀ ਪੰਜਾਬੀ /ਅੰਗਰੇਜੀ ਵਿੱਚ ਮੋਹਰ ਲੱਗੀ ਹੋਈ ਹੈ ਜਿਸ ਦੇ ਵਿੱਚਕਾਰ ਸੋਹੰ ਲਿਖਿਆਂ ਹੋਇਆ ਹੈ।

### ਰਿਫਾਰਮਜ ਕਮਿਸ਼ਨਰ ਸ਼ਿਮਲਾ ਨੂੰ 1935 ਵਿੱਚ ਯਾਦ ਪੱਤਰ

ਬਾਬੂ ਮੰਗੂ ਰਾਮ ਮੁਗੋਵਾਲੀਆ ਨੇ 18 ਸਤੰਬਰ 1935 ਨੂੰ ਰਿਫਾਰਮਜ਼ ਕਮਿਸ਼ਨਰ ਅਤੇ ਜਾਇੰਟ ਸੈਕਟਰੀ, ਟ੍ਰਾਂਸਪਫਰਡ ਡਿਪਾਰਟਮੈਂਟ, ਪੰਜਾਬ ਸਰਕਾਰ, ਸ਼ਿਮਲਾ ਨੂੰ ਹਜ਼ਾਰਾਂ ਦੀ ਗਿਣਤੀ ਵਿੱਚ ਮਿਲ ਕੇ ਇੱਕ ਮੈਮੋਰੈਡਮ ਦਿੱਤਾ। ਪੰਜਾਬ ਸਰਕਾਰ ਨੇ ਇਸ ਤੋ ਪਹਿਲਾਂ 13 ਅਗਸਤ ਅਤੇ ਸਤੰਬਰ 1935 ਨੂੰ ਕ੍ਰਮਵਾਰ ਅਸਥਾਈ ਪੰਜਾਬ ਅਸੰਬਲੀ ਹਲਕਿਆਂ ਦਾ ਐਲਾਨ ਕਰ ਦਿੱਤਾ ਗਿਆ।

ਬਾਬੂ ਜੀ ਨੇ ਅੰਮ੍ਰਿਤਸਰ ਅਤੇ ਜਲੰਧਰ ਜਿਲ੍ਹਿਆਂ ਦੀ ਇੱਕ ਸੀਟ ਐਲਾਨਣ ਦਾ ਵਿਰੋਧ ਕਰਦਿਆਂ ਕਿਹਾ ਕਿ ਜਲੰਧਰ ਅਤੇ ਅੰਮ੍ਰਿਤਸਰ ਜਿਲ੍ਹਿਆਂ ਨੂੰ ਦੋ ਸੀਟਾਂ ਚਾਹੀਦੀਆਂ ਹਨ । ਇੱਕ ਸੀਟ ਜਲੰਧਰ ਅਤੇ ਦੂਜੀ ਅਮ੍ਰਿਤਸਰ ਜ਼ਿਲ੍ਹੇ ਦੀ । ਬਾਬੂ ਜੀ ਨੇ ਦਲੀਲ ਦਿੱਤੀ ਕਿ ਕਿਉਂਕਿ ਬਹੁਗਿਣਤੀ ਆਦਿ-ਧਰਮੀ ਪਿੰਡਾ ਵਿੱਚ ਰਹਿੰਦੇ ਹਨ ਇਸ ਲਈ ਇਨ੍ਹਾਂ ਸੀਟਾਂ 'ਤੇ ਪੇਂਡੂ ਉਮੀਦਵਾਰਾਂ ਨੂੰ ਹੀ ਖੜ੍ਹੇ ਕਰਨ ਦਾ ਨਿਯਮ ਹੋਣਾ ਚਾਹੀਦਾ ਹੈ । ਉਸ ਸਮੇਂ ਪੇਡੂ ਅਤੇ ਸ਼ਹਿਰੀ ਸੀਟਾਂ ਦੀ ਰਿਜ਼ਰਵ ਸੀਟਾਂ ਵਿੱਚ ਸਿਰਫ ਪੇਂਡੂ ਖੇਤਰ ਵਿੱਚੋਂ ਹੀ ਬਣਨ। 5 ਸਤੰਬਰ 1935 ਵਿੱਚ ਅਸੰਬਲੀ ਹਲਕਿਆਂ ਵਿੱਚ ਤਬਦੀਲੀ ਕਰਨ ਤੇ ਜ਼ੋਰ ਦਿੰਦਿਆਂ ਉਨ੍ਹਾਂ ਨੇ ਕਿਹਾ ਜੇ ਹੱਦਬੰਦੀ ਕਮੇਟੀ (Delimitation Committee) ਸਾਹਮਣੇ ਜੁਬਾਨੀ ਗਵਾਹੀ ਦੇਣਾ ਵੀ ਸਮਝਿਆ ਤਾਂ ਉਹ ਆਪਣਾ ਪੱਖ ਪੇਸ਼ ਕਰਨ ਲਈ ਤਿਆਰ ਹਨ। ਇਸ ਯਾਦ ਪੱਤਰ ਵਿੱਚ ਬਾਬੂ ਮੰਗੂ ਰਾਮ ਮੁਗੋਵਾਲੀਆ, ਬਾਬੂ ਹਜ਼ਾਰਾ ਰਾਮ ਪਿੱਪਲਾਂਵਾਲਾ ਜਨਰਲ ਸਕੱਤਰ, ਸੰਤ ਰਾਮ ਅਜ਼ਾਦ ਮਿਸ਼ਨਰੀ, ਸੇਠ ਕਿਸ਼ਨ ਦਾਸ ਵਿੱਤ ਸਰਕਾਰ ਅਤੇ ਮਾਸਟਰ ਗੁਰਬੰਤਾ ਸਿੰਘ ਜਨਰਲ ਸਕੱਤਰ ਦੇ ਨਾਂ ਛਪੇ ਹਨ। ਪਾਪੂਲਰ ਪ੍ਰੈਸ, ਜਲੰਧਰ ਸ਼ਹਿਰ ਵਿੱਚ ਇਹ ਪੱਤਰ ਛਪਿਆ।

### ਮੁੱਖ ਮੰਤਰੀ ਨੂੰ ਰੋਸ ਪੱਤਰ

ਬਾਬੂ ਮੁਗੋਵਾਲੀਏ ਨੇ 11-04-1942 ਨੂੰ ਮੁੱਖ ਮੰਤਰੀ ਪੰਜਾਬ ਨੂੰ ਇੱਕ ਰੋਸ ਪੱਤਰ ਲਿਖਿਆ ਕਿ ਜਿਸ ਤਰਾਂ ਦੂਜੀਆਂ ਕੌਮਾਂ ਨੂੰ ਦੂਜੀ ਸੰਸਾਰ ਜੰਗ ਵਿੱਚ ਫੌਜ ਵਿੱਚ ਭਰਤੀ ਕਰਨ ਤੇ ਜਮੀਨਾਂ ਅਲਾਟ ਕੀਤੀਆ ਹਨ ਉਸੇ ਤਰਾਂ ਆਦਿ-ਧਰਮੀਆਂ ਨੂੰ ਵੀ ਜਮੀਨਾਂ ਅਲਾਟ ਕੀਤੀਆ ਜਾਣ। ਇਸ ਪੱਤਰ ਵਿੱਚ ਪਤਾ ਲੱਗਦਾ ਹੈ ਕਿ ਸਰਕਾਰ ਵਲੋ ਆਦਿ-ਧਰਮੀਆਂ ਨੂੰ ਵੀ ਜਮੀਨਾਂ ਅਲਾਟ ਕਰਨ ਦੀ ਸਕੀਮ ਬਣਾਈ ਹੋਈ ਹੈ। ਇਸ ਪੱਤਰ ਵਿੱਚ ਸੂਚੀ ਹੈ ਕਿ ਕਿਹੜੇ-ਕਿਹੜੇ ਸਥਾਨਾਂ ਤੇ ਆਦਿ-ਧਰਮੀਆਂ ਨੂੰ ਫੌਜ ਵਿੱਚ ਭਰਤੀ ਹੋਣ ਲਈ ਆਦਿ-ਧਰਮੰਡਲ ਨੇ ਕਾਨਫਰੰਸਾਂ ਕੀਤੀਆਂ ਜਿਵੇਂ ਕਿ ਕਾਲਾ ਬੱਕਰਾ ਜਲੰਧਰ, ਪਿੱਪਲਾਂਵਾਲਾ, ਮਾਹਿਲਪੁਰ, ਹਰਿਆਣਾ ਹਾਜੀਪੁਰ, ਜਿਲਾ ਹੁਸ਼ਿਆਰਪੁਰ, ਜਗਰਾਂਓ, ਪੀਰੋਂ ਦਾਖਾ, ਡੇਹਲੋਂ, ਜਿਲਾ ਲੁਧਿਆਣਾ, ਜਿਲਾ ਲਾਇਲਪੁਰ ਜੋ ਕਿ ਅੱਜਕੱਲ ਪਾਕਿਸਤਾਨ ਵਿੱਚ ਹੈ ,ਦਰੋਕਾ ਜਿਲਾ ਕਾਂਗੜਾਂ, ਮਿੰਟ-ਗੁੰਮਟੀ, ਮੁਲਤਾਨ, ਸਰਗੋਧਾ, ਸ਼ੈਖੂਪੁਰਾ, ਲਾਹੌਰ (ਹੁਣ ਪਾਕਿਸਤਾਨ 'ਚ), ਅੰਮ੍ਰਿਤਸਰ, ਗੁਰਦਾਸਪੁਰ ਅੰਬਾਲਾ (ਹੁਣ ਹਰਿਆਣਾ ਵਿੱਚ) ਅਤੇ ਸ਼ਿਮਲਾ ਜੋ ਕਿ ਅੱਜਕੱਲ ਹਿਮਾਚਲ ਪ੍ਰਦੇਸ਼ ਵਿੱਚ ਆਦਿ। ਇਸ ਪੱਤਰ ਉੱਪਰ ਬਾਬੂ ਮੰਗੂਰਾਮ ਮੁਗੋਵਾਲੀਆ ਪ੍ਰਧਾਨ, ਬਾਬੂ ਸ਼ਾਮ ਲਾਲ ਸਕੱਤਰ (ਬਾਬੂ ਲੱਭੂ ਰਾਮ ਸੂਚੀ ਪਿੰਡ ਪ੍ਰਧਾਨ ਪ੍ਰਬੰਧਕੀ ਕਮੇਟੀ ) ਬਾਬੂ ਰਾਮ ਚੰਦ ਸਹਾਇਕ ਸਕੱਤਰ ਅਤੇ ਸੰਪਾਦਕ ਉਆਦਿ ਡੰਕਾਂ ''ਬਾਬੂ ਸੰਤ ਰਾਮ ਅਜਾਦ ਮਿਸ਼ਨਰੀ ਸੇਠ ਕਿਸ਼ਨ ਦਾਸ ਐਮ.ਐਲ.ਏ ਖਜਾਨਚੀ , ਬਾਬੂ ਸੰਸਾਰ ਚੰਦ ਮਹਾਂ ਉੱਪਦੇਸ਼ਕ, ਪੂਰਨ ਚੰਦ ਰਮਤਾ ਪ੍ਰਚਾਰਕ, ਖੇਮ ਚੰਦ ਪ੍ਰਚਾਰਕ (ਇਹਨਾ ਦੇ ਨਾਮ ਤੇ ਲੀਕ ਵੱਜੀ ਹੈ) ਦੋ ਨਾਮ ਟਾਈਪ ਹਨ।

### ਗਵਰਨਰ ਪੰਜਾਬ ਨੂੰ ਯਾਦ ਪੱਤਰ

18-05-1934 ਨੂੰ ਬਾਬੂ ਮੰਗੂ ਰਾਮ ਮੁਗੋਵਾਲੀਆ ਜੀ ਨੇ ਪੰਜਾਬ ਦੇ ਗਵਰਨਰ ਨੂੰ ਇੱਕ ਮੈਮੋਰੰਡਮ ਦਿੱਤਾ ਕਿ ਆਦਿ-ਧਰਮੀ ਲੜਕੀਆਂ ਨਾਲ ਹਿੰਦੂ ਸਿੱਖ ਸਰਮਾਏਦਾਰ ਜਗੀਰਦਾਰਾਂ ਨੇ ਬਲਾਤਕਾਰ ਕੀਤੇ ਜਿਹਨਾ ਦੇ ਨਾਂ ਪਤੇ ਦਿੱਤੇ ਹਨ ਜੋ ਜ਼ਿਲ੍ਹਾ ਹੁਸ਼ਿਆਰਪੁਰ, ਜਲੰਧਰ ਅਤੇ ਲੁਧਿਆਣੇ ਨਾਲ ਸਬੰਧਤ ਹਨ ।

ਇਸ ਲਈ ਸ਼ਾਰਧਾ ਐਕਟ ਨੂੰ ਜੁੰਮੇਵਾਰ ਦੱਸਿਆ। ਪ੍ਰੋਫੈਸ਼ਨਲ ਟੈਕਸ ਨੂੰ ਆਦਿ-ਧਰਮੀਆਂ ਨੂੰ ਦਬਾਉਣ ਵਾਲਾ ਦੱਸਿਆ ਕਿ ਜੇ ਉਹ ਆਪਣਾ ਧਰਮ ਹਿੰਦੂ , ਸਿੱਖ, ਇਸਲਾਮ ਦੱਸਣ ਤਾਂ ਇਹ ਟੈਕਸ ਨਹੀ ਲਾਉਦੇ। ਇਸ ਦਾ ਹੱਲ ਦੱਸਦਿਆ ਬਾਬੂ ਮੰਗੂ ਰਾਮ ਮੁਗੋਵਾਲੀਆ ਨੇ ਲਿਖਿਆ ਕਿ ਸਾਨੂੰ ਸ਼ਾਸ਼ਨ ਅਤੇ ਪ੍ਰਸ਼ਾਸ਼ਨ ਵਿੱਚ ਬਣਦਾ ਹੱਕ ਦਿੱਤਾ ਜਾਵੇ ਅਤੇ ਪ੍ਰੋਫੈਸ਼ਨਲ ਟੈਕਸ ਉਗਰਾਹਣ ਦੇ ਅਧਿਕਾਰ ਦੇਣ ਲਈ ਕਿਹਾ। ਤੀਜੀ ਮੰਗ ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਦੇਣ ਲਈ ਕੀਤੀ । ਇਹ ਯਾਦ ਪੱਤਰ ਵੀ ਕਿਸ਼ਨ ਸਟੀਮ ਪ੍ਰੈਸ ਰੇਲਵੇ ਰੋਡ ਜਲੰਧਰ ਸ਼ਹਿਰ ਵਿੱਚ ਛਪਿਆ ਹੈ।

ਇਹ ਤਾਂ ਕੁੱਝ ਦਸਤਾਵੇਜ ਜੋ ਆਪ ਦੇ ਸਨਮੁਖ ਰੱਖੇ ਹਨ। ਖੋਜ ਵਿਦਿਆਂਰਥੀਆਂ ਲਈ ਅੱਗੇ ਰੱਖੇ ਹਨ। ਅੰਤ ਵਿੱਚ ਕਿਸੇ ਸ਼ਾਇਰ ਦੇ ਸ਼ਬਦ ਦੁਹਰਾਉਣਾ ਚਾਹੁੰਦਾ ਹਾਂ:

ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਨਾਮ ਤੇ ਬਣੀਆਂ ਸੰਸਥਾਂ ਨੂੰ ਬੇਨਤੀ।

ਸਾਡੀ ਕੌਮ ਦੇ ਸਿਰਫ ਇੱਕੋ-ਇੱਕ ਮਹਾਨ ਲੀਡਰ, ਬਾਬੂ ਮੰਗੂ ਰਾਮ ਜੀ ਮੁੱਗੋਵਾਲੀਆਂ, ਜਿਨ੍ਹਾਂ ਨੇ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਨੂੰ ਗੁਰੂ ਧਾਰਿਆ ਅਤੇ ਭਗਤ ਰਵਿਦਾਸ ਨੂੰ ਗੁਰੂ ਰਵਿਦਾਸ ਦੀ ਮਾਨਤਾ ਭਾਰਤੀ ਸਮਾਜ ਤੋਂ ਸੰਘਰਸ਼ ਕਰਕੇ ਪ੍ਰਾਪਤ ਕੀਤੀ। ਸ਼੍ਰੀ ਗੁਰੂ ਰਵਿਦਾਸ ਮਹਾਰਾਜ ਦੇ ਨਾਮ ਤੇ ਬਣੀਆਂ ਸੰਸਥਾਂ ਅਤੇ ਹੋਰਨਾਂ ਸਮਾਜ ਭਲਾਈ ਸੰਸਥਾਵਾਂ ਨੂੰ ਬੇਨਤੀ ਹੈ ਕਿ ਹਰ ਸਾਲ ਬਾਬੂ ਜੀ ਦਾ ਜਨਮ ਦਿਨ ਅਤੇ ਬਰਸੀ ਮਨਾ ਕੇ ਸਾਡੇ ਸਮਾਜ ਦੇ ਇਸ ਚਾਨਣ ਮੁਨਾਰੇ ਦੀ ਮਿੱਠੀ ਯਾਦ ਨੂੰ ਤਾਜ਼ਾ ਰੱਖਣ।

ਉਹਨਾਂ ਮੰਗੂ ਰਾਮ ਦਾ ਭੁੱਲਣਾ ਨਹੀਂ ਚਾਹੀਦਾ,
ਹੀਰਾ ਅਨਮੋਲ ਮਿੱਟੀ ਵਿੱਚ ਰੁਲਣਾ ਨਹੀ ਚਾਹੀਦਾ''

**ਸੀ. ਐਲ ਚੁੰਬਰ**
**ਜਲੰਧਰ ਸ਼ਹਿਰ, ਪੰਜਾਬ (ਭਾਰਤ)**

'ਦੇਸ਼ ਦੁਆਬਾ' 'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.org